ਕੈਨੇਡਾ ਦਰਪਣ

ਅਗਸਤ 22, 1986

August 22, 1986

ਸੰਪਾਦਕ: ਦਰਸ਼ਨ ਗਿੱਲ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਕੈਨੇਡਾ ਦਰਪਣ ਦਾ ਇਹ ਅੰਕ ਚਰਨਜੀਤ ਕੌਰ ਗਿੱਲ ਤੋਂ ਪ੍ਰਾਪਤ ਹੋਇਆ।

ਸਪਤਾਹਿਕ
Second Class Mail Reg. No. 5991

ਕੈਨੇਡਾ ਦਰਪਣ

The Canada Darpan — Punjabi Weekly Newspaper

WEEKENDING AUGUST 22, 1986 Vol. 5 No. 32 Price 35¢ Out of Greater Vancouver 50¢ Ph. (604)581-4473

ਰੀਟਾਇਰਡ ਜਨਰਲ ਵੈਦਿਆ ਕਤਲ

ਕਤਲ ਬਦੇਸ਼ੀ ਖ਼ੁਫ਼ੀਆ ਏਜੰਸੀ ਨੇ ਕੀਤਾ?

ਬੰਬਈ — ਜੂਨ 1984 ਵਿਚ ਨੀਲਾ-ਤਾਰਾ ਐਕਸ਼ਨ ਵਿਚ ਭਾਗ ਲੈਣ ਵਾਲੇ ਇਕ ਜਰਨੈਲ ਵੈਦਿਆ ਦਾ ਮੋਟਰ ਸਾਈਕਲ ਸਵਾਰਾਂ ਨੇ ਕਤਲ ਕਰ ਦਿਤਾ ਹੈ। ਉਹ ਆਪਣੀ ਪਤਨੀ ਨਾਲ ਖਾਧ-ਖੁਰਾਕ ਦਾ ਸਾਮਾਨ ਲੈ ਕੇ ਸਟੋਰ ਤੋਂ ਘਰ ਪਰਤ ਰਿਹਾ ਸੀ।

ਕਿਹਾ ਜਾਂਦਾ ਹੈ ਕਿ ਉਸ ਦਾ ਕਤਲ ਸਿਖ ਅਤਿਵਾਦੀਆਂ ਨੇ ਕੀਤਾ। ਇਸ ਸਬੰਧ ਵਿਚ ਦਿੱਲੀ ਵਿਖੇ ਇਕ ਬਿਨਾਂ ਨਾਂ ਤੋਂ ਪੱਤਰ ਵਿਚ 'ਖਾਲਿਸਤਾਨ ਕਮਾਂਡੋ' ਨੇ ਇਸ ਦੀ ਜ਼ਿੰਮੇਂਵਾਰੀ ਲਈ ਹੈ।

ਰਾਜਨੀਤਕ ਦਰਸ਼ਕ ਇਹ ਕਿਆਸ ਕਰ ਰਹੇ ਹਨ ਕਿ ਇਹ ਕਤਲ ਸਿੱਖ ਅਤਿਵਾਦੀਆਂ ਨੇ ਨਹੀਂ ਕੀਤਾ, ਸਗੋਂ ਇਕ ਬਦੇਸ਼ੀ ਖੁਫੀਆ ਏਜੰਸੀ ਨੇ ਇਸ ਲਈ ਕਰਵਾਇਆ ਹੈ ਕਿ ਪੰਜਾਬ ਵਿਚ ਹੁਣ ਵੱਖਵਾਦੀ ਲਹਿਰ ਹੇਠਾਂ ਲਹਿ ਰਹੀ ਹੈ। ਇਸ ਨੂੰ ਜਿਉਂਦਿਆਂ ਰੱਖਣ ਲਈ ਇਹ ਕਤਲ ਕੀਤਾ ਗਿਆ ਹੈ। ਅਜਿਹੇ ਹੋਰ ਵੀ ਧਮਾਕੇ ਹੋਣ ਦੀਆਂ ਸੰਭਾਵਨਾਵਾਂ ਰੱਦ ਨਹੀਂ ਕੀਤੀਆਂ ਜਾ ਸਕਦੀਆਂ।

ਇਕ ਦਰਸ਼ਕ ਦਾ ਇਹ ਵੀ ਵਿਚਾਰ ਹੈ ਕਿ ਦਿੱਲੀ ਵਿਚ ਕੱਢਿਆ ਗਿਆ ਪੱਤਰ ਕਿਸੇ ਬਦੇਸ਼ੀ ਅੰਬੈਂਸੀ ਦੇ ਵਿਅਕਤੀ ਨੇ ਕੱਢਿਆ ਹੈ। ਜੋ ਕਿ ਖੁਫੀਆ ਤੌਰ ਉਪਰ ਵੱਖਵਾਦੀਆਂ ਨੂੰ ਭਾਰਤ ਵਿਚ ਅਤੇ ਬਦੇਸ਼ ਵਿਚ ਵੀ ਸਹਾਇਤਾ ਕਰ ਰਹੀ ਹੈ।

ਕਤਲ ਦੁਪਹਿਰ ਤੋਂ ਪਿਛੋਂ ਹੋਇਆ

10 ਅਗਸਤ ਨੂੰ ਬੰਬਈ ਤੋਂ 100 ਕਿਲੋਮੀਟਰ ਦੂਰ ਪੂਨਾ ਵਿਚ ਸਾਬਕਾ ਜਨਰਲ ਵੈਦਿਆ ਆਪਣੀ ਪਤਨੀ ਨਾਲ ਸ਼ਾਪਿੰਗ ਕਰਕੇ ਵਾਪਸ ਆ ਰਿਹਾ ਸੀ ਤਾਂ ਦੁਪਹਿਰ ਬਾਅਦ ਚਾਰ ਵਿਅਕਤੀਆਂ ਨੇ ਉਨ੍ਹਾਂ ਉਪਰ ਗੋਲੀ ਚਲਾਈ। ਵੈਦਿਆ ਥਾਂ ਤੇ ਹੀ ਪੂਰੇ ਹੋ ਗਏ ਪਰ ਉਨ੍ਹਾਂ ਦੀ ਪਤਨੀ ਜ਼ਖਮੀ ਹੋ ਗਈ। ਪੁਲਸ ਅਨੁਸਾਰ ਦੋ ਮੋਟਰ ਸਾਈਕਲ ਜਿਨ੍ਹਾਂ ਤੇ ਚਾਰ ਵਿਅਕਤੀ ਸਵਾਰ ਸਨ ਕਾਰ ਦੇ ਦੋਵੇਂ ਪਾਸੇ ਹੋ ਗਏ ਅਤੇ ਪਿਸਤੌਲਾਂ ਨਾਲ ਗੋਲੀਆਂ ਚਲਾਈਆਂ। ਗਰਮੀ ਕਾਰਨ ਕਾਰ ਦੇ ਸ਼ੀਸ਼ੇ ਥੱਲੇ ਕੀਤੇ ਹੋਏ ਸਨ।

ਜਨਰਲ ਵੈਦਿਆ, ਜਿਨ੍ਹਾਂ ਦੀ ਉਮਰ 60 ਸਾਲ ਸੀ, ਦੀ ਗਰਦਨ ਵਿਚ ਦੋ ਗੋਲੀਆਂ ਲੱਗੀਆਂ ਤੇ ਇਕ ਸਿਰ ਵਿਚ ਲੱਗੀ। ਉਨ੍ਹਾਂ ਦੀ ਪਤਨੀ ਭਾਨੂੰਮਤੀ ਉਨ੍ਹਾਂ ਨਾਲ ਮੂਹਰਲੀ ਸੀਟ ਉਤੇ ਸੀ। ਉਸਦੇ ਵੀ ਚਾਰ ਗੋਲੀਆਂ ਲੱਗੀਆਂ।

ਕਾਰ ਵਿਚ ਗਾਰਡ ਵੀ ਸੀ

ਪਤਾ ਲੱਗਾ ਹੈ ਕਿ ਤਿੰਨ ਦਿਨ ਪਹਿਲਾਂ ਉਹਨਾਂ ਨੂੰ ਇਕ ਖਤ ਮਿਲਿਆ ਸੀ ਜਿਸ ਵਿਚ ਉਨ੍ਹਾਂ ਨੂੰ ਮਾਰਨ ਦੀ ਧਮਕੀ ਦਿਤੀ ਗਈ ਸੀ। 10 ਅਗਸਤ ਦੀ ਸਵੇਰ ਵੀ ਉਨ੍ਹਾਂ ਨੂੰ ਟੈਲੀਫੋਨ ਉਤੇ ਧਮਕੀ ਮਿਲੀ। ਇਸੇ ਕਾਰਨ ਰਾਜਸੀ ਦਰਸ਼ਕਾਂ ਦਾ ਕਹਿਣਾ ਹੈ ਕਿ ਇਹ ਕਤਲ ਕਿਸੇ ਸਾਜ਼ਿਸ਼ ਅਧੀਨ ਹੋਇਆ ਹੈ। ਕਿਉਂਕਿ ਗਾਰਡ ਹੋਣ ਦੇ ਬਾਵਜੂਦ ਕੁਝ ਵੀ ਨਹੀਂ ਕੀਤਾ ਗਿਆ ਤੇ ਨਾ ਹੀ ਪੂਰੀ ਸਕਿਉਰਿਟੀ ਜਨਰਲ ਨੂੰ ਦਿਤੀ ਗਈ। ਪੁਲਸ ਦੇ ਅਫਸਰਾਂ ਨੇ ਆਪਣੀ ਅਣਗਹਿਲੀ ਮੰਨਦਿਆਂ ਕਿਹਾ ਹੈ ਕਿ ਪੁਲਸ ਜਨਰਲ ਵੈਦਿਆ ਨੂੰ ਪੂਰੀ ਸੁਰੱਖਿਆ ਨਹੀਂ ਦੇ ਸਕੀ।

.ਗਦਰ ਅੰਕ

.ਗਦਰੀ



ਯੋਧੇ

ਪੱਛਮੀ ਸਰਹੱਦੀ ਪੱਟੀ ਦੀ ਸੁਰੱਖਿਆ ਕੇਂਦਰ ਆਪਣੇ ਹੱਥ ਲੈਣ ਲੱਗੀ

ਲੋਕ ਸਭਾ ਵਿਚ 249 ਧਾਰਾ ਦੀ ਬਦਲੀ ਲਈ ਬਿੱਲ ਪੇਸ਼

ਨਵੀਂ ਦਿੱਲੀ — ਗ੍ਰਹਿ ਮੰਤਰੀ ਬੂਟਾ ਸਿੰਘ ਨੇ ਕੱਲ੍ਹ ਲੋਕ ਸਭਾ ਵਿਚ ਵਿਧਾਨ ਦੀ ਧਾਰਾ 249 (ਏ) ਦੇ ਸੰਸ਼ੋਧਨ ਲਈ ਬਿੱਲ ਪੇਸ਼ ਕੀਤਾ ਜਿਸ ਅਨੁਸਾਰ ਪੱਛਮੀ ਸਰਹੱਦੀ ਪੱਟੀ ਦੀ ਸੁਰੱਖਿਆ ਕੇਂਦਰ ਆਪਣੇ ਹੱਥ ਲੈ ਲਵੇਗਾ ਅਤੇ ਰਾਜ ਸਰਕਾਰਾਂ ਕੋਲੋਂ ਇਹ ਅਧਿਕਾਰ ਖੋਹ ਲਿਆ ਜਾਵੇਗਾ। ਬਿੱਲ ਪੇਸ਼ ਕਰਨ ਤੋਂ ਪਹਿਲਾਂ ਕੇਂਦਰ ਨੇ ਰਾਜ ਸਰਕਾਰਾਂ ਨੂੰ ਇਸ ਦਾ ਡਰਾਫਟ ਭੇਜਿਆ ਸੀ। ਰਾਜਸਥਾਨ ਤੇ ਜੰਮੂ ਕਸ਼ਮੀਰ ਰਾਜਾਂ ਨੇ ਇਸਦਾ ਵਿਰੋਧ ਨਹੀਂ ਕੀਤਾ ਪਰ ਪੰਜਾਬ ਦੇ ਮੁੱਖ ਮੰਤਰੀ ਸੁਰਜੀਤ ਸਿੰਘ ਬਰਨਾਲਾ ਨੇ ਇਸ ਦਾ ਵਿਰੋਧ ਕੀਤਾ ਹੈ ਕਿ ਰਾਜ ਸਰਕਾਰਾਂ ਦੇ ਹੱਕਾਂ ਉਤੇ ਕੇਂਦਰ ਛਾਪਾ ਮਾਰ ਰਿਹਾ ਹੈ।

ਦਹਿਸ਼ਤਪਸੰਦੀ ਪਾਕਿਸਤਾਨ ਦੀ ਦੇਣ

ਰਾਜਸੀ ਸੂਤਰਾਂ ਅਨੁਸਾਰ ਅਸਿੱਧੇ ਤੌਰ ਉਤੇ ਕੇਂਦਰ ਸਰਕਾਰ ਇਹ ਮੰਨ ਰਹੀ ਹੈ ਕਿ ਜੰਮੂ-ਕਸ਼ਮੀਰ, ਰਾਜਸਥਾਨ ਤੇ ਪੰਜਾਬ ਵਿਚ ਅਤਿਵਾਦੀ ਸਰਗਰਮੀਆਂ ਪਾਕਿਸਤਾਨ ਕਰਵਾ ਰਿਹਾ ਹੈ ਤੇ ਰਾਜ ਸਰਕਾਰਾਂ ਦੀ ਪੁਲਸ ਅਤਿਵਾਦ ਨੂੰ ਰੋਕਣ ਤੋਂ ਅਸਮਰਥ ਹੈ। ਸਰੱਹਦ ਦੀ ਇਹ ਸਾਰੀ ਪੱਟੀ ਦਹਿਸ਼ਤਪਸੰਦੀ ਕਾਰਵਾਈਆਂ ਦਾ ਕੇਂਦਰ ਹੈ।

152 ਤਾਮਿਲ ਬੋਟਾਂ ਰਾਹੀਂ ਕੈਨੇਡਾ ਪਹੁੰਚੇ

ਪੱਛਮੀ ਜਰਮਨੀ ਦਾ ਜਹਾਜ਼ ਸਮੁੰਦਰ ਵਿਚ ਹੀ ਉਤਾਰ ਗਿਆ

ਅਟਵਾ — ਸ੍ਰੀ ਲੰਕਾ ਵਿਚ ਤਾਮਿਲਾਂ ਦੇ ਚਲ ਰਹੇ ਸੰਘਰਸ਼ ਵਿਚ ਹੁਣ ਤੱਕ ਚਾਰ ਹਜ਼ਾਰ ਵਿਅਕਤੀ ਮਾਰੇ ਜਾਣ ਪਿਛੋਂ ਤਾਮਿਲ ਆਪਣੀ ਜਾਨ ਬਚਾਉਣ ਲਈ ਦੇਸ਼ ਤੋਂ ਭੱਜ ਰਹੇ ਹਨ। ਮੰਗਲਵਾਰ ਨੂੰ 152 ਤਾਮਿਲ ਜਿਨ੍ਹਾਂ ਵਿਚ ਔਰਤਾਂ ਤੇ ਬੱਚੇ ਵੀ ਸ਼ਾਮਿਲ ਹਨ ਪੱਛਮੀ ਜਰਮਨੀ ਦੇ ਜਹਾਜ਼ ਰਾਹੀਂ ਨੀਊਫਾਊਂਡਲੈਂਡ ਕੰਢੇ ਦੇ ਨੇੜੇ ਛੱਡ ਦਿਤੇ ਗਏ ਜਿਥੇ ਉਹ ਦੋ ਕਿਸ਼ਤੀਆਂ ਰਾਹੀਂ ਕੰਢੇ ਤੇ ਪਹੁੰਚੇ। ਡਾਲਟਨ ਨਾਂ ਦੇ ਇਕ ਮਛੇਰੇ ਨੇ ਤਾਮਿਲਾਂ ਨੂੰ ਬਚਾਇਆ।

ਪੰਜ ਦਿਨ ਭੁੱਖੇ ਰਹੇ

ਤਾਮਿਲ ਰੀਫੀਊਜ਼ੀਆਂ ਦੇ ਕਹਿਣ ਅਨੁਸਾਰ ਉਨ੍ਹਾਂ ਤਿੰਨ ਤਿੰਨ ਹਜ਼ਾਰ ਡਾਲਰ ਜਹਾਜ਼ ਵਾਲਿਆਂ ਨੂੰ ਦਿਤਾ। ਉਨ੍ਹਾਂ ਦੇ ਬਿਆਨਾਂ ਮੁਤਾਬਿਕ ਉਹ ਭਾਰਤ ਤੋਂ ਚੱਲੇ ਹਨ ਜਿਥੇ ਉਨ੍ਹਾਂ ਦਲਾਲਾਂ ਨੂੰ ਇਹ ਪੈਸੇ ਦਿਤੇ ਪਰ ਅਧਿਕਾਰੀਆਂ ਦਾ ਕਹਿਣਾ ਹੈ ਕਿ ਉਹ ਭਾਰਤ ਰਾਹੀਂ ਨਹੀਂ ਸਗੋਂ ਪੱਛਮੀ ਜਰਮਨੀ ਰਾਹੀਂ ਸਮੁੰਦਰ ਜਹਾਜ਼ ਦੁਆਰਾ ਇਥੇ ਪੁਜੇ। ਅਧਿਕਾਰੀਆਂ ਦਾ ਇਹ ਵੀ ਕਹਿਣਾ ਹੈ ਕਿ ਉਹ ਪੰਜ ਦਿਨ ਕਿਸ਼ਤੀਆਂ ਵਿਚ ਨਹੀਂ ਰਹੇ।

ਇਕ ਸਾਲ ਦਾ ਵੀਜ਼ਾ

152 ਸ਼ਰਨਾਰਥੀਆਂ ਨੂੰ ਇੰਮੀਗਰੇਸ਼ਨ ਵਜ਼ੀਰ ਵਲੋਂ ਇਕ ਸਾਲ ਕੈਨੇਡਾ ਵਿਚ ਰਹਿਣ ਲਈ ਵੀਜ਼ਾ ਦੇ ਦਿਤਾ ਗਿਆ ਹੈ।


ਇਸ ਗੱਲ ਦੀ ਸੰਭਾਵਨਾ ਪ੍ਰਗਟ ਕੀਤੀ ਜਾ ਰਹੀ ਹੈ ਕਿ ਸਾਰੇ ਸ਼ਰਨਾਰਥੀਆਂ ਨੂੰ ਪੱਕੇ ਤੌਰ ਉਤੇ ਰਹਿਣ ਦੀ ਇਜਾਜ਼ਤ ਦੇ ਦਿਤੀ ਜਾਵੇਗੀ।

ਹੋਰ ਤਾਮਿਲ ਪੁਜਣਗੇ ?

ਇਕ ਅਧਿਕਾਰੀ ਨੇ ਕਿਹਾ ਹੈ ਕਿ ਸ੍ਰੀ ਲੰਕਾ ਵਿਚ ਤਾਮਿਲ ਘੱਟ ਗਿਣਤੀ ਨਾਲ ਜੋ ਸਲੂਕ ਸਰਕਾਰ ਵਲੋਂ ਕੀਤਾ ਜਾ ਰਿਹਾ ਹੈ ਉਸ ਤੋਂ ਸੰਭਾਵਨਾ ਨਜ਼ਰ ਆਉਂਦੀ ਹੈ ਕਿ ਹੁਣ ਹਜ਼ਾਰਾਂ ਲੋਕ ਖਤਰਾ ਮੁੱਲ ਲੈ ਕੇ ਵੀ ਕੈਨੇਡਾ ਵਲ ਆਉਣਗੇ।

ਪੰਜਾਹ ਘਰ ਸਾੜ ਦਿਤੇ

ਇਸੇ ਦੌਰਾਨ ਖਬਰ ਮਿਲੀ ਹੈ ਕਿ ਸਨਹਾਲੀ ਬਹੁਗਿਣਤੀ ਨੇ ਤਾਮਿਲ ਘੱਟ ਗਿਣਤੀ ਲੋਕਾਂ ਦੇ ਪੰਜਾਹ ਘਰ ਸਾੜ ਕੇ ਸੁਆਹ ਕਰ ਦਿਤੇ ਹਨ।



ਐਡਮਿੰਟਨ ਵਿਚ ਖੌਫਨਾਕ ਕਤਲ

ਪਤਨੀ ਕੁਹਾੜੇ ਨਾਲ ਮਾਰ ਦਿਤੇ ਜਾਣ ਦਾ ਦੋਸ਼

ਐਡਮਿੰਟਨ — 'ਐਡਮਿੰਟਨ ਸਨ' ਦੀ ਖਬਰ ਅਨੁਸਾਰ ਪੁਲਸ ਨੇ 48 ਸਾਲਾਂ ਦੇ ਗੁਰਦਰਸ਼ਨਪਾਲ ਰੰਧਾਵਾ ਉਤੇ ਦੋਸ਼ ਲਾਇਆ ਹੈ ਕਿ ਉਸ ਨੇ ਪਿਛਲੇ ਹਫਤੇ ਆਪਣੀ ਪਤਨੀ ਬੀਰਿੰਦਰ ਕੌਰ ਰੰਧਾਵਾ ਨੂੰ ਕੁਹਾੜਾ ਮਾਰ ਕੇ ਮਾਰ ਦਿਤਾ। ਇਹ ਘਟਨਾ ਘਰੇਲੂ ਝਗੜੇ ਕਾਰਨ ਵਾਪਰੀ ਦੱਸੀ ਜਾਂਦੀ ਹੈ। ਅਟੌਪਸੀ ਰੀਪੋਰਟ ਵਿਚ ਦੱਸਿਆ ਗਿਆ ਹੈ ਕਿ ਬੀਰਿੰਦਰ ਕੌਰ ਰੰਧਾਵਾ ਦੀ ਮੌਤ ਸਿਰ ਦੀਆਂ ਸੱਟਾਂ ਕਾਰਨ ਹੋਈ। ਇਹ ਕਤਲ ਰਾਤ ਦੇ ਸਾਢੇ ਦਸ ਵਜੇ ਬੁੱਧਵਾਰ ਨੂੰ ਹੋਇਆ। ਪੁਲਸ ਨੇ ਕੁਹਾੜਾ ਵੀ ਉਸਦੇ ਘਰੋਂ ਬਰਾਮਦ ਕਰ ਲਿਆ।

ਸਰਕਾਰੀ ਵਕੀਲ ਦੀ ਭੈਣ

ਅਖਬਾਰ ਅਨੁਸਾਰ ਬੀਰਿੰਦਰ ਕੌਰ ਰੰਧਾਵਾ ਸੀਨੀਅਰ ਕਰਾਊਨ ਪ੍ਰੌਸੀਕਿਊਟਰ ਐਡਮਿੰਟਨ ਸ੍ਰੀ ਬਰਿੰਦਰ ਪੰਨੂੰ ਦੀ ਭੈਣ ਸਨ ਅਤੇ ਉਨ੍ਹਾਂ ਨੇ ਹੀ ਆਪਣੀ ਭੈਣ ਅਤੇ ਭਣੋਈਏ ਨੂੰ 1971 ਵਿਚ ਕੈਨੇਡਾ ਬੁਲਾਇਆ ਸੀ।

ਰੰਧਾਵਾ ਪ੍ਰਵਾਰ ਦੇ ਦੋਵੇਂ ਬੱਚੇ ਮਨਜੋਤ ਤੇ ਸੁਖਜੀਤ ਯੂਨੀਵਰਸਿਟੀ ਟਾਫ ਅਲਬਰਟਾ ਦੇ ਵਿਦਿਆਰਥੀ ਹਨ।

ਅਖਬਾਰ ਨਾਲ ਇੰਟਰਵੀਊ ਵਿਚ ਸ੍ਰੀ ਬਰਿੰਦਰ ਪੰਨੂੰ ਨੇ ਦੱਸਿਆ ਕਿ ਉਸਦੀ ਭੈਣ ਕਾਫੀ ਸਾਲ ਜੀ, ਡਬਲਯੂ, ਜੀ. ਜੀਨਜ਼ ਵਿਚ ਕੰਮ ਕਰਦੀ ਰਹੀ ਹੈ ਤੇ ਹੁਣ ਕੰਪਿਊਟਰ ਕੋਰਸ ਖਤਮ ਕਰਕੇ ਨੌਕਰੀ ਲਈ ਅਰਜ਼ੀ ਦਿਤੀ ਹੋਈ ਸੀ।

ਗੁਰਦਰਸ਼ਨਪਾਲ ਰੰਧਾਵਾ ਨੂੰ ਪਿਛਲੇ ਹਫਤੇ ਹੀ ਸੂਬਾ ਕੋਰਟ ਵਿਚ ਪੇਸ਼ ਕੀਤਾ ਗਿਆ ਤੇ ਦਿਮਾਗੀ ਟੈਸਟ ਲਈ ਉਸਦਾ ਰੀਮਾਂਡ 14 ਅਗਸਤ ਤੱਕ ਦੇ ਦਿਤਾ ਗਿਆ।

ਦੋਵੇਂ ਨਾਲੋਂ ਨਾਲ ਉੜੇ ਸਾਂ ਸੂਰਜ ਨੂੰ ਪਕੜਨ ਖਾਤਰ।
ਦੱਸ ਮਿਰੇ [illegible] ਦੋਸ਼ ਹੈ ਕਾਹਦਾ ਤੇਰੇ ਹਨ ਜੇ ਸੜ ਗਏ ਪਰ।

ਅਖੌਤੀ ਖਾਲਿਸਤਾਨ ਕਮਾਂਡੋ ਦਾ "ਜਨਰਲ ਹਰੀ ਸਿੰਘ" ਸ਼ਕੰਜੇ ਵਿਚ

ਚੰਡੀਗੜ੍ਹ — ਇਥੋਂ ਮਿਲੀ ਖਬਰ ਅਨੁਸਾਰ ਪੁਲਸ ਨੇ 9 ਅਗਸਤ ਨੂੰ ਜਲੰਧਰ ਜ਼ਿਲੇ ਦੇ ਇਕ ਪਿੰਡ ਵਿਚੋਂ ਤਿੰਨ ਦਹਿਸ਼ਤਪਸੰਦ ਗ੍ਰਿਫਤਾਰ ਕੀਤੇ ਜਿਨ੍ਹਾਂ ਵਿਚ ਅਖੌਤੀ ਖਾਲਿਸਤਾਨ ਕਮਾਂਡੋ ਦਾ 'ਜਨਰਲ' ਜੋ ਆਪਣੇ ਆਪ ਨੂੰ ਜਨਰਲ ਹਰੀ ਸਿੰਘ ਦੱਸਦਾ ਸੀ ਵੀ ਫੜਿਆ ਗਿਆ। ਉਸਦਾ ਅਸਲੀ ਨਾਂ ਮਨਬੀਰ ਸਿੰਘ ਚਹੇੜੂ ਹੈ ਤੇ ਉਹ 29 ਸਾਲਾਂ ਦਾ ਹੈ। ਪੰਜਾਬ ਵਿਚ ਦਹਿਸ਼ਤ ਫੈਲਾਉਣ ਵਾਲੇ ਧੜਿਆਂ ਵਿਚ ਇਹ ਧੜਾ ਸਭ ਤੋਂ ਵੱਧ ਕਤਲਾਂ ਲਈ ਜ਼ਿੰਮੇਂਵਾਰ ਗਿਣਿਆ ਜਾਂਦਾ ਹੈ।

ਪੁਲਸ ਮੁਖੀ ਰੇਬੇਰੋ ਨੇ ਕਿਹਾ ਕਿ ਮਨਬੀਰ ਸਿੰਘ ਸਭ ਤੋਂ ਖਤਰਨਾਕ ਗਰੋਹ ਦਾ ਲੀਡਰ ਸੀ। ਮਨਬੀਰ ਸਿੰਘ ਨੇ ਪਿਛਲੇ ਅਪਰੈਲ ਇਕ ਮੁਲਾਕਾਤ ਵਿਚ ਕਿਹਾ ਸੀ ਕਿ ਉਸਦੀ ਅਖੌਤੀ ਖਾਲਿਸਤਾਨ ਕਮਾਂਡੋ ਫੌਜ ਨੇ ਹੀ ਸਾਰੇ ਕਤਲ ਕੀਤੇ ਹਨ।

ਇਸ ਵਰ੍ਹੇ 500 ਦੇ ਲਗਪਗ ਕਤਲ ਪੰਜਾਬ ਵਿਚ ਹੋਏ ਹਨ ਤੇ ਇਹ ਕਤਲਾਂ ਦੇ ਜ਼ਿੰਮੇਂਵਾਰ ਕੁਝ ਗਰੋਹ ਹਨ ਜੋ ਚਾਰ ਤੋਂ ਛੇ ਵਿਅਕਤੀਆਂ ਦੇ ਗਰੁਪਾਂ ਵਿਚ ਐਕਸ਼ਨ ਕਰਦੇ ਹਨ।

ਜੂਨ ਤੋਂ ਸ਼ੁਰੂ ਹੋਏ ਗ੍ਰਿਫਤਾਰੀਆਂ ਦੇ ਚੱਕਰ ਵਿਚ ਮੁੱਖ ਅਪਰਾਧੀ ਫੜੇ ਜਾਣ ਦਾ ਦਾਅਵਾ ਪੰਜਾਬ ਪੁਲਸ ਕਰ ਰਹੀ ਹੈ।

ਬਾਦਲ ਅਤੇ ਟੌਹੜੇ ਨੂੰ ਹੀਰੋ ਬਣਾਉਣ ਦੀ ਕੋਸ਼ਿਸ਼ — ਬਰਨਾਲਾ

ਚੰਡੀਗੜ੍ਹ — 7 ਅਗਸਤ ਨੂੰ ਜਦ ਬਾਦਲ ਅਕਾਲੀ ਦਲ ਦੇ ਪ੍ਰਧਾਨ ਪ੍ਰਕਾਸ਼ ਸਿੰਘ ਬਾਦਲ ਅਤੇ ਸ਼੍ਰੋਮਣੀ ਕਮੇਟੀ ਦੇ ਸਾਬਕਾ ਪ੍ਰਧਾਨ ਗੁਰਚਰਨ ਸਿੰਘ ਟੌਹੜਾ ਨਵੀਂ ਦਿੱਲੀ ਵਿਚ ਤਿਲਕ ਨਗਰ ਦੇ ਇਲਾਕੇ ਵਿਚ ਗਏ ਤਾਂ ਉਨ੍ਹਾਂ ਨੂੰ ਉਥੇ ਗ੍ਰਿਫਤਾਰ ਕਰ ਲਿਆ ਗਿਆ ਤੇ ਤਿਹਾੜ ਜੇਲ੍ਹ ਵਿਚ ਨਜ਼ਰਬੰਦ ਕਰ ਦਿਤਾ ਗਿਆ। ਪਰ ਅਗਲੇ ਦਿਨ ਹੀ ਉਹ ਪੰਜਾਬ ਸਰਹੱਦ ਉਤੇ ਛੱਡ ਦਿਤੇ ਗਏ ਤੇ ਇਹ ਚਿਤਾਵਨੀ ਦਿਤੀ ਗਈ ਕਿ ਉਹ ਮੁੜ ਦਿੱਲੀ ਵਿਚ ਦਾਖਲ ਨਾ ਹੋਣ।

ਪੰਜਾਬ ਦੇ ਮੁੱਖ ਮੰਤਰੀ ਸੁਰਜੀਤ ਸਿੰਘ ਬਰਨਾਲਾ ਨੇ ਟੌਹੜਾ ਤੇ ਬਾਦਲ ਦੀ ਡਰਾਮਈ ਗ੍ਰਿਫਤਾਰੀ ਤੇ ਰਿਹਾਈ ਨੂੰ ਕੇਂਦਰ ਸਰਕਾਰ ਦੀ ਉਨ੍ਹਾਂ ਹੀਰੋ ਬਣਾਉਣ ਦੀ ਕੋਸ਼ਿਸ਼ ਕਿਹਾ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਦੇ ਇਕ ਵਜ਼ੀਰ ਦੀ ਸ਼ਹਿਰ ਉਤੇ ਸਾਬਕਾ ਕਾਂਗਰਸੀ ਅਮਰਿੰਦਰ ਸਿੰਘ ਨੇ ਅਕਾਲੀ ਵਿਧਾਇਕਾਂ ਵਿਚ ਦੁਫੇੜ ਪਾਇਆ ਤੇ ਫਿਰ ਬਾਦਲ ਤੇ ਟੌਹੜੇ ਨਾਲ ਮਿਲਕੇ ਅਕਾਲੀ ਦਲ ਹੀ ਦੋਫਾੜ ਕਰ ਦਿਤਾ। ਉਨ੍ਹਾਂ ਦਾ ਇਸ਼ਾਰਾ ਕੇਂਦਰ ਸਰਕਾਰ ਦੇ ਵਜ਼ੀਰ ਅਰੁਨ ਨਹਿਰੂ ਵੱਲ ਸੇਧਤ ਸਮਝਿਆ ਜਾਂਦਾ ਹੈ। ਯਾਦ ਰਹੇ ਕਿ ਜਿਸ ਦਿਨ ਅਕਾਲੀ ਵਿਧਾਇਕ ਗੋਰੁਪ ਦੋਫਾੜ ਹੋਇਆ ਉਸ ਤੋਂ ਪਹਿਲੇ ਦਿਨ ਸਾਬਕਾ ਸਪੀਕਰ ਰਵੀਇੰਦਰ ਸਿੰਘ ਅਤੇ ਸਾਬਕਾ ਕਾਂਗਰਸੀ ਅਮਰਿੰਦਰ ਸਿੰਘ ਨੇ ਅਰੁਨ ਨਹਿਰੂ ਨਾਲ ਨਾਸ਼ਤਾ ਕੀਤਾ ਤੇ ਉਥੇ ਹੀ ਬਰਨਾਲਾ ਨੂੰ ਗੱਦੀ ਤੋਂ ਲਾਹੁਣ ਦੀ ਮੁਹਿੰਮ ਸ਼ੁਰੂ ਹੋਈ। ਰਵੀਇੰਦਰ ਸਿੰਘ ਤੇ ਅਮਰਿੰਦਰ ਸਿੰਘ ਨੇ ਬਾਦਲ ਤੇ ਟੌਹੜੇ ਨੂੰ ਆਪਣੇ ਨਾਲ ਗੰਢਿਆ ਤੇ ਬਰਨਾਲਾ ਸਰਕਾਰ ਵਿਰੁੱਧ ਜਹਾਦ ਸ਼ੁਰੂ ਕਰ ਦਿਤਾ।

ਰਾਜੀਵ ਗਾਂਧੀ ਵੱਲੋਂ ਅਫਸੋਸ ਦਾ ਸੁਨੇਹਾ

ਭਾਰਤ ਦੇ ਪ੍ਰਧਾਨ ਮੰਤਰੀ ਨੇ ਜਨਰਲ ਵੈਦਿਆ ਦੇ ਕਤਲ ਨੂੰ ਇਕ 'ਕਮੀਨੀ ਹਰਕਤ' ਗਰਦਾਨਦਿਆਂ ਕਿਹਾ ਹੈ ਕਿ ਜਨਰਲ ਵੈਦਿਆ ਇਕ ਬਹਾਦਰ ਤੇ ਉਘੇ ਸਿਪਾਹੀ ਸਨ ਜਿਨ੍ਹਾਂ ਭਾਰਤ ਦੀ ਸੇਵਾ ਹਿੰਮਤ ਨਾਲ ਕੀਤੀ।



ਪਾਰਲੀਮੈਂਟ ਦਾ ਸੈਸ਼ਨ ਉਠਾ ਦਿਤਾ

ਸੋਮਵਾਰ ਨੂੰ ਖਬਰ ਮਿਲਦਿਆਂ ਹੀ ਲੋਕ ਸਭਾ ਤੇ ਰਾਜ ਸਭਾ ਦੇ ਸਮਾਗਮ ਜਨਰਲ ਵੈਦਿਆ ਨੂੰ ਸ਼ਰਧਾਂਜਲੀ ਦੇਣ ਪਿਛੋਂ ਉਠਾ ਦਿਤੇ ਗਏ।

ਪੂਨੇ ਵਿਚ ਗੜਬੜ

ਮੰਗਲਵਾਰ ਨੂੰ ਜਨਰਲ ਵੈਦਿਆ ਦਾ ਅੰਤਮ ਸਸਕਾਰ ਸਰਕਾਰੀ ਸਨਮਾਨਾਂ ਨਾਲ ਕੀਤਾ ਗਿਆ ਤੇ ਪੂਨਾਂ ਵਿਚ ਆਮ ਹੜਤਾਲ ਰਹੀ। ਖਬਰਾਂ ਅਨੁਸਾਰ ਜਨੂੰਨੀਆਂ ਵਲੋਂ ਸਿਖ ਟੈਕਸੀਆਂ ਵਾਲਿਆਂ ਵਿਰੁੱਧ ਨਾਅਰੇ ਲਾਏ ਗਏ ਤੇ ਚਾਰ ਟੈਕਸੀਆਂ ਨੂੰ ਨੁਕਸਾਨ ਵੀ ਪਹੁੰਚਾਇਆ ਗਿਆ।

ਪੰਜਾਬ ਦਾ ਮਸਲਾ ਰਾਜਨੀਤਕ ਮਸਲਾ ਹੈ

ਪਹਿਲੀ ਵਾਰ ਸ੍ਰੀ ਰਾਜੀਵ ਗਾਂਧੀ ਨੇ ਹਵਾਈ ਅੱਡੇ ਤੇ ਪੱਤਰਕਾਰਾਂ ਨਾਲ ਗਲਬਾਤ ਕਰਦਿਆਂ ਮੰਨਿਆ ਕਿ ਪੰਜਾਬ ਦਾ ਮਸਲਾ ਰਾਜਨੀਤਕ ਮਸਲਾ ਹੈ ਤੇ ਰਾਜਸੀ ਪੱਧਰ ਉਤੇ ਇਸ ਦਾ ਹੱਲ ਲੱਭਿਆ ਜਾਣਾ ਚਾਹੀਦਾ ਹੈ। ਪੱਤਰਕਾਰਾਂ ਨੇ ਪੁੱਛਿਆ ਕਿ ਕੇਂਦਰ ਸਰਕਾਰ ਕਿੰਨੀ ਕੁ ਦੇਰ ਹੋਰ ਇਸ ਨੂੰ ਅਮਨ ਕਾਨੂੰਨ ਦੀ ਸਮੱਸਿਆ ਸਮਝਦੀ ਰਹੇਗੀ। ਸ੍ਰੀ ਰਾਜੀਵ ਗਾਂਧੀ ਨੇ ਕਿਹਾ ਕਿ ਦਹਿਸ਼ਤਪਸੰਦੀ ਖਤਮ ਕਰਨੀ ਜ਼ਰੂਰੀ ਸੀ। ਇਸੇ ਲਈ ਪੰਜਾਬ ਸਰਕਾਰ ਨੂੰ ਇਸ ਨਾਲ ਨਜਿੱਠਣ ਲਈ ਕਿਹਾ ਗਿਆ।

ਹਵਾਈ ਅੱਡੇ ਉਤੇ ਪੱਤਰਕਾਰਾਂ ਦਾ ਕਹਿਣਾ ਸੀ ਕਿ ਰਾਜੀਵ-ਲੌਂਗੋਵਾਲ ਸਮਝੌਤਾ ਰਾਜਸੀ ਸਮਝੌਤਾ ਸੀ ਪਰ ਕੇਂਦਰ ਸਰਕਾਰ ਇਸ ਸਮਝੌਤੇ ਉਤੇ ਪੂਰੀ ਨਹੀਂ ਉਤਰੀ — ਇਸੇ ਕਾਰਨ ਪੰਜਾਬ ਵਿਚ ਦਹਿਸ਼ਤਪਸੰਦੀ ਵਧੀ।

ਅੰਮ੍ਰਿਤਸਰ ਵਿਚ ਤਿੰਨ ਕਤਲ

ਇਸੇ ਦੌਰਾਨ ਮੰਗਲਵਾਰ ਨੂੰ ਅੰਮ੍ਰਿਤਸਰ ਜ਼ਿਲੇ ਵਿਚ ਦਹਿਸ਼ਤਪਸੰਦਾਂ ਵਲੋਂ ਤਿੰਨ ਕਤਲ ਕੀਤੇ ਗਏ ਅਤੇ ਬਟਾਲਾ ਵਿਚ ਦੋ ਵਿਅਕਤੀ ਜ਼ਖਮੀ ਕੀਤੇ ਗਏ।

ਅਸਲੀ ਤਰਸੇਮ ਸਿੰਘ ਵੀ ਫੜਿਆ ਗਿਆ

ਇਸ਼ਤਿਹਾਰੀ ਮੁਜਰਮ ਬਲਦੇਵ ਸਿੰਘ ਵੀ ਗ੍ਰਿਫਤਾਰ

ਕਪੂਰਥਲਾ — ਇਥੇ ਪੁਜੀਆਂ ਖਬਰਾਂ ਅਨੁਸਾਰ ਪੰਜਾਬ ਵਿਚ ਦੂਜੇ ਨੰਬਰ ਤੇ ਗਿਣਿਆ ਜਾਣ ਵਾਲਾ ਦਹਿਸ਼ਤਪਸੰਦ ਤਰਸੇਮ ਸਿੰਘ ਤੇ ਉਸਦਾ ਇਕ ਸਾਥੀ ਬਲਦੇਵ ਸਿੰਘ, ਜੋ ਇਸ਼ਤਿਹਾਰੀ ਮੁਜਰਮ ਕਰਾਰ ਦਿਤਾ ਜਾ ਚੁਕਿਆ ਸੀ। ਦੋਵੇਂ ਇਕ ਪਿੰਡ ਵਿਚੋਂ ਗ੍ਰਿਫਤਾਰ ਕਰ ਲਏ ਹਨ। ਤਰਸੇਮ ਸਿੰਘ ਕੋਹਾਰ ਅਖੌਤੀ ਖਾਲਿਸਤਾਨ ਕਮਾਂਡੋਜ਼ ਦੇ ਆਗੂਆਂ ਵਿਚੋਂ ਗਿਣਿਆ ਜਾਂਦਾ ਹੈ। ਇਹ ਗ੍ਰਿਫਤਾਰੀਆਂ ਕਪੂਰਥਲੇ ਜ਼ਿਲੇ ਵਿਚੋਂ ਕੀਤੀਆਂ ਗਈਆਂ। ਦੋਵਾਂ ਕੋਲੋਂ ਅਸਲਾ ਵੀ ਫੜਿਆ ਗਿਆ।

THE CANADA DARPAN
(Punjabi Weekly Newspaper)
P.O.BOX 265
Surrey, B.C. V3T 4W8
Chief Editor: (Hon.) DARSHAN GILL
Art: N. DHALIWAL
All office holders of CANADA DARPAN are honorary associates.
'ਕੈਨੇਡਾ ਦਰਪਣ' ਵਿਚ ਛਪੀਆਂ ਰਚਨਾਵਾਂ ਲਈ ਲੇਖਕ ਆਪ ਜ਼ਿੰਮੇਂਵਾਰ ਹਨ। ਐਡੀਟਰ ਜਾਂ ਪਬਲਿਸ਼ਰ ਦਾ ਉਹਨਾਂ ਵਿਚ ਦਿੱਤੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।
Ph. 581-4473

ਸੰਪਾਦਕੀ

ਆਜ਼ਾਦੀ ਦਾ ਦਿਨ ਅਤੇ .ਗ਼ਦਰ ਲਹਿਰ

15 ਅਗਸਤ ਨੂੰ ਭਾਰਤ 39ਵੀਂ ਆਜ਼ਾਦੀ ਦੀ ਵਰ੍ਹੇ ਗੰਢ ਮਨਾ ਰਿਹਾ ਹੈ। ਇਹ ਆਜ਼ਾਦੀ ਲੋਕ-ਘੋਲਾਂ, ਬੇਅੰਤ ਸ਼ਹੀਦੀਆਂ ਅਤੇ ਦੁੱਖ ਤੇ ਕਸ਼ਟ ਭਰੇ ਦਿਨ ਕੱਟਣ ਤੋਂ ਬਾਅਦ ਨਸੀਬ ਹੋਈ। ਸ਼ਹੀਦ ਸਾਰੇ ਦੇਸ਼ ਦੇ ਸਾਂਝੇ ਹੁੰਦੇ ਹਨ ਤੇ ਪ੍ਰਾਂਤਾਂ, ਧਰਮਾਂ ਤੇ ਬੋਲੀਆਂ ਵਿਚਕਾਰ ਉਨ੍ਹਾਂ ਦੀ ਵੰਡ ਕਰਨਾ ਉਨ੍ਹਾਂ ਦੀਆਂ ਸ਼ਹੀਦੀਆਂ ਤੇ ਕੁਰਬਾਨੀਆਂ ਨੂੰ ਠੁਕਰਾਉਣ ਬਰਾਬਰ ਹੈ। ਇਹੋ ਸਿਖਿਆ ਸਾਨੂੰ ਗ਼ਦਰੀ ਯੋਧਿਆਂ ਤੋਂ ਮਿਲਦੀ ਹੈ। ਅਮਰੀਕਾ ਤੇ ਕੈਨੇਡਾ ਵਿਚ ਪੈਦਾ ਹੋਈ ਗ਼ਦਰ ਲਹਿਰ ਦੇ ਮੁੱਖ ਨਿਸ਼ਾਨਿਆਂ ਵਿਚ ਭਾਰਤ ਨੂੰ ਅੰਗਰੇਜ਼ਾਂ ਦੇ ਪੰਜੇ ਵਿਚੋਂ ਆਜ਼ਾਦ ਕਰਵਾਉਣਾ ਸੀ ਤੇ ਗ਼ਦਰੀ ਯੋਧੇ ਆਪਣੇ ਬਦੇਸ਼ਾਂ ਵਿਚਲੇ ਸੁਖ ਆਰਾਮ ਤਿਆਗ ਕੇ ਦੇਸ਼ ਵੱਲ ਵਹੀਰਾਂ ਘੱਤ ਗਏ। ਬੇਸ਼ਕ ਇਹ ਲਹਿਰ ਹਾਲਾਤ ਨੇ ਖੁਰਦ ਬੁਰਦ ਕਰਨ ਵਿਚ ਕੋਈ ਕਸਰ ਨਾ ਛੱਡੀ ਪਰ ਫਿਰ ਵੀ ਉਨ੍ਹਾਂ ਦਲੇਰ ਯੋਧਿਆਂ ਨੇ ਆਪਣਾ ਸਾਹਸ ਤੇ ਬਲ ਕਾਇਮ ਰੱਖਿਆ। ਉਨ੍ਹਾਂ ਦਲੇਰ ਯੋਧਿਆਂ ਦੀ ਯਾਦ ਨੂੰ ਤਾਜ਼ਾ ਰੱਖਣਾ ਸਾਡਾ ਸਾਰਿਆਂ ਦਾ ਫਰਜ਼ ਹੈ।

ਅੱਜ ਜੋ ਤੰਗ-ਨਜ਼ਰੀ ਸਭ ਪਾਸੇ ਨਜ਼ਰ ਆ ਰਹੀ ਹੈ ਇਹ ਸਰਮਾਏਦਾਰ ਸਮਾਜ ਦੇ ਸੰਕਟ ਕਾਰਨ ਹੈ। ਬੋਲੀਆਂ, ਧਰਮਾਂ ਤੇ ਪ੍ਰਾਂਤਾਂ ਦੇ ਝਗੜੇ ਸਰਮਾਏਦਾਰੀ ਸਮਾਜ ਦੇ ਪੱਤਣ ਦਾ ਲੱਛਣ ਹਨ। ਦੇਸ਼ ਆਜ਼ਾਦ ਹੋਏ ਨੂੰ 39 ਵਰ੍ਹੇ ਗੁਜ਼ਰਨ ਤੋਂ ਪਿਛੋਂ ਅੱਜ ਦਾ ਹਿੰਸਾਵਾਦੀ ਰੁਝਾਨ ਮੂਲਕ ਰੂਪ ਵਿਚ ਗ਼ਦਰੀਆਂ ਦੇ ਆਸ਼ਿਆਂ ਤੋਂ ਵੱਖਰਾ ਹੈ। ਇਹ ਹਿੰਸਾ, ਅਤਿਵਾਦ, ਵੱਖਵਾਦ ਤੇ ਦਹਿਸ਼ਤਵਾਦ ਸਰਮਾਏਦਾਰੀ ਦਾ ਪੈਦਾ ਕੀਤਾ ਹੋਇਆ ਸੰਕਟ ਹੈ। ਸਰਮਾਏਦਾਰ ਆਪਣੀਆਂ ਤਜੌਰੀਆਂ ਭਰੀ ਰੱਖਣ ਲਈ ਉਪਰੋਕਤ ਬਲਾਵਾਂ ਨੂੰ ਪੱਠੇ ਪਾਉਂਦੇ ਹਨ ਤੇ ਵਿਕਸਤ ਸਰਮਾਏਦਾਰੀ ਇਨ੍ਹਾਂ ਦੀ ਸਹਾਇਤਾ ਕਰਦੀ ਹੈ। ਗ਼ਦਰ ਲਹਿਰ ਨੂੰ ਕੁਚਲਣ ਵਿਚ ਅਮਰੀਕਾ ਤੇ ਕੈਨੇਡਾ ਦੀਆ ਸਰਕਾਰਾਂ ਉਸ ਸਮੇਂ ਵੀ ਸਰਗਰਮ ਰਹੀਆਂ ਜਿਵੇਂ ਅੱਜ ਇਹ ਦਹਿਸ਼ਤਵਾਦੀ ਅਨਸਰਾਂ ਨੂੰ ਹੱਲਾਸ਼ੇਰੀ ਦੇ ਰਹੀਆਂ ਹਨ। ਉਸ ਸਮੇਂ ਵੀ ਆਪਣੇ ਖਰੀਦੇ ਟੱਟੂਆਂ ਰਾਹੀਂ ਇਹ ਗ਼ਦਰ ਲਹਿਰ ਨੂੰ ਨੁਕਸਾਨ ਪਹੁੰਚਾਣ ਦੇ ਯਤਨ ਕਰਦੇ ਰਹੇ ਜਿਵੇਂ ਅੱਜ ਵਿਕਸਤ ਸਰਮਾਏਦਾਰੀ ਆਪਣੇ ਟੱਟ-ਪੂੰਜੀਏ ਖਰੀਦ ਕੇ ਬਿਦੇਸ਼ਾਂ ਵਿਚ ਵੱਖਵਾਦ ਤੇ ਹਿੰਸਾਵਾਦੀ ਤੱਤਾਂ ਨੂੰ ਸ਼ਰ੍ਹੇਆਮ ਪਨਾਹ ਦੇ ਰਹੀ ਹੈ।

ਪਾਕਿਸਤਾਨ ਵਰਗੇ ਦੇਸ਼ਾਂ ਰਾਹੀਂ ਇਨ੍ਹਾਂ ਦੀਆਂ ਖੁਫੀਆ ਏਜੰਸੀਆਂ ਭਾਰਤ ਵਿਚ ਅਸੁਰੱਖਿਅਤ ਵਾਤਾਵਰਣ ਪੈਦਾ ਕਰ ਰਹੀਆਂ ਹਨ। ਦੇਸ਼ ਦੀ ਆਜ਼ਾਦੀ ਨੂੰ ਖਤਰਾ ਬਣੀਆਂ ਇਹ ਏਜੰਸੀਆਂ ਇਥੋਂ ਤੱਕ ਪ੍ਰਬੰਧਕ ਮਸ਼ੀਨਰੀ ਵਿਚ ਘਰ ਕਰ ਗਈਆਂ ਹਨ ਕਿ ਭਾਰਤ ਦੇ ਪ੍ਰਧਾਨ ਮੰਤਰੀ ਤੱਕ ਦੇ ਰਾਜ ਇਨ੍ਹਾਂ ਨੂੰ ਪਤਾ ਹਨ। ਕਰੋੜਾਂ ਡਾਲਰ ਖਰਚ ਕੇ ਪ੍ਰਬੰਧਕ ਢਾਂਚਾ ਬਖੇਰਿਆ ਜਾ ਰਿਹਾ ਹੈ। ਆਗੂਆਂ ਦੇ ਕਤਲ ਕਰਵਾਏ ਜਾ ਰਹੇ ਹਨ, ਫੌਜਾਂ ਵਿਚ ਦਖਲਅੰਦਾਜ਼ੀ ਵਧ ਰਹੀ ਹੈ। ਵੱਖ ਵੱਖ ਪ੍ਰਾਂਤਾਂ ਵਿਚ ਵੱਖ ਵੱਖ ਨਾਅਰੇ ਦੇ ਕੇ ਲੋਕਾਂ ਨੂੰ ਗੁੰਮਰਾਹ ਕੀਤਾ ਜਾ ਰਿਹਾ ਹੈ। ਸਰਹੱਦੀ ਇਲਾਕਿਆਂ ਵਿਚ ਹਥਿਆਰ ਮੁਹੱਈਆ ਕੀਤੇ ਜਾ ਰਹੇ ਹਨ। ਇਸ ਤਰ੍ਹਾਂ ਦੇਸ਼ ਦੀ ਆਜ਼ਾਦੀ ਨੂੰ ਅੰਦਰੂਨੀ ਤੌਰ ਤੇ ਖਤਮ ਕਰਨ ਦੇ ਮਨਸੂਬੇ ਬਣਾਏ ਜਾ ਰਹੇ ਹਨ।

ਦੇਸ਼ ਦੀ ਲੀਡਰਸ਼ਿਪ ਇਨ੍ਹਾਂ ਸਭ ਕਾਰਨਾਂ ਨੂੰ ਸਮਝਦੀ ਹੋਈ ਵੀ ਅਖੋਂ ਪਰੋਖੇ ਕਰ ਰਹੀ ਹੈ। ਇਸੇ ਕਾਰਨ ਸਮੁੱਚਾ ਦੇਸ਼ ਅੱਗ ਦੀ ਹੋਣੀ ਹੰਢਾ ਰਿਹਾ ਹੈ। ਦੇਸ਼ ਦੀ ਆਰਥਿਕ ਨਾਬਰਾਬਰੀ ਦੂਰ ਕਰਨ ਤੋਂ ਲੀਡਰਸ਼ਿਪ ਅਸਮਰਥ ਰਹੀ ਹੈ। ਗਰੀਬੀ ਦੀ ਪੱਧਰ ਦਿਨੋਂ ਦਿਨ ਵਧ ਰਹੀ ਹੈ ਤੇ ਸਰਮਾਏਦਾਰੀ ਸਮਾਜ ਦੇ ਸਾਰੇ ਲੱਛਣ ਦੇਸ਼ ਵਿਚ ਪਨਪ ਰਹੇ ਹਨ। ਅੰਦਰੂਨੀ ਆਜ਼ਾਦੀ ਤਾਂ ਹੀ ਕਾਇਮ ਰਹਿ ਸਕਦੀ ਹੈ ਜੇ ਅਮੀਰੀ ਤੇ ਗਰੀਬੀ ਦਾ ਪਾੜਾ ਘਟਾਇਆ ਜਾਵੇ। ਸਾਰੇ ਲੋਕਾਂ ਨੂੰ ਬਰਾਬਰ ਦੇ ਹੱਕ ਮਿਲਣ। ਘੱਟ ਗਿਣਤੀਆਂ ਨੂੰ ਸੁਰੱਖਿਆ ਦਾ ਅਹਿਸਾਸ ਹੋਵੇ। ਗ਼ਦਰੀ ਯੋਧਿਆਂ ਦੀਆਂ ਆਤਮਾਮਾਂ ਨਾਲ ਤਾਂ ਹੀ ਇਨਸਾਫ ਹੋਵੇਗਾ ਜੇ ਦੇਸ਼ ਉਨ੍ਹਾਂ ਦੇ ਆਸ਼ਿਆਂ ਉਤੇ ਚੱਲੇਗਾ।

ਆਤੰਕਵਾਦ ਵਿਰੁਧ ਨਵੀਂ ਪੈਂਤੜੇਬਾਜ਼ੀ

—ਇੰਦਰਜੀਤ—

ਪੰਜਾਬ ਵਿਚ ਦਹਿਸ਼ਤਪਸੰਦਾਂ ਦੀਆਂ ਸਰਗਰਮੀਆਂ ਕਾਰਨ ਮੁਲਕ ਦੀ ਏਕਤਾ ਤੇ ਅਖੰਡਤਾ ਨੂੰ ਪਿਛਲੇ ਕੁਝ ਸਮੇਂ ਤੋਂ ਜਿਹੜਾ ਖਤਰਾ ਦਰਪੇਸ਼ ਹੈ ਉਸ ਨਾਲ ਨਜਿੱਠਣ ਲਈ ਕੇਂਦਰ ਸਰਕਾਰ ਨੇ ਪੂਰੀ ਤਰ੍ਹਾਂ ਮਨ ਬਣਾ ਲਿਆ ਲਗਦਾ ਹੈ ਅਤੇ ਇਸ ਲਈ ਉਸ ਨੇ ਨਵੀਂ ਪੈਂਤੜੇਬਾਜ਼ੀ ਸ਼ੁਰੂ ਕੀਤੀ ਹੈ। ਜੁਲਾਈ ਦੇ ਆਖਰੀ ਹਫਤੇ ਮੁਕਤਸਰ ਨੇੜੇ ਬੱਸ ਵਿਚੋਂ ਕੱਢ ਕੇ ਜਿਹੜੇ ਮੁਸਾਫਰਾਂ ਦਾ ਦਿਲ ਹਿਲਾਊ ਕਤਲ ਕੀਤਾ ਗਿਆ ਅਤੇ ਇਸ ਸਮੇਂ ਦੌਰਾਨ ਪ੍ਰਾਂਤ ਵਿਚ ਜੋ ਹੋਰ ਲੂੰ ਕੰਡੇ ਖੜ੍ਹੇ ਕਰਨ ਵਾਲੀਆਂ ਘਟਨਾਵਾਂ ਵਾਪਰੀਆਂ, ਉਨ੍ਹਾਂ ਨੇ ਕੇਂਦਰ ਸਰਕਾਰ ਨੂੰ ਡੂੰਘੀ ਚਿੰਤਾ ਵਿਚ ਸੁੱਟ ਦਿਤਾ। ਨਤੀਜਾ ਇਹ ਕਿ ਉਚ ਪੱਧਰੀ ਰਾਜਸੀ ਮਾਮਲਿਆਂ ਦੀ ਕਮੇਟੀ ਵਿਚ ਇਸ ਸਥਿਤੀ ਦਾ ਨਾ ਕੇਵਲ ਜਾਇਜ਼ਾ ਹੀ ਲਿਆ ਗਿਆ ਸਗੋਂ ਕੁਝ ਅਹਿਮ ਫੈਸਲੇ ਵੀ ਲਏ ਗਏ।

ਉਂਜ ਤਾਂ ਕੇਂਦਰ ਸਰਕਾਰ ਲਈ ਬੜੀ ਅਸਾਨ ਗੱਲ ਸੀ ਕਿ ਉਹ ਬਰਨਾਲਾ ਸਰਕਾਰ ਨੂੰ ਬਰਤਰਫ ਕਰ ਕੇ ਲੋਕਾਂ ਦੀਆਂ ਮੰਗਾਂ ਅੱਗੇ ਗੋਡੇ ਟੇਕ ਦਿੰਦੀ ਅਤੇ ਪ੍ਰਾਂਤ ਵਿਚ ਰਾਸ਼ਟਰਪਤੀ ਰਾਜ ਲਾਗੂ ਕਰਨ ਪਿਛੋਂ ਉਥੇ ਅਮਨ ਤੇ ਕਾਨੂੰਨ ਦੀ ਬਹਾਲੀ ਲਈ ਫੌਜ ਤਾਇਨਾਤ ਕਰ ਦਿੱਤੀ ਜਾਂਦੀ ਪਰ ਸਰਕਾਰ ਨੇ ਇਸ ਨੂੰ ਮਸਲੇ ਦਾ ਕੋਈ ਹੱਲ ਨਹੀਂ ਸਮਝਿਆ ਸਗੋਂ ਇਸ ਦੀ ਇੱਛਾ ਹੈ ਕਿ ਪ੍ਰਾਤ ਵਿਚ ਲੋਕਾਂ ਦੀ ਚੁਣੀ ਹੋਈ ਸਰਕਾਰ ਹੀ ਪੰਜਾਬ ਵਿਚਲੀ ਮੌਜੂਦਾ ਸਥਿਤੀ ਨਾਲ ਨਜਿੱਠੇ। ਇਸ ਲਈ ਕੇਂਦਰ ਸਰਕਾਰ ਨੇ ਬਰਨਾਲਾ ਸਰਕਾਰ ਨੂੰ ਹਰ ਤਰ੍ਹਾਂ ਦੀ ਸਹਾਇਤਾ ਦੇਣ ਦਾ ਨਾ ਕੇਵਲ ਭਰੋਸਾ ਦਿਵਾਇਆ ਹੀ ਹੈ ਸਗੋਂ ਸਹਾਇਤਾ ਦਿੱਤੀ ਵੀ ਹੈ।

ਕੇਂਦਰ ਸਰਕਾਰ ਨੇ ਲਗਦੇ ਹੱਥ ਬਰਨਾਲਾ ਸਰਕਾਰ ਨੂੰ ਆਪਣੇ ਉਸ ਫੈਸਲੇ ਤੋਂ ਵੀ ਜਾਣੂੰ ਕਰਵਾਇਆ ਹੈ ਜਿਸ ਵਿਚ ਉਹ ਕਸ਼ਮੀਰ ਤੋਂ ਲੈ ਕੇ ਗੁਜਰਾਤ ਤਕ ਸਮੁੱਚੀ ਭਾਰਤ-ਪਾਕਿਸਤਾਨ ਸਰਹੱਦ ਦੇ ਨਾਲ ਨਾਲ ਸੁਰੱਖਿਆ ਪੱਟੀ ਬਣਾਉਣਾ ਚਾਹੁੰਦੀ ਹੈ ਤਾਂ ਕਿ ਆਤੰਕਵਾਦੀ ਤੇ ਸਮਗਲਿੰਗ ਦੀਆਂ ਕਾਰਵਾਈਆਂ ਨੂੰ ਠੱਲ੍ਹ ਪੈ ਸਕੇ। ਪਰ ਕੇਂਦਰ ਨੂੰ ਅਜਿਹਾ ਕਦਮ ਚੁਕਣ ਲਈ ਅਧਿਕਾਰ ਪ੍ਰਾਪਤ ਕਰਨ ਲਈ ਪਹਿਲਾਂ ਸੰਵਿਧਾਨ ਵਿਚ ਸੋਧ ਕਰਨੀ ਪੈਣੀ ਸੀ ਕਿਉਂਕਿ ਅਮਨ ਤੇ ਕਾਨੂੰਨ ਦਾ ਮਸਲਾ ਪ੍ਰਾਂਤਕ ਵਿਸ਼ਾ ਹੈ। ਫਿਰ ਸੋਚਿਆ ਗਿਆ ਕਿ ਉਹ ਅਧਿਕਾਰ ਸੰਵਿਧਾਨ ਦੀ ਧਾਰਾ 249 ਰਾਹੀਂ ਪ੍ਰਾਪਤ ਕੀਤਾ ਜਾਏ ਜਿਸ ਅਨੁਸਾਰ ਕੇਂਦਰ ਸਰਕਾਰ ਕਿਸੇ ਵੀ ਪ੍ਰਾਂਤ ਵਿਚ ਕਿਸੇ ਖਾਸ ਇਲਾਕੇ ਵਿਚ ਹੋ ਰਹੀਆਂ ਹਿੰਸਕ ਜਾਂ ਦਹਿਸ਼ਤਪਸੰਦ ਕਾਰਵਾਈਆਂ ਨੂੰ ਠੱਲ੍ਹ ਪਾਉਣ ਲਈ ਫੌਜ ਜਾਂ ਨੀਮ ਫੌਜੀ ਦਲ ਤਾਇਨਾਤ ਕਰ ਸਕਦੀ ਹੈ। ਪ੍ਰਧਾਨ ਮੰਤਰੀ ਚੂੰਕਿ ਇੰਨੀਂ ਦਿਨੀਂ ਵਿਦੇਸ਼ੀ ਦੌਰ 'ਤੇ ਹਨ, ਇਸ ਲਈ ਇਸ ਬਾਰੇ ਫੈਸਲਾ ਉਨ੍ਹਾਂ ਦੀ ਵਾਪਸੀ ਪਿੱਛੋਂ ਹੀ ਲਿਆ ਜਾਏਗਾ।

ਪੰਜਾਬ ਵਿਚਲੀ ਸਥਿਤੀ 'ਤੇ ਕਾਬੂ ਪਾਉਣ ਲਈ ਇਕ ਵੇਲੇ ਕੇਂਦਰ ਨੂੰ ਆਸ ਸੀ ਕਿ ਪੰਜਾਕ ਪੁਲੀਸ ਦੇ ਡਾਇਰੈਕਟਰ ਜਨਰਲ ਸ੍ਰੀ ਰਿਬੇਰੋ ਇਸ ਵਿਚ ਸਫਲਤਾ ਹਾਸਲ ਕਰ ਲੈਣਗੇ ਪਰ ਉਨ੍ਹਾਂ ਨੂੰ ਨੀਮ ਫੌਜੀ ਦਲਾਂ ਦੀਆਂ ਕੰਪਨੀਆਂ ਮੁਹੱਈਆ ਕਰਨ ਦੇ ਬਾਵਜੂਦ ਇਸ ਦੇ ਸਿੱਟੇ ਠੀਕ ਨਹੀਂ ਨਿਕਲ ਸਕੇ। ਸ਼ਾਇਦ ਪੁਲੀਸ ਦੇ ਕੰਮ-ਕਾਜ ਵਿਚ ਸਿਆਸੀ ਦਖਲਅੰਦਾਜ਼ੀ ਕਾਰਨ।

ਜਿਥੋਂ ਤੱਕ ਸੰਵਿਧਾਨ ਦੀ ਧਾਰਾ 249 ਦਾ ਸਬੰਧ ਹੈ, ਇਸ ਦੇ ਲਾਗੂ ਕਰਨ ਬਾਰੇ ਕੁਝ ਸ਼ੱਕ ਸ਼ੁਬੇ ਉਭਰ ਰਹੇ ਹਨ। ਸੰਵਿਧਾਨਕ ਮਾਹਿਰਾਂ ਅਨੁਸਾਰ "ਕੌਮੀ ਹਿਤਾਂ" ਨੂੰ ਸਾਹਮਣੇ ਰੱਖਦਿਆਂ ਕੇਂਦਰ ਸਰਕਾਰ ਅਜਿਹਾ ਕਰ ਸਕਦੀ ਹੈ ਪਰ ਇਸ ਲਈ ਉਸ ਨੂੰ ਰਾਜ ਸਭਾ ਕੋਲੋਂ ਮਤਾ ਪਾਸ ਕਰਾਉਣਾ ਪਵੇਗਾ। ਅਗਸਤ 1950 ਵਿਚ ਪਾਰਲੀਮੈਂਟ ਵਲੋਂ ਕਾਲਾ ਬਜ਼ਾਰੀ ਲਈ ਨਜਿੱਠਣ ਲਈ ਇਕ ਅਜਿਹਾ ਮਤਾ ਪਾਸ ਕੀਤਾ ਗਿਆ ਸੀ।

ਕੇਂਦਰ ਸਰਕਾਰ ਅਮਨ ਕਾਨੂੰਨ ਦੀ ਬਿਹਤਰੀ ਲਈ ਅਤੇ ਤਜਵੀਜ਼ਸ਼ੁਦਾ ਸੁਰੱਖਿਆ ਪੱਟੀ ਵਿਚ ਆਤੰਕਵਾਦੀਆਂ ਅਤੇ ਹੋਰ ਸਮਾਜ ਵਿਰੋਧੀ ਅਨਸਰਾਂ ਨਾਲ ਨਜਿੱਠਣ ਲਈ ਧਾਰਾ 249 ਅਧੀਨ ਵਿਸ਼ਾਲ ਅਧਿਕਾਰਾਂ ਦੀ ਵਰਤੋਂ ਕਰਨਾ ਚਾਹੁੰਦੀ ਹੈ। ਸੁਰੱਖਿਆ ਪੱਟੀ ਬਾਰੇ ਅਜੇ ਫੈਸਲਾ ਨਹੀਂ ਕੀਤਾ ਗਿਆ। ਕੁਝ ਇਸ ਨੂੰ ਦਸ ਤੋਂ ਪੰਦਰਾਂ ਕਿਲੋਮੀਟਰ ਦੂਰ ਤੱਕ ਰੱਖਣਾ ਚਾਹੁੰਦੇ ਹਨ ਪਰ ਕੁਝ ਦਾ ਵਿਚਾਰ ਹੈ ਕਿ ਇਹ ਸਿਰਫ ਗੜਬੜ ਵਾਲੇ ਜ਼ਿਲਿਆਂ ਵਿਚ ਹੀ ਹੋਵੇ। ਮੌਜੂਦਾ ਹਾਲਾਤ ਅਨੁਸਾਰ ਕੇਂਦਰ ਸਰਕਾਰ ਅਜਿਹੇ ਮਾਮਲਿਆਂ ਨਾਲ ਨਜਿੱਠਣ ਲਈ ਇਸ ਖੇਤਰ ਵਿਚ ਵਿਸ਼ੇਸ਼ ਅਦਾਲਤਾਂ ਸਥਾਪਤ ਕਰਨ ਬਾਰੇ ਵੀ ਸੋਚ ਵਿਚਾਰ ਕਰ ਰਹੀ ਹੈ। ਜੇ ਕੇਂਦਰ ਦਹਿਸ਼ਤਪਸੰਦਾਂ ਅਤੇ ਸਮਗਲਰਾਂ ਵਿਚਕਾਰ ਅਜਿਹੇ ਸੰਬੰਧਾਂ ਨੂੰ ਤੋੜਨਾ ਚਾਹੁੰਦਾ ਹੈ ਤਾਂ ਉਸ ਨੂੰ ਸ਼ਾਇਦ ਅਜਿਹਾ ਕਰਨਾ ਵੀ ਪਏ। ਬਹੁਤੇ ਲੋਕਾਂ ਨੂੰ ਸ਼ਾਇਦ ਇਹ ਪਤਾ ਨਹੀਂ ਕਿ ਸਰਹੱਦ 'ਤੇ ਰੁੱਝੇ ਸਮਗਲਰਾਂ ਨੂੰ ਪੰਜਾਬ ਦੀ ਮੌਜੂਦਾ ਹਾਲਾਤ ਤੋਂ ਕਿਉਂਕਿ ਬਹੁਤਾ ਫਾਇਦਾ ਹੋ ਰਿਹਾ ਹੈ, ਇਸ ਲਈ ਉਹ ਅਜਿਹੀਆਂ ਮਾਰੂ ਕਾਰਵਾਈਆਂ ਜਾਰੀ ਰਹਿਣ ਦੇ ਹੱਕ ਵਿਚ ਹਨ। ਇਕ ਅਨੁਮਾਨ ਅਨੁਸਾਰ ਭਾਰਤ-ਪਾਕਿਸਤਾਨ ਸਰਹੱਦ ਤੋਂ ਹਰ ਵਰ੍ਹੇ 500 ਕਰੋੜ ਰੁਪਏ ਦੇ ਮੁੱਲ ਦੀਆਂ ਵਸਤਾਂ ਦੀ ਸਮਗਲਿੰਗ ਹੁੰਦੀ ਹੈ। ਇਸ ਦੀ ਪੁਸ਼ਟੀ ਇਸ ਗੱਲ ਤੋਂ ਵੀ ਹੁੰਦੀ ਕਿ ਅਟਾਰੀ ਰੇਲਵੇ ਸਟੇਸ਼ਨਾਂ 'ਤੇ ਕਈ ਕੁਲੀਆਂ ਦੀ ਆਮਦਨੀ ਦਸ ਹਜ਼ਾਰ ਰੁਪਏ ਮਹੀਨਾ ਹੈ।

ਕੁਝ ਵੀ ਹੋਵੇ ਕੇਂਦਰ ਸਰਕਾਰ ਇਸ ਵੇਲੇ ਪ੍ਰਾਥਮਿਕਤਾ ਪੰਜਾਬ ਵਿਚ ਅਮਨ ਤੇ ਕਾਨੂੰਨ ਦੀ ਸਥਿਰਤਾ ਨੂੰ ਦੇਣਾ ਚਾਹੁੰਦੀ ਹੈ। ਇਸ ਦਾ ਸੰਕੇਤ ਖੁਦ ਸ੍ਰੀ ਰਾਜੀਵ ਗਾਂਧੀ ਨੇ ਪਿਛਲੇ ਹਫਤੇ ਪੰਜਾਬ ਮਸਲੇ ਨੂੰ ਲੈ ਕੇ ਲੋਕ ਸਭਾ ਵਿਚ ਹੋਈ ਬਹਿਸ ਵਿਚ ਹਿੱਸਾ ਲੈਂਦਿਆਂ ਦਿਤਾ ਸੀ। ਉਨ੍ਹਾਂ ਕਿਹਾ ਸੀ ਕਿ ਦਹਿਸ਼ਤਪਸੰਦਾਂ ਦੀ ਸਹਾਇਤਾ ਕਰਨ ਦਾ ਮੰਤਵ ਉਨ੍ਹਾਂ ਦੀ ਜਿਸਮਾਨੀ ਤੌਰ ਤੇ ਮਦਦ ਕਰਨਾ ਅਤੇ ਅਸਿੱਧੇ ਤੌਰ ਤੇ ਇਹ ਉਨ੍ਹਾਂ ਨੂੰ ਆਪਣੀਆਂ ਸਰਗਰਮੀਆਂ ਨੂੰ ਹੋਰ ਤੇ ਕਰਨ ਨੂੰ ਬਲ ਬਖਸ਼ਣਾ ਹੈ।

ਇਸੇ ਦੌਰਾਨ ਕੇਂਦਰ ਸਰਕਾਰ ਨੂੰ ਬਾਬੇ ਆਮਟੇ ਅਤੇ ਇਕ ਹੋਰ ਅਤਿਅੰਤ ਮਹੱਤਵਪੂਰਨ ਸ਼ਖਸੀਅਤ ਵਲੋਂ ਪੰਜਾਬ ਦੀ ਮੌਜੂਦਾ ਸਥਿਤੀ ਬਾਰੇ ਜੋ ਜਾਣਕਾਰੀ ਦਿੱਤੀ ਗਈ ਹੈ, ਉਸ ਨਾਲ ਉਹ ਹੋਰ ਚਿੰਤਾਵਾਨ ਹੋਈ। ਬਾਬਾ ਆਮਟੇ ਪਿਛੇ ਜਿਹੇ ਉਨ੍ਹਾਂ ਪਿੰਡਾਂ ਦਾ ਦੌਰਾ ਕਰਕੇ ਦਿੱਲੀ ਪਰਤੇ ਹਨ ਜਿਥੇ ਖੂਨ-ਖਰਾਬਾ ਹੋਇਆ ਹੈ ਜਾਂ ਜਿਥੇ ਆਏ ਦਿਨ ਹਿੰਸਕ ਗਤੀਵਿਧੀਆਂ ਹੁੰਦੀਆਂ ਰਹਿੰਦੀਆਂ ਹਨ। ਫਿਰਕੂ ਜ਼ਹਿਰ ਹੌਲੀ ਹੌਲੀ ਪਿੰਡਾਂ ਵੱਲ ਵਧ ਰਿਹਾ ਹੈ।

ਪ੍ਰਧਾਨ ਮੰਤਰੀ ਨੂੰ ਪੇਸ਼ ਕੀਤੀ ਗਈ ਇਕ ਸਰਕਾਰੀ ਰਿਪੋਰਟ ਅਨੁਸਾਰ ਪੰਜਾਬ ਵਿਚਲੇ ਹਿੰਦੂ ਆਪਣੇ ਆਪ ਨੂੰ "ਅਸੁਰੱਖਿਅਤ" ਮਹਿਸੂਸ ਕਰ ਰਹੇ ਹਨ ਅਤੇ ਬਹੁਤ ਸਾਰੇ ਪਰਿਵਾਰ ਦੂਸਰੇ ਸੂਬਿਆਂ ਵਿਚ ਹਿਜਰਤ ਵੀ ਕਰ ਗਏ ਹਨ। ਪ੍ਰਾਂਤ ਸਰਕਾਰ ਇਨ੍ਹਾਂ ਲੋਕਾਂ ਵਿਚ ਰੱਖਿਆ ਦੀ ਭਾਵਨਾ ਅਤੇ ਭਰੋਸਾ ਕਾਇਮ ਕਰਨ ਵਿਚ ਅਸਮਰਥ ਰਹੀ ਹੈ। ਅਸਲ ਵਿਚ ਇਨ੍ਹਾਂ ਲੋਕਾਂ ਨੂੰ ਖੁਦ "ਰਾਜ ਸਰਕਾਰ ਵਿਰੁਧ ਭਾਰੀ ਗਿਲਾ ਹੈ।" ਰਿਪੋਰਟ ਵਿਚ ਇਹ ਵੀ ਕਿਹਾ ਗਿਆ ਹੈ ਕਿ "ਮੈਂ ਜੀਵਨ ਦੇ ਵੱਖ ਵੱਖ ਖੇਤਰਾਂ ਨਾਲ ਸਬੰਧਿਤ ਲੋਕਾਂ ਨੂੰ ਮਿਲਿਆ ਹਾਂ। ਉਹ ਮਹਿਸੂਸ ਕਰਦੇ ਹਨ ਕਿ ਹਾਲਾਤ ਅਜਿਹੇ ਬਣ ਗਏ ਹਨ ਕਿ ਪ੍ਰਾਂਤ ਵਿਚ ਅਮਨ ਤੇ ਕਾਨੂੰਨ ਵਾਲੀ ਕੋਈ ਗੱਲ ਨਹੀਂ ਅਤੇ ਇਕ ਤਰ੍ਹਾ ਅਸਿੱਧੇ ਤੌਰ 'ਤੇ ਖਾਲਿਸਤਾਨ ਕੰਮ ਕਰ ਰਿਹਾ ਹੈ। ਇਕ ਵਿਸ਼ੇਸ਼ ਫਿਰਕੇ ਨੂੰ ਹੀ ਵਧੇਰੇ ਰਿਆਇਤਾਂ ਆਦਿ ਮਿਲ ਰਹੀਆਂ ਹਨ। ਸਰਕਾਰ ਦੀ ਅਜਿਹੀ ਪਹੁੰਚ ਨੇ ਘੱਟ ਗਿਣਤੀ ਲੋਕਾਂ ਦੇ ਵਿਸ਼ਵਾਸ਼ ਨੂੰ ਹੋਰ ਠੇਸ ਲਾਈ ਹੈ।"

ਸੋ ਪੰਜਾਬ ਵਿਚ ਇਸ ਵੇਲੇ ਜੋ ਹਾਲਾਤ ਬਣ ਗਏ ਹਨ। ਉਨ੍ਹਾਂ ਅਨੁਸਾਰ ਇਸ ਵੇਲੇ ਮੁਖ ਲੋੜ ਇਹ ਹੈ ਕਿ ਸ: ਬਰਨਾਲਾ ਆਪਣੀ ਸਰਕਾਰ ਵਿਚਲੇ ਅਤੇ ਬਾਹਰਲੇ ਸਮਾਜ ਵਿਰੋਧੀ ਅਨਸਰਾਂ ਨਾਲ ਸਖਤੀ ਨਾਲ ਸਿੱਝਣ। ਸ੍ਰੀ ਅਰਜਨ ਸਿੰਘ ਨੇ ਵੀ ਇਸ ਗੱਲ ਉਤੇ ਜ਼ੋਰ ਦਿਤਾ ਹੈ ਕਿ ਜਿਹੜੇ ਵੀ ਵਿਅਕਤੀ ਹਿੰਸਕ ਜਾਂ ਸਮਾਜ ਵਿਰੋਧੀਆਂ ਗਤੀਵਿਧੀਆਂ ਦੇ ਦੋਸ਼ ਵਿਚ ਫੜੇ ਜਾਣ ਉਨ੍ਹਾਂ ਨੂੰ ਸਖਤ ਸਜ਼ਾ ਦਿਤੀ ਜਾਏ।

ਮੈਨੀਟੋਬਾ ਵਿਚ ਡਾ: ਸੋਭਾਰਾਮ ਸਿੰਘ ਡਿਪਟੀ ਮੰਤਰੀ ਬਣੇ

ਵਿਨੀਪੇਗ — ਸਾਡੇ ਪੱਤਰਪਰੇਰਕ ਅਨੁਸਾਰ ਡਾ: ਸੋਭਾਰਾਮ ਸਿੰਘ ਨੂੰ ਐਨ. ਡੀ. ਪੀ. ਦੀ ਸਰਕਾਰ ਨੇ ਡਿਪਟੀ ਮੰਤਰੀ ਦੇ ਅਹੁਦੇ ਤੇ ਨਿਯੁਕਤ ਕਰ ਦਿਤਾ ਹੈ। ਡਾ: ਸਿੰਘ ਜੋ ਭੂਗਰਭ ਵਿਗਿਆਨੀ ਹਨ ਤੇ ਜਿਨ੍ਹਾਂ 1963 ਵਿਚ ਵੇਲਜ਼ ਦੀ ਯੂਨੀਵਰਸਿਟੀ ਤੋਂ ਡਾਕਟਰੇਟ ਦੀ ਉਪਾਧੀ ਹਾਸਿਲ ਕੀਤੀ ਸੀ ਨੂੰ ਊਰਜਾ ਅਤੇ ਖਾਨਾਂ ਵਾਰੇ ਮੰਤਰੀ ਨਿਯੁਕਤ ਕੀਤਾ ਹੈ ਮੈਨੀਟੋਬਾ ਦੀ ਸਰਕਾਰ ਨ ਸਿੰਘ ਜੋ ਕਈ ਅੰਤਰਾਸ਼ਟਰੀ ਐਡਵਾਈਜਰੀ ਕੌਂਸਲ ਦੇ ਮੈਂਬਰ ਹਨ ਨੇ ਖਣਿਜ ਨੀਤੀਆਂ ਵਾਰੇ ਤੀਜੀ ਦੁਨੀਆਂ ਦੇ ਦੇਸ਼ਾਂ ਯੂਨਾਈਟਿਡ ਨੇਸ਼ਨਜ਼ ਅਤੇ ਕੈਨੇਡੀਅਨ ਇੰਟਰਨੈਸ਼ਨਲ ਏਜੰਸੀਆਂ ਨਾਲ ਸੰਬੰਧਿਤ ਰਹੇ ਹਨ। ਇਹਨਾਂ ਨੇ ਗੁਆਨਾ ਵਿਚ ਗੋਲਡਨ ਐਰੋ ਦਾ ਇਨਾਮ ਜਿਤਿਆ ਇਹਨਾਂ ਦੀਆਂ ਖਣਿਜ ਅਤੇ ਖਾਣਾਂ ਵਿਚ ਪ੍ਰਾਪਤੀਆਂ ਕਾਰਨ। ਇਹ ਸੁਆਨਾ ਦੇ ਜੰਮਪਲ ਹਨ ਤੇ ਇਹ 1974 ਵਿਚ ਕੈਨੇਡਾ ਆ ਵਸੇ ਸਨ।

ਰਾਜੀਵ ਗਾਂਧੀ ਮੈਕਸੀਕੋ ਦੇ ਦੌਰੇ ਤੋਂ ਦਿੱਲੀ ਵਿਚ

ਨਵੀਂ ਦਿੱਲੀ — ਰਾਜੀਵ ਗਾਂਧੀ ਕੱਲ੍ਹ ਮੈਕਸੀਕੋ ਦੇ ਤਿੰਨ ਦਿਨਾਂ ਦੌਰੇ ਪਿਛੋਂ ਇਥੇ ਪਰਤੇ। ਹਵਾਈ ਅੱਡੇ ਉਤੇ ਪੱਤਰਕਾਰਾਂ ਨਾਲ ਗਲਬਾਤ ਕਰਦਿਆਂ ਉਨ੍ਹਾਂ ਰੀਟਾਇਰਡ ਜਨਰਲ ਅਰੁਨ ਵੈਦਿਆ ਦੇ ਕਤਲ ਉਤੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਇਕ ਦੇਸ਼ ਭਗਤ ਸਿਪਾਹੀ ਦਾ ਕਤਲ ਇਕ ਘਿਨਾਉਣਾ ਜੁਰਮ ਹੈ ਤੇ ਇਸਦੇ ਅਪਰਾਧੀਆਂ ਨੂੰ ਲੱਭਣਾ ਤੇ ਸਜ਼ਾ ਦਿਵਾਉਣੀ ਇਨਸਾਫ ਦਾ ਤਕਾਜ਼ਾ ਹੈ। ਸ੍ਰੀ ਗਾਂਧੀ ਨੇ ਕਿਹਾ ਕਿ ਅਪਰਾਧੀਆਂ ਦੀ ਭਾਲ ਜਾਰੀ ਹੈ ਤੇ ਬਹੁਤੀ ਦੇਰ ਨਹੀਂ ਲੱਗੇਗੀ ਕਿ ਅਪਰਾਧੀ ਫੜ ਲਏ ਜਾਣਗੇ। ਉਨ੍ਹਾਂ ਕਿਹਾ ਕਿ ਸਾਰੇ ਭਾਰਤ ਵਿਚ ਅਪਰਾਧੀਆਂ ਦੀ ਭਾਲ ਜੰਗੀ ਪੱਧਰ ਉਤੇ ਕੀਤੀ ਜਾ ਰਹੀ ਹੈ।

ਦਿੱਲੀ ਪਹੁੰਚਣ ਤੋਂ ਪਹਿਲਾਂ ਸ੍ਰੀ ਰਾਜੀਵ ਗਾਂਧੀ ਮੈਕਸੀਕੋ ਤੋਂ ਮਾਸਕੋ ਪਹੁੰਚੇ ਜਿਥੇ ਰੂਸ ਦੇ ਡਿਪਟੀ ਬਦੇਸ਼ ਮੰਤਰੀ ਤੇ ਡਿਪਟੀ ਰੱਖਿਆ ਮੰਤਰੀ ਨੇ ਉਨ੍ਹਾਂ ਦਾ ਸੁਆਗਤ ਕੀਤਾ।

ਇਨ੍ਹਾਂ ਮੰਤਰੀਆਂ ਨਾਲ ਸ੍ਰੀ ਰਾਜੀਵ ਗਾਂਧੀ ਨੇ ਦੱਖਣੀ ਅਫਰੀਕਾ ਦੀ ਗੋਰੀ ਨਸਲਵਾਦੀ ਸਰਕਾਰ ਵਿਰੁੱਧ ਕਾਮਨਵੈਲਥ ਦੇਸ਼ਾਂ ਵਲੋਂ ਲਗਾਈਆਂ ਜਾ ਰਹੀਆਂ ਪਾਬੰਦੀਆਂ ਬਾਰੇ ਗੱਲਬਾਤ ਕੀਤੀ।

ਜੰਮੂ ਕਸ਼ਮੀਰ ਵਿਚ ਵੱਡੇ ਪੈਮਾਨੇ ਤੇ ਛਾਪੇ

ਸ੍ਰੀ ਨਗਰ — ਸੁਰੱਖਿਆ ਦਸਤਿਆਂ ਨੇ ਜੰਮੂ ਅਤੇ ਕਸ਼ਮੀਰ ਦੇ ਦੋਵਾਂ ਖਿੱਤਿਆਂ ਵਿਚ ਵੱਡੇ ਪੈਮਾਨੇ ਉਤੇ ਛਾਪੇ ਮਾਰ ਕੇ ਭਾਰਤ-ਵਿਰੋਧੀ ਅਨਸਰਾਂ ਨੂੰ ਗ੍ਰਿਫਤਾਰ ਕੀਤਾ ਹੈ। ਪਾਕਿਸਤਾਨ-ਪੱਖੀ ਧੜਿਆਂ ਵਲੋਂ ਐਲਾਨ ਕੀਤਾ ਗਿਆ ਸੀ ਕਿ 14 ਅਗਸਤ ਨੂੰ ਪਾਕਿਸਤਾਨ ਦਾ ਆਜ਼ਾਦੀ ਦਿਨ ਮਨਾਇਆ ਜਾਵੇਗਾ ਅਤੇ 15 ਅਗਸਤ ਜੋ ਭਾਰਤ ਦਾ ਆਜ਼ਾਦੀ ਦਿਨ ਹੈ - ਉਸ ਨੂੰ ਕਾਲੇ ਦਿਨ ਵਜੋਂ ਮਨਾਇਆ ਜਾਵੇਗਾ। ਸੈਂਕੜੇ ਗ੍ਰਿਫਤਾਰੀਆਂ ਕੀਤੀਆਂ ਗਈਆਂ ਦੱਸੀਆਂ ਗਈਆਂ ਹਨ।

ਸੁਖਦੇਵ ਸਿੰਘ ਮੌਲਵੀ ਤੇ ਜਗਦੀਸ਼ ਕੌਰ ਵੀ ਫੜੇ

ਅੰਮ੍ਰਿਤਸਰ — ਅਖੌਤੀ ਖਾਲਿਸਤਾਨ ਕਮਾਂਡੋਜ਼ ਦੇ ਨੰਬਰ ਦੋ ਦਹਿਸ਼ਤਪਸੰਦ ਤਰਸੇਮ ਸਿੰਘ ਕੋਹਾਰ ਨਾਲ ਸੁਖਦੇਵ ਸਿੰਘ ਮੌਲਵੀ ਤੇ ਜਗਦੀਸ਼ ਕੌਰ ਵੀ ਬੱਸ ਵਿਚੋਂ ਹੀ ਫੜੇ ਗਏ। ਤਰਸੇਮ ਸਿੰਘ ਕੋਹਾਰ ਨੇ ਪੁਲਸ ਸੂਤਰਾਂ ਅਨੁਸਾਰ ਮੰਨ ਲਿਆ ਹੈ ਕਿ ਮੁਕਤਸਰ ਦੇ 17 ਕਤਲ ਬੱਸ ਵਿਚ ਉਸ ਨੇ ਕੀਤੇ। ਗ੍ਰਿਫਤਾਰੀ ਸਮੇਂ ਤਰਸੇਮ ਸਿੰਘ ਕੋਹਾਰ ਆਪਣੇ ਦੋ ਸਾਥੀਆਂ ਨਾਲ ਬੱਸ ਵਿਚ ਅੰਮ੍ਰਿਤਸਰ - ਜਲੰਧਰ ਰੋਡ ਤੇ ਸਫਰ ਕਰ ਰਿਹਾ ਸੀ ਜਦ ਪੁਲਸ ਨੇ ਦਿਆਲਪੁਰ ਪਿੰਡ ਲਾਗੇ ਬੱਸ ਘੇਰ ਲਈ। ਇਹ ਗ੍ਰਿਫਤਾਰੀ ਦਹਿਸ਼ਤਪਸੰਦ ਸੂਤਰਾਂ ਦੀ ਜਾਣਕਾਰੀ ਦੇ ਆਧਾਰ ਉਤੇ ਕੀਤੀ ਗਈ ਦੱਸੀ ਗਈ ਹੈ। ਖਬਰ ਅਨੁਸਾਰ ਬੱਸ ਦੀਆਂ ਸਵਾਰੀਆਂ ਦੀ ਕਿਸਮਤ ਚੰਗੀ ਸੀ ਕਿ ਉਹ ਬਚ ਗਏ ਨਹੀਂ ਇਸ ਬੱਸ ਦੀਆਂ ਸਵਾਰੀਆਂ ਦਾ ਹਸ਼ਰ ਵੀ ਮੁਕਤਸਰ ਵਾਲੀ ਬੱਸ ਵਾਲਾ ਹੋਣਾ ਸੀ।

ਬੇਨਜ਼ੀਰ ਦੇ ਪੰਜਾਬ ਦਾਖਲੇ 'ਤੇ ਪਾਬੰਦੀ


ਸੈਂਕੜੇ ਲੀਡਰ ਸੀਖਾਂ ਪਿਛੇ

ਲਾਹੌਰ — ਪਾਕਿਸਤਾਨ ਦੇ ਡਿਕਟੇਟਰ ਜੀਆ-ਉਲ-ਹੱਕ ਨੇ ਪਾਕਿਸਤਾਨੀ ਪੰਜਾਬ ਵਿਚ ਬੇਨਜ਼ੀਰ ਭੁਟੋ ਦੇ ਦਾਖਲੇ ਉਤੇ ਪਾਬੰਦੀ ਲਾ ਦਿੱਤੀ ਹੈ ਅਤੇ ਪੀਪਲਜ਼ ਪਾਰਟੀ ਦੇ ਸੈਂਕੜੇ ਆਗੂ ਸੀਖਾਂ ਪਿਛੇ ਤੂੰਨ ਦਿਤੇ ਹਨ।

14 ਅਗਸਤ ਨੂੰ ਪਾਕਿਸਤਾਨ ਦੇ ਆਜ਼ਾਦੀ ਦਿਨ ਉਤੇ ਪੀਪਲਜ਼ ਪਾਰਟੀ ਵਲੋਂ 'ਆਜ਼ਾਦੀ ਦਿਨ' ਦੀ ਥਾਂ 'ਕਾਲਾ ਦਿਨ' ਮਨਾਇਆ ਜਾ ਰਿਹਾ ਹੈ।

ਭੂਪਾਲ ਕਾਂਡ ਤੋਂ ਕਾਰਬਾਈਡ ਕੰਪਨੀ ਬਰੀ ਹੋਣ ਦੀ ਕੋਸ਼ਿਸ਼ ਵਿਚ

ਭੂਪਾਲ — 1984 ਵਿਚ ਕਾਰਬਾਈਡ ਕੰਪਨੀ ਦੇ ਪਲਾਂਟ ਵਿਚ ਹੋਈ ਦੁਰਘਟਨਾ ਵਿਚ ਕੰਪਨੀ ਨੇ ਇਲਜ਼ਾਮ ਲਾਇਆ ਹੈ ਕਿ ਦੁਰਘਟਨਾ ਇਕ ਮੁਲਾਜ਼ਮ ਨੇ ਕੀਤੀ ਜੋ ਕੰਪਨੀ ਨਾਲ ਨਾਰਾਜ਼ ਸੀ ਪਰ ਭਾਰਤੀ ਅਧਿਕਾਰੀਆਂ ਦਾ ਕਹਿਣਾ ਹੈ ਕਿ ਕੰਪਨੀ ਆਪਣੀ ਜ਼ਿੰਮੇਂਵਾਰੀ ਤੋਂ ਭੱਜਣ ਦੀ ਕੋਸ਼ਿਸ਼ ਕਰ ਰਹੀ ਹੈ। ਭਾਰਤ ਵਿਚ ਕੰਪਨੀ ਵਿਰੁੱਧ ਕੇਸ ਦੀ ਸੁਣਵਾਈ ਛੇਤੀ ਹੀ ਸ਼ੁਰੂ ਹੋ ਰਹੀ ਹੈ ਇਸੇ ਕਾਰਨ ਕੰਪਨੀ ਇਹ ਇਲਜ਼ਾਮ ਲਾ ਰਹੀ ਹੈ ਕਿਉਂਕਿ ਸਾਰੀਆਂ ਰੀਪੋਰਟਾਂ ਮੁਤਾਬਿਕ ਇਹ ਦੁਰਘਟਨਾ ਕੰਪਨੀ ਦੀ ਅਣਗਹਿਲੀ ਕਾਰਨ ਵਾਪਰੀ ਜਿਸ ਵਿਚ 2500 ਵਿਅਕਤੀ ਮਾਰੇ ਗਏ ਸਨ ਅਤੇ ਦੋ ਲੱਖ ਜ਼ਖਮੀ ਹੋਏ ਸਨ।



ਚੀਨ ਅਤੇ ਮੰਗੋਲੀਆ ਵਿਚ ਸਬੰਧ ਸਥਾਪਤ

ਪੀਕਿੰਗ — ਕਾਫੀ ਦੇਰ ਤੋਂ ਚਲਿਆ ਆ ਰਿਹਾ ਝਗੜਾ ਉਸ ਸਮੇਂ ਖਤਮ ਹੋ ਗਿਆ ਜਦ ਚੀਨ ਅਤੇ ਮੰਗੋਲੀਆ ਦੇ ਨੇਤਾਵਾਂ ਨੇ ਗੰਭੀਰ ਗੱਲਬਾਤ ਪਿਛੋਂ ਦੁਬਾਰਾ ਆਪਸੀ ਸਬੰਧ ਬਰਕਰਾਰ ਕਰਨ ਦਾ ਫੈਸਲਾ ਲਿਆ। ਦੋਵਾਂ ਦੇਸ਼ਾਂ ਵਿਚ ਤਕਰਾਰ ਖਤਮ ਹੋ ਗਿਆ ਹੈ ਤੇ ਆਪਸੀ ਸਬੰਧ ਕਾਇਮ ਹੋ ਗਏ ਹਨ।



ਕੈਨੇਡੀਅਨ ਫਾਰਮ ਵਰਕਰਜ਼ ਦੀ ਮੱਦਦ ਕਰੋ!

ਦਿਓਲ ਐਗਰੀਕਲਚਰਲ ਐਜੂਕੇਸ਼ਨ ਐਂਡ ਰੀਸਰਚ ਸੁਸਾਇਟੀ ਲਾਭ-ਰਹਿਤ ਸੁਸਾਇਟੀ ਹੈ ਜੋ ਆਮ ਲੋਕਾਂ ਦੀ ਮੱਦਦ ਕਰਦੀ ਹੈ :

— ਨਵੇਂ ਕੈਨੇਡੀਅਨਾਂ ਦੀ ਪੜ੍ਹਾਈ ਵਿਚ ਮੱਦਦ ਕਰਨਾ

— ਫਾਰਮਾਂ ਵਿਚ ਕੰਮ ਕਰਨ ਵਾਲਿਆਂ ਨੂੰ ਸਿਹਤ ਅਤੇ ਬਚਾਅ ਬਾਰੇ ਕਲਾਸਾਂ ਲਾਉਣੀਆਂ ਤੇ ਜਾਣਕਾਰੀ ਦੇਣਾ

— ਫਾਰਮਾਂ ਵਿਚ ਸੱਟਾਂ ਲੱਗਣ ਦੇ ਕਾਰਨਾਂ ਅਤੇ ਬੀਮਾਰੀਆਂ ਬਾਰੇ ਖੋਜ ਕਰਕੇ ਪਬਲਿਕ ਨੂੰ ਜਾਣਕਾਰੀ ਦੇਣਾ।

ਦਿਓਲ ਸੁਸਾਇਟੀ ਕੈਨੇਡੀਅਨ ਫਾਰਮ ਵਰਕਰਜ਼ ਯੂਨੀਅਨ ਨਾਲ ਮਿਲਕੇ ਕੰਮ ਕਰਦੀ ਹੈ

....

ਦਿਓਲ ਸੁਸਾਇਟੀ ਨੂੰ ਦਿਤੀ ਮਾਇਕ ਸਹਾਇਤਾ ਟੈਕਸ-ਮੁਕਤ ਹੈ!

ਇਸ ਢੰਗ ਨਾਲ ਤੁਸੀਂ ਮਾਇਕ ਸਹਾਇਤਾ ਭੇਜ ਸਕਦੇ ਹੋ :

(1) ਸਾਲ ਦੀਆਂ ਬਾਰਾਂ ਚੈਕਾਂ ਉਤੇ ਬਾਰਾਂ ਮਹੀਨਿਆਂ ਦੀ ਪਹਿਲੀ ਤਾਰੀਖ ਪਾ ਕੇ ਦਿਓਲ ਸੁਸਾਇਟੀ ਦੇ ਨਾਂ ਚੈਕ ਭੇਜੋ

(2) ਜਾਂ ਇਕੱਠਾ 120 ਡਾਲਰ ਦਾ ਚੈਕ ਭੇਜੋ

(3) ਜਾਂ ਵਨ-ਸ਼ੌਟ ਡੌਨੇਸ਼ਨ ਭੇਜੋ

ਮਾਇਕ ਸਹਾਇਤਾ ਤੁਹਾਡੀ ਆਪਣੀ ਸਹਾਇਤਾ ਹੈ !

ਚੈਕ ਭੇਜਣ ਸਮੇਂ ਇਹ ਕੂਪਨ ਜ਼ਰੂਰ ਭੇਜੋ

Name (ਨਾਂ) .... Date (ਤਾਰੀਖ) ....

Address (ਪਤਾ) ....

....

....

ਚੈਕਾਂ ਇਸ ਪਤੇ ਤੇ ਭੇਜੋ :

Canadian Farm Workers Union
1 - 4725 Kingsway
Burnaby, B.C. V5N 2C3

ਇਕੱਠੇ ਹੋਣ ਦੀ ਸੰਭਾਵਨਾ —ਸ: ਉਬੋਕੇ

ਰਾਜਪੁਰਾ, (ਪੱਤਰ ਪ੍ਰੇਰਕ)— ਪੰਜਾਬ ਦੇ ਮਾਲ ਮੰਤਰੀ ਸ: ਮੇਜਰ ਸਿੰਘ ਉਬੋਕੇ ਨੇ ਇਸ ਗਲ ਦੀ ਭਾਰੀ ਆਸ ਪ੍ਰਗਟ ਕੀਤੀ ਕਿ ਅਕਾਲੀ ਦਲ ਬਰਨਾਲਾ ਤੇ ਬਾਦਲ ਧੜਿਆਂ ਵਿਚ ਬਹੁਤ ਹੀ ਛੇਤੀ ਸਮਝੌਤਾ ਹੋਣ ਦੀ ਸੰਭਾਵਨਾ ਨੂੰ ਰਦ ਨਹੀਂ ਕੀਤਾ ਜਾ ਸਕਦਾ। ਸ: ਉਬੋਕੇ ਨੇ ਸਾਡੇ ਸਥਾਨਕ ਪੱਤਰ ਪ੍ਰੇਰਕ ਨਾਲ ਇਕ ਭੇਟ ਸਮੇਂ ਕਿਹਾ ਕਿ ਦੋਹਾਂ ਅਕਾਲੀ ਧੜਿਆਂ ਵਿਚ ਏਕੇ ਲਈ ਸਰ-ਗਰਮੀ ਨਾਲ ਯਤਨ ਸ਼ੁਰੂ ਕਰ ਦਿਤੇ ਗਏ ਹਨ ਅਤੇ ਦੋਹਾਂ ਧੜਿਆਂ ਵਲੋਂ ਮੁੜ ਇਕ ਸਟੇਜ ਤੇ ਖੜੇ ਹੋਣ ਦੀ ਸੰਭਾਵਨਾ ਨੂੰ ਰੱਦ ਨਹੀਂ ਕੀਤਾ ਜਾ ਸਕਦਾ। ਇਕ ਹੋਰ ਸਵਾਲ ਦੇ ਜਵਾਬ ਵਿਚ ਸ: ਉਬੋਕੇ ਨੇ ਕਿਹਾ ਕਿ ਪੰਜਾਬ 'ਚ ਬਾਹਰੋਂ ਆਏ ਦੰਗਾ ਪੀੜਤਾਂ ਦੇ ਮੁੜ ਵਸੇਬੇ ਤੇ ਰੋਜ਼ਗਾਰ ਲਈ ਪੰਜਾਬ ਸਰਕਾਰ ਆਪਣਾ ਫਰਜ਼ ਸਮਝਦੀ ਹੈ। ਇਸ ਸਬੰਧ ਵਿਚ ਪੂਰੇ ਪੂਰੇ ਯਤਨ ਕੀਤੇ ਜਾ ਰਹੇ ਹਨ ਕਿ 15 ਅਗਸਤ ਤੋਂ ਪਹਿਲਾਂ ਪਹਿਲਾਂ ਦੰਗਾਂ ਪੀੜਤਾਂ ਨੂੰ ਰਿਹਾਇਸ਼ੀ ਜਾਂ ਕਮਰਸ਼ਲ ਪਲਾਟ ਦੇਣ ਦਾ ਕੰਮ ਮੁਕੰਮਲ ਕੀਤਾ ਜਾ ਸਕੇ। ਸ: ਉਬੋਕੇ ਨੇ ਇਹ ਵੀ ਕਿਹਾ ਕਿ ਸਰਕਾਰ ਦੰਗਾ ਪੀੜਤਾਂ ਦੇ ਨਾਲ ਨਾਲ ਦਹਿਸ਼ਤਵਾਦ ਦੇ ਪੀੜਤਾਂ ਦਾ ਵੀ ਮੁੜ ਵਸੇਬਾ ਕਰਨ ਲਈ ਪੂਰੀ ਤਰ੍ਹਾਂ ਪ੍ਰਬੰਧ ਕਰ ਰਹੀ ਹੈ। ਉਹਨਾਂ ਕਿਹਾ ਕਿ ਜਿਹੜੇ ਲੋਕ ਆਪਣੇ ਘਰਾਂ ਨੂੰ ਪਰਤਣ ਲਈ ਪੱਕੇ ਤੌਰ ਤੇ ਹਾਂ ਕਰ ਦੇਣਗੇ ਉਹਨਾਂ ਨੂੰ ਰਾਜਪੁਰਾ, ਪਟਿਆਲਾ, ਅਤੇ ਰੋਪੜ ਵਰਗੀਆਂ ਥਾਵਾਂ ਤੇ ਪਲਾਟ ਅਲਾਟ ਕਰਕੇ ਆਬਾਦ ਕਰਨ ਦਾ ਸੁਝਾਅ ਸਰਕਾਰ ਦੇ ਵਿਚਾਰ ਅਧੀਨ ਹੈ। ਸ: ਉਬੋਕੇ ਨੇ ਕਿਹਾ ਕਿ ਰਾਜਪੁਰਾ ਵਿਖੇ ਬੋਰਡ ਦੀ 61 ਏਕੜ ਖਾਲੀ ਪਈ ਜ਼ਮੀਨ ਦੇ ਰਿਹਾਇਸ਼ੀ ਪਲਾਟ 99 ਸਾਲਾ ਲੀਜ਼ ਤੇ ਦਿਤੇ ਜਾਣ ਦੇ ਸੁਝਾਅ ਤੇ ਵੀ ਸਰਕਾਰ ਵਿਚਾਰ ਕਰ ਰਹੀ ਹੈ। ਉਹਨਾਂ ਕਿਹਾ ਕਿ ਪੰਜਾਬ ਮੰਤਰੀ ਮੰਡਲ ਵਲੋਂ ਲਏ ਫੈਸਲੇ ਅਨੁਸਾਰ 99 ਸਾਲਾਂ ਲਈ ਲੀਜ਼ ਤੇ ਦਿਤੇ ਜਾਣ ਵਾਲੇ ਪਲਾਟ ਨਿਲਾਮੀ ਰਾਹੀਂ ਦਿਤੇ ਜਾਣਗੇ ਤੇ ਪੰਜ ਪ੍ਰਤੀਸ਼ਤ ਦੰਗਾ ਪੀੜਤਾਂ ਲਈ ਰਾਖਵੇ ਹੋਣਗੇ। ਦੰਗਾ ਪੀੜਤਾਂ ਨੂੰ ਦਿਤੇ ਜਾਣ ਵਾਲੇ ਪੰਜ ਪ੍ਰਤੀਸ਼ਤ ਪਲਾਟ ਬਾਜ਼ਾਰੀ ਕੀਮਤ ਤੋਂ ਪੰਜਵਾਂ ਹਿੱਸਾ ਘਟਾ ਕੇ ਕਿਸ਼ਤਾਂ ਤੇ ਦਿਤੇ ਜਾਣਗੇ। ਪਾਕਿਸ-ਤਾਨ ਨਾਲ ਲਗਦੀ ਪਟੀ ਫੌਜ ਦੇ ਹਵਾਲੇ ਕੀਤੇ ਜਾਣ ਸਬੰਧੀ ਇਕ ਸਵਾਲ ਦਾ ਜਵਾਬ ਦਿੰਦਿਆਂ ਉਹਨਾਂ ਕਿਹਾ ਕਿ ਉਹਨਾਂ ਦਾ ਵਿਧਾਨ ਸਭਾਈ ਹਲਕਾ ਪਾਕਿਸਤਾਨ ਦੀ ਸੀਮਾ ਦੇ ਨਾਲ ਲਗਦਾ ਹੈ ਤੇ ਉਂਜ ਵੀ ਉਥੋਂ ਦੀ ਸਥਿਤੀ ਇਹ ਹੈ ਕਿ ਸ਼ਾਮ ਪੰਜ ਵਜੇ ਤੋਂ ਸਵੇਰੇ ਸੱਤ ਵਜੇ ਤਕ ਕੋਈ ਵੀ ਵਿਅ-ਕਤੀ ਇਸ ਪਟੀ 'ਚ ਨਹੀਂ ਜਾ ਸਕਦਾ। ਜਿਹਨਾਂ ਲੋਕਾਂ ਦੀ ਨਹਿਰੀ ਪਾਣੀ ਦੀ ਵਾਰੀ ਹੁੰਦੀ ਹੈ ਉਹਨਾਂ ਨੂੰ ਵੀ ਇਸ ਪਟੀ ਤੇ ਜਾਣ ਦੀ ਆਗਿਆ ਨਹੀਂ ਦਿਤੀ ਜਾਂਦੀ ਹੈ ਤੇ ਖੇਤ ਉਜੜ ਦੇ ਰਹਿ ਗਏ ਹਨ। ਉਪ੍ਰੋਕਤ ਸਮੇਂ ਤੋਂ ਛੁਟ ਦਿਨ ਵੇਲੇ ਵੀ ਇਸ ਇਲਾਕੇ ਤੇ ਬਾਰਡਰ ਸਕਿਊਰਟੀ ਫੋਰਸ ਵਲੋਂ ਪ੍ਰਮਿਟ ਲੈ ਕੇ ਹੀ ਦਾਖਲ ਹੋਇਆ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਉਸ ਇਲਾਕੇ ਦੇ ਲੋਕੀਂ ਹੁਣ ਜਿਹੇ ਜਿਹੇ ਦਿਨ ਕਟ ਰਹੇ ਹਨ ਉਥੇ ਫੌਜ ਦੀ ਮੌਜੂਦਗੀ ਤੋਂ ਵੀ ਦੁਖੀ ਹੋਣਗੇ। ਸ: ਉਬੋਕੇ ਨੇ ਪੂਰੀ ਤਰ੍ਹਾਂ ਵਿਸ਼ਵਾਸ ਨਾਲ ਕਿਹਾ ਕਿ ਉਹ ਦਿਨ ਦੂਰ ਨਹੀਂ ਜਦੋਂ ਪੰਜਾਬ ਅੰਦਰ ਮੁੜ ਪਹਿਲਾਂ ਵਾਂਗ ਅਮਨ ਤੇ ਸ਼ਾਂਤੀ ਬਹਾਲ ਹੋਵੇਗੀ ਤੇ

ਪੁਰਾਣੀਆਂ ਸਾਂਝਾ ਬਣੀਆਂ ਰਹਿਣਗੀਆਂ। ਸ: ਉਬੋਕੇ ਨੂੰ ਇਥੋਂ ਦੇ ਦੰਗਾ ਪੀੜਤਾਂ ਦਾ ਵਫਦ ਵੀ ਮਿਲਿਆ ਤੇ ਇਕ ਪਤਰ ਦਿਤਾ।

ਅੱਗ ਨਾਲ ਮੌਤਾਂ
ਪਤੀ, ਪਤਨੀ ਸੁਰਗਵਾਸ

ਕੈਲਗਰੀ — ਇਥੋਂ ਮਿਲੀ ਖਬਰ ਅਨੁਸਾਰ ਭੱਟੀ ਪ੍ਰਵਾਰ ਦੇ ਪਤੀ ਤੇ ਪਤਨੀ ਘਰ ਨੂੰ ਅੱਗ ਲੱਗਣ ਕਾਰਨ ਮੌਤ ਦਾ ਸ਼ਿਕਾਰ ਹੋ ਗਏ ਹਨ। ਸੂਚਨਾ ਅਨੁਸਾਰ ਬੱਚਿਆਂ ਦਾ ਬਚਾਅ ਹੋ ਗਿਆ।

ਸਰੀ ਵਿਚ ਅੱਗ ਨਾਲ ਜਵਾਨ ਲੜਕੀ ਦੀ ਮੌਤ

ਸਰੀ — ਸਰੀ ਵਿਚ ਪਿਛਲੇ ਵੀਰਵਾਰ 96 ਐਵੇਨੀਊ ਤੇ 152 ਸਟਰੀਟ ਲਾਗੇ ਅੱਗ ਨਾਲ ਇਕ ਘਰ ਜਲ ਗਿਆ। 24 ਸਾਲ ਦੀ ਇਕ ਲੜਕੀ ਦੀ ਅੱਗ ਵਿਚ ਝੁਲਸੇ ਜਾਣ ਕਾਰਨ ਮੌਤ ਹੋ ਗਈ। ਇਹ ਘਰ ਲੱਲ੍ਹੀ ਪ੍ਰਵਾਰ ਦਾ ਸੀ।

■ ਮੈਜਿਸਟਰੇਟ ਨੇ ਇਕ ਐਕਟਰ ਤੋਂ ਪੁਛਿਆ— 'ਕੀ ਤੂੰ ਦਸ ਸਕਦਾ ਹੈਂ ਕਿ ਸ਼ਰਾਬ ਪੀ ਕੇ ਗੜਬੜ ਕਰਨ ਦੇ ਜੁਰਮ ਵਿਚ ਤੈਨੂੰ ਕਿੰਨੇ ਵਾਰ ਇਥੇ ਲਿਆਇਆ ਗਿਆ ਹੈ?'

ਐਕਟਰ—'ਹਜ਼ੂਰ ਇਕ ਕੰਮ ਤਾਂ ਮੈਂ ਕਰਦਾ ਹਾਂ ਸੋ ਹਿਸਾਬ-ਕਿਤਾਬ ਦਾ ਕੰਮ ਤੁਸੀਂ ਰੱਖ ਲਵੋ।'

ਗੁਲਜ਼ਾਰ ਸਿੰਘ ਸਹੋਤਾ 'ਜਸਟਿਸ ਔਫ ਦੀ ਪੀਸ' ਨਿਯੁਕਤ



ਸ੍ਰ: ਗੁਲਜ਼ਾਰ ਸਿੰਘ ਸਹੋਤਾ ਜੋ ਹੁਣੇ ਹੁਣੇ ਨੌਰਥ ਹਾਰਟਫੋਰਡਸ਼ਾਇਰ, ਇੰਗਲੈਂਡ ਯੂ. ਕੇ. ਵਿਚ "ਜਸਟਿਸ ਔਫ ਦੀ ਪੀਸ" (ਮੈਜਿਸਟਰੇਟ) ਨਿਯੁਕਤ ਕੀਤੇ ਗਏ ਹਨ। ਆਪ ਉਸ ਦੇਸ਼ ਵਿਚ ਪਿਛਲੇ ਵੀਹ ਸਾਲ ਤੋਂ ਰਹਿ ਰਹੇ ਹਨ। ਇਸ ਤੋਂ ਪਹਿਲਾਂ ਸਰਦਾਰ ਸਹੋਤਾ ਜ਼ਿਲਾ ਹੁਸ਼ਿਆਰਪੁਰ ਵਿਚ ਐਡਵੋਕੇਟ ਸਨ। ਹੁਣ ਆਪ ਇਕ ਸਥਾਨਕ ਅਪਰ ਸਕੂਲ ਅਤੇ ਕਮਿਊਨਿਟੀ ਕਾਲਜ ਵਿਚ ਜਿਥੇ ਹਿਸਾਬ ਅਤੇ ਇਕਨਾਮਿਕਸ ਪੜ੍ਹਾਉਂਦੇ ਹਨ ਉਥੇ ਅਗਜ਼ਾਮੀਨੇਸ਼ਨਜ਼ ਆਫੀਸਰ ਵੀ ਹਨ। ਆਪ ਸਥਾਨਕ ਕਮਿਊਨਿਟੀ ਦੇ ਇਕ ਉਘੇ ਨੇਤਾ ਹਨ। ਆਪਦੀ ਦਾਨਿਸ਼ਮੰਦੀ ਅੰਗਰੇਜ਼ਾਂ ਅਤੇ ਆਵਾਸੀਆਂ ਵਲੋਂ ਹਮੇਸ਼ਾਂ ਸਰਾਹਨਾ ਦੀ ਪਾਤਰ ਰਹੀ ਹੈ। ਆਪ ਲੋੜਵੰਦ ਏਸ਼ੀਅਨਾਂ ਦੀਆਂ ਮੁਸ਼ਕਲਾਂ ਦੂਰ ਕਰਨ ਵਿਚ ਹਮੇਸ਼ਾਂ ਤਤਪਰ ਰਹਿੰਦੇ ਹਨ। ਜਿਥੇ ਆਪ ਕਾਨੂੰਨ ਅਤੇ ਪੜ੍ਹਾਈ ਵਿਚ ਨਿਪੁੰਨ ਹਨ ਉਥੇ ਆਪ ਰੂਹਾਨੀ ਕਦਰਾਂ ਦੇ ਵੀ ਪਾਲਕ ਹਨ — ਆਪ ਗੁਰੂ ਘਰ ਦੇ ਅਨਿਨ ਸੇਵਕ ਤੇ ਕੀਰਤਨੀਏ ਹਨ।

ਹਾਈਕੋਰਟ ਦੀ ਹਦਾਇਤ

ਸਪੀਕਰ ਅਜੇ ਬਾਗੀ ਵਿਧਾਇਕਾਂ ਬਾਰੇ ਫੈਸਲਾ ਨਾ ਦੇਵੇ

ਚੰਡੀਗੜ੍ਹ — ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਇਕ ਡਿਵੀਜ਼ਨ ਬੈਂਚ ਨੇ ਬਾਗੀ ਅਕਾਲੀ ਵਿਧਾਇਕ ਸ: ਸੁਖਦੇਵ ਸਿੰਘ ਢੀਂਡਸਾ ਦੀ ਰਿੱਟ ਪਟੀਸ਼ਨ 'ਤੇ ਪੰਜਾਬ ਅਸੈਂਬਲੀ ਦੇ ਸਪੀਕਰ ਨੂੰ 25 ਅਗਸਤ 1986 ਲਈ ਨੋਟਿਸ ਆਫ ਮੋਸ਼ਨ ਜਾਰੀ ਕੀਤਾ। ਸ: ਢੀਂਡਸਾ ਨੇ ਪੰਜਾਬ ਦੇ ਮੁਖ ਮੰਤਰੀ ਸ੍ਰ: ਸੁਰਜੀਤ ਸਿੰਘ ਬਰਨਾਲਾ ਵਲੋਂ ਉਨ੍ਹਾਂ (ਸ: ਢੀਂਡਸਾ) ਨੂੰ ਅਸੈਂਬਲ਼ੀ ਤੋਂ ਮੁਅੱਤਲ ਕਰਨ ਬਾਰੇ ਦਿਤੇ ਨੋਟਿਸ ਨੂੰ ਚੁਣੌਤੀ ਦਿਤੀ ਹੈ।

ਸ੍ਰੀ ਡੀ. ਐਸ. ਤਿਵਾਤੀਆ ਅਤੇ ਸ੍ਰੀ ਜੇ. ਵੀ. ਗੁਪਤਾ ਉਤੇ ਆਧਾਰਿਤ ਬੈਂਚ ਨੇ ਸਪੀਕਰ ਨੂੰ ਹਦਾਇਤ ਕੀਤੀ ਹੈ ਕਿ ਉਹ ਆਪਣੀ ਕਾਰਵਾਈ ਤਾਂ ਜਾਰੀ ਰੱਖ ਸਕਦੇ ਹਨ ਪਰ ਅਦਾਲਤ ਦੇ ਅਗਲੇ ਹੁਕਮਾਂ ਤਕ ਉਹ ਅੰਤਮ ਹੁਕਮ ਜਾਰੀ ਨਹੀਂ ਕਰਨਗੇ। ਯਾਦ ਰਹੇ ਕਿ ਸ: ਸੁਰਜੀਤ ਸਿੰਘ ਬਰਨਾਲਾ ਨੇ ਸਪੀਕਰ ਨੂੰ ਦਿਤੀ ਆਪਣੀ ਅਰਜ਼ੀ ਵਿਚ ਕਿਹਾ ਸੀ ਕਿ ਪਟੀਸ਼ਨਰ (ਸ: ਢੀਂਡਸਾ) ਅਤੇ ਕੁਝ ਹੋਰ ਵਿਧਾਇਕਾਂ ਨੇ ਸਪੀਕਰ ਤੇ ਡਿਪਟੀ ਸਪੀਕਰ ਲਈ ਖੜ੍ਹੇ ਕੀਤੇ ਪਾਰਟੀ ਉਮੀਦਵਾਰਾਂ ਦੀ ਮੁਖਾਲਫਤ ਕੀਤੀ ਸੀ।

ਸ: ਢੀਂਡਸਾ ਨੇ ਦੋਸ਼ ਲਾਇਆ ਕਿ ਉਨ੍ਹਾਂ ਨੂੰ ਜਾਰੀ ਕੀਤੇ ਨੋਟਿਸ ਪਿਛੇ ਮੰਦੀ ਭਾਵਨਾ ਕੰਮ ਕਰਦੀ ਹੈ। ਉਨ੍ਹਾਂ ਕਿਹਾ ਕਿ ਮੈਂ ਤੇ 26 ਹੋਰ ਵਿਧਾਇਕਾਂ ਨੇ ਬਾਕਾਇਦਾ ਇਕ ਵੱਖਰੀ ਰਾਜਸੀ ਪਾਰਟੀ ਬਣਾਈ ਸੀ ਜਿਸ ਨੂੰ ਪਿਛਲੇ ਸਪੀਕਰ ਨੇ 8 ਮਈ ਨੂੰ ਮਾਨਤਾ ਦੇ ਦਿੱਤੀ ਸੀ। ਇਸ ਲਈ ਮੁਖ ਮੰਤਰੀ ਵਲੋਂ ਸਾਰੀ ਕਾਰਵਾਈ ਦਾ ਕਾਨੂੰਨੀ ਆਧਾਰ ਨਹੀਂ ਅਤੇ ਇਸ ਦਾ ਉਦੇਸ਼ ਮੰਦਭਾਵੀ ਹੈ, ਖਾਸ ਕਰਕੇ ਉਸ ਸਮੇਂ ਜਦੋਂ ਵਰਤਮਾਨ ਸਪੀਕਰ ਨੂੰ ਇਹ ਅਧਿਕਾਰ ਹੀ ਨਹੀਂ ਕਿ ਉਹ ਆਪਣੇ ਪਿਛਲੇ ਸਾਥੀ ਦੇ ਹੁਕਮਾਂ ਦਾ ਮੁੜ ਜਾਇਜ਼ਾ ਲਵੇ। ਇਸੇ ਦੌਰਾਨ ਸ: ਬਾਦਲ ਅਤੇ ਇਕ ਹੋਰ ਵਿਧਾਇਕ ਦੀ ਉਸ ਪਟੀਸ਼ਨ ਦੀ ਸੁਣਵਾਈ 25 ਅਗਸਤ ਤੱਕ ਅਗੇ ਪਾ ਦਿਤੀ ਗਈ ਜਿਸ ਵਿਚ ਸੰਵਿਧਾਨ ਦੀ 52ਵੀਂ ਤਰਮੀਮ ਦੀ ਸੰਵਿਧਾਨਕ ਪ੍ਰਮਾਣਿਕਤਾ ਨੂੰ ਚੁਣੌਤੀ ਦਿਤੀ ਗਈ ਸੀ।

ਤਾਲਿਬ ਸਿੰਘ ਸੰਧੂ ਦੀ ਗ੍ਰਿਫਤਾਰੀ 'ਤੇ ਸਟੇਅ

ਚੰਡੀਗੜ੍ਹ — ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਜੱਜ ਸ੍ਰੀ ਪ੍ਰਿਤਪਾਲ ਸਿੰਘ ਨੇ ਬਾਗੀ ਅਕਾਲੀ ਵਿਧਾਇਕ ਸ: ਤਾਲਿਬ ਸਿੰਘ ਸੰਧੂ ਦੀ ਗ੍ਰਿਫਤਾਰੀ ਉਤੇ ਸਟੇਅ ਦੇ ਦਿਤੀ ਹੈ। ਸ: ਸੰਧੂ ਨੇ ਦੱਸਿਆ ਕਿ ਉਸ ਵਿਰੁਧ ਚਾਰ ਜੂਨ ਨੂੰ ਅੰਮ੍ਰਿਤਸਰ ਪੁਲੀਸ ਸਟੇਸ਼ਨ ਵਿਚ ਐਫ ਆਈ ਆਰ ਦਰਜ ਕਰਵਾਈ ਗਈ ਹੈ ਅਤੇ ਇਸ ਲਈ ਉਨ੍ਹਾਂ ਨੂੰ ਗ੍ਰਿਫਤਾਰੀ ਦਾ ਡਰ ਹੈ।



ਬਰਨਾਲਾ ਸਰਕਾਰ ਲੋਕ ਸਮੱਸਿਆਵਾਂ ਨੂੰ ਹੱਲ ਕਰਨ 'ਚ ਪੂਰੀ ਤਰ੍ਹਾਂ ਫੇਲ੍ਹ ਹੋਈ

ਮੋਰਿੰਡਾ — ਭਾਰਤੀ ਕਮਿਊਨਿਸਟ ਪਾਰਟੀ ਮਾਰਕਸਵਾਦੀ ਲੈਨਿਨਵਾਦੀ ਨੇ ਪੰਜਾਬ ਦੀ ਅਜੋਕੀ ਡਾਵਾਂਡੋਲ ਸਥਿਤੀ ਲਈ ਕਾਂਗਰਸ ਤੇ ਅਕਾਲੀ ਦਲ ਨੂੰ ਸੰਯੁਕਤ ਰੂਪ ਵਿਚ ਦੋਸ਼ੀ ਠਹਿਰਾਇਆ ਹੈ। ਪਾਰਟੀ ਦੇ ਸੂਬਾ ਕਮੇਟੀ ਮੈਂਬਰ ਸ੍ਰੀ ਬਲਦੇਵ ਸਿੰਘ ਮਾਨ ਨੇ ਇਥੇ ਬਿਆਨ ਵਿਚ ਕਿਹਾ ਕਿ ਬਰਨਾਲਾ ਸਰਕਾਰ ਲੋਕਾਂ ਦੀਆਂ ਸਮੱਸਿਆਵਾਂ ਹੱਲ ਕਰਨ ਵਿਚ ਬੁਰੀ ਤਰ੍ਹਾਂ ਫੇਲ੍ਹ ਹੋਈ ਹੈ। ਬਰਨਾਲਾ ਸਰਕਾਰ ਵਲੋਂ ਬੇਰੁਜ਼ਗਾਰਾਂ ਨੂੰ ਰੁਜ਼ਗਾਰ ਦੇਣ ਦਾ ਵਾਅਦਾ ਨਿਰਾ ਫਰਾਡ ਸਿਧ ਹੋਇਆ ਹੈ ਤੇ ਰਾਜ ਦੀ ਸਰਕਾਰੀ ਮਸ਼ੀਨਰੀ ਵਿਚ ਕੁਰੱਪਸ਼ਨ ਦਾ ਬੋਲਬਾਲਾ ਹੈ। ਉਨ੍ਹਾਂ ਦੱਸਿਆ ਕਿ ਰਾਜ ਵਿਚ ਅਤਿਵਾਦੀ ਸਰਗਰਮੀਆਂ ਵਿਚ ਵੱਡੇ ਪੱਧਰ ਤੇ ਸਮਾਜ ਵਿਰੋਧੀ ਅਨਸਰ ਸਰਗਰਮ ਹੋ ਗਏ ਹਨ ਜੋ ਲੁਟ ਮਾਰ, ਡਕੈਤੀਆਂ ਦੀਆਂ ਵਾਰਦਾਤਾਂ ਕਰ ਰਹੇ ਹਨ। ਜਾਰੀ ਬਿਆਨ ਵਿਚ ਉਨ੍ਹਾਂ ਸੀ ਆਰ ਪੀ ਵਲੋਂ ਝੂਠੇ ਪੁਲਸ ਮੁਕਾਬਲਿਆਂ ਦੀ ਕਰੜੀ ਨਿੰਦਾ ਕੀਤੀ ਤੇ ਕਿਹਾ ਕਿ ਇਸ ਨਾਲ ਸਥਿਤੀ ਹੋਰ ਗੁੰਝਲਦਾਰ ਹੀ ਬਣੇਗੀ। ਉਨ੍ਹਾਂ ਨਿਰਦੋਸ਼ ਲੋਕਾਂ ਨੂੰ ਤੰਗ ਪਰੇਸ਼ਾਨ ਕਰਨ ਤੁਰੰਤ ਬੰਦ ਕਰਨ ਲਈ ਕਿਹਾ ਅਤੇ ਜੋਧਪੁਰ ਦੀਆਂ ਜੇਲ੍ਹਾਂ ਵਿਚ ਬੰਦ ਸਿੱਖ ਨੌਜਵਾਨਾਂ ਦੀ ਤੁਰੰਤ ਰਿਹਾਈ ਦੀ ਮੰਗ ਕੀਤੀ ਹੈ ਤੇ ਕਈ ਵਰ੍ਹਿਆਂ

ਕਮੇਟੀ ਸ਼ੇਰਪੁਰ ਪਿੰਡ ਨੂੰ ਭੁੱਲ ਗਈ ?

ਸ਼ੇਰਪੁਰ — 20 ਅਗਸਤ ਨੂੰ ਸੰਤ ਹਰਚੰਦ ਸਿੰਘ ਲੌਂਗੋਵਾਲ ਦੀ ਬਰਸੀ ਮਨਾਉਣ ਲਈ ਬਣਾਈ ਕਮੇਟੀ ਸ਼ਾਇਦ ਇਹ ਗੱਲ ਭੁੱਲ ਹੀ ਗਈ ਕਿ ਸੰਤਾਂ ਨੇ ਅੰਤਮ ਸਾਹ ਸ਼ੇਰਪੁਰ ਦੇ ਗੁਰਦੁਆਰੇ ਵਿਚ ਲਏ ਸਨ ਤੇ ਉਨ੍ਹਾਂ ਨੇ ਕੌਮ ਨੂੰ ਆਖਰੀ ਸੰਦੇਸ਼ ਵੀ ਸ਼ੇਰਪੁਰ ਵਿਚ ਹੀ ਦਿੱਤਾ ਸੀ। ਸ਼ੇਰਪੁਰ ਦੇ ਸਰਪੰਚ ਭਗਵਾਨ ਸਿੰਘ, ਮੈਂਬਰ ਗਿਆਨ ਚੰਦ, ਜਥੇਦਾਰ ਸੰਤੋਖ ਸਿੰਘ, ਸ: ਮਨਜੀਤ ਸਿੰਘ ਕਾਂਗਰਸ ਪ੍ਰਧਾਨ ਅਤੇ ਹੋਰ ਪਤਵੰਤੇ ਸੱਜਣਾਂ ਨੇ ਪੰਜਾਬ ਸਰਕਾਰ ਤੇ ਲੌਂਗੋਵਾਲ ਯਾਦਗਾਰ ਕਮੇਟੀ ਤੋਂ ਪੁਰਜ਼ੋਰ ਮੰਗ ਕੀਤੀ ਹੈ ਕਿ ਸੰਤ ਲੌਂਗੋਵਾਲ ਦੀ ਪਹਿਲੀ ਬਰਸੀ ਦੇ ਮੌਕੇ ਤੇ ਸ਼ੇਰਪੁਰ ਕਸਬੇ ਦੀ ਤਰੱਕੀ ਲਈ ਵੀ ਕੋਈ ਨਾ ਕੋਈ ਕਦਮ ਪੁਟੇ ਜਾਣ। ਉਨ੍ਹਾਂ ਲੋਕਾਂ ਨੂੰ ਜਿਨ੍ਹਾਂ ਸੰਤ ਲੌਂਗੋਵਾਲ ਨੂੰ ਬਚਾਉਣ ਲਈ ਆਪਣੀ ਜਾਨ ਦੀ ਪਰਵਾਹ ਨਾ ਕੀਤੀ ਤੇ ਹਮਲਾਵਰਾਂ ਨੂੰ ਮੌਕੇ ਤੇ ਫੜਿਆ ਤੇ ਫੜਨ ਵਾਲਿਆਂ ਤੋਂ ਇਲਾਵਾ ਉਨ੍ਹਾਂ ਦੇ ਆਖਰੀ ਸੰਦੇਸ਼ ਨੂੰ ਲੱਭ ਕੇ ਸ: ਬਰਨਾਲਾ ਤਕ ਪਹੁੰਚਾਉਣ ਵਾਲੇ ਸੰਤਾਂ ਦੇ ਨਾਲ ਗੋਲੀ ਦਾ ਨਿਸ਼ਾਨਾ ਬਣਨ ਵਾਲੇ ਹਰਮੇਲ ਸਿੰਘ ਬਾਰੇ ਵੀ ਸਰਕਾਰ ਨੂੰ ਕੋਈ ਐਲਾਨ ਜ਼ਰੂਰ ਕਰਨਾ ਚਾਹੀਦਾ ਹੈ।

ਸਿਆਸੀ ਘਰੂਟ — ਘਰੂਟਾਂ ਵਾਲੇ ਦੀ ਕਲਮ ਤੋਂ

● 10000 ਦਾ ਮੁਜ਼ਾਹਰਾ ..... 'ਗੱਪਸਤਾਨ ਟੈਮ'
— ਇਹ ਸਿਫਰਾਂ ਦਾ ਸ਼ੌਕ ਮਰਾਸਣ ਦੀ ਔਲਾਦ ਵਾਂਗ ਵਧਦਾ ਹੀ ਜਾਪਦੈ !

● ਸਖਤ ਮੁਖਾਲਫਤ ਕਰਾਂਗੇ .... 'ਗੱਪਸਤਾਨ ਟੈਮ'
— ਤਿੰਨ ਕਾਣਿਆਂ ਨੇ ਕੀ ਪੂਰੀ ਪਾ ਲੈਣੀ ਹੈ ?

● ਪੰਜਾਬ ਸਮਝੌਤਾ ਮਜ਼ਾਕ ਬਣਕੇ ਰਹਿ ਗਿਆ ..... ਗੱਪਸਤਾਨ ਟੈਮ
— ਜਿਸ ਦਿਨ ਤੋਂ ਦਾਰੂ ਦੀ ਬੋਤਲ ਲੈ ਕੇ ਲਿਖਣ ਵਾਲਾ ਤੇਰੇ ਪੱਲੇ ਪੈ ਗਿਆ

● ਅਤਿਵਾਦੀ ਫੜਾਏ ..... 'ਗੱਪਸਤਾਨ ਟੈਮ'
— "ਜੁਝਾਰੂ" ਤੇ "ਅਤਿਵਾਦੀ" ਸ਼ਬਦਾਂ ਦੀ ਇਕੋ ਸਮੇਂ ਵਰਤੋਂ ਤੇਰੇ ਗਿਰਗਟੀ ਕਿਰਦਾਰ ਦਾ ਹੀ ਕ੍ਰਿਸ਼ਮਾ ਹੈ !

● ਕਾਂਗਰਸ ਤੇ ਭਾਜਪਾ ਵਲੋਂ ਬਰਨਾਲਾ ਦਾ ਵਿਰੋਧ ...'ਗੱਪਸਤਾਨ ਟੈਮ'
— ਕਾਂਗਰਸ ਤੇ ਭਾਜਪਾ ਨਾਲ ਤੀਜੇ ਤੁਸੀਂ ਵੀ ਤਾਂ ਸ਼ਾਮਲ ਹੋ !

● ਸਿਰ ਸ਼ਰਮ ਨਾਲ ਝੁਕ ਜਾਂਦਾ ਹੈ .....'ਗੱਪਸਤਾਨ ਟੈਮ'
— ਤੇਰੇ ਲਈ ਸ਼ਰਮ ਵਿਚਾਰੀ ਕਿਹੜੇ ਬਾਗ਼ ਦੀ ਮੂਲੀ ਐ ਤੇਰਾ ਤਾਂ ਉਹ ਹਾਲ ਐ ਯਾਰਾਂ ਲਾਹੀ ਲੋਈ, ਕੀ ਕਰੇਗਾ ਕੋਈ !

● ਜੁਰਮਾਨਾ ਅਦਾ ਕਰੋ, ਨਹੀਂ ਤਾਂ ਰੰਡੀ ਬਣਾ ਦਿਤਾ ਜਾਵੇਗਾ ....
— ਕੁਝ ਚਿਰ ਅਟਕ - ਹਾਲ ਇਹੀ ਹੋਣਾ ਹੈ ! ਨਹੀਂ ਤਾਂ ਉਂਝ ਈ ਪੰਜ ਪੰਜ ਸੈਂਟ ਮੰਗਣ ਲਈ ਠੂਠੀ ਫੜਨੀ ਪਵੇਗੀ !

● ਸਭ ਤੋਂ ਪਹਿਲਾਂ ਸਾਨੂੰ ਮਾਰੋ ....
— ਮਰੇ ਹੋਏ ਨੂੰ ਮਾਰਕੇ ਖੂੰਨੀ ਕੌਣ ਕਹਾਏ ?

● ਸਿੱਖ ਗ੍ਰਿਫਤਾਰ ਕੀਤਾ ....'ਗੱਪਸਤਾਨ ਟੈਮ'
— ਹਰੀ ਸ਼ਰਮਾ ਦੀ ਦਿਤੀ ਸਿਖਿਆ ਦਾ ਅਸਰ ਨਹੀਂ ਹੋਇਆ ਲਗਦਾ !

● ਦਿਮਾਗੀ ਪ੍ਰੇਸ਼ਾਨੀ ....
— ਇਸ ਦਾ ਪਤਾ ਲਿਖਤ ਤੋਂ ਹੀ ਲੱਗ ਰਿਹਾ ਹੈ !

● ਪੈਸੇ ਇਕੱਠੇ ਕਰਨ ਦੇ ਸਦਾ ਨਵੇਂ ਬਹਾਨੇ ਟੋਲ੍ਹੇ .... ਘੱਗ
— ਘੱਗ ਸਾਹਿਬ, ਏਥੇ ਅੱਠ ਸਾਲ ਤੋਂ ਕਈ ਸਖਸ਼ ਏਹੀ ਚਾਲ ਚੱਲ ਕੇ ਟੱਬਰ ਪਾਲ ਰਹੇ ਹਨ ! ਉਤੋਂ ਗਾਲ੍ਹਾਂ ਵਿਚੋਂ ਮਿਲ ਮਾਲਕਾਂ ਤੋਂ ਪੰਜ ਪੰਜ ਸੌ ਡਾਲਰ ਵੀ ਲੈ ਆਉਂਦੇ ਹਨ ! ਇਹਨੂੰ ਕਹਿੰਦੇ ਹਨ 'ਬਲੱਡ ਮਨੀ।'

● ਝੂਠ ਸੱਚ ਨੂੰ 'ਕੱਠਾ ਕਰਕੇ ਫੋਕੀਆਂ ਮਾਰੇਂ ਟਾਹਰਾਂ ......
— ਏਸੇ ਕਰਕੇ ਇਸ ਦਾ ਨਾਂ 'ਗੱਪਸਤਾਨ' ਵਧੇਰੇ ਜਚਦਾ ਹੈ !

● ਨਫ਼ਰਤ ਦੇ ਭਾਂਬੜ ....
— ਬਾਲਣ ਵਾਲਿਆਂ ਨੂੰ ਵੀ ਆਖਰ ਸੇਕ ਲੱਗਦਾ ਹੈ !

● ਚੂਹੇ ਨੇ ਸਾਰੇ ਸ਼ਹਿਰ ਨੂੰ ਵਖਤ ਪਾ ਦਿਤਾ ....
— ਪਿਆਰਿਓ ਇਕ ਸ਼ਹਿਰ ਨੂੰ ਕੀ ਨਾਮੁਰਾਦ ਪੂਰੇ ਕੈਨੇਡਾ ਨੂੰ ਹੀ ਆਪਣੀ ਲਪੇਟ ਵਿਚ ਆ ਗਿਆ ਸਮਝਣ ਲਗ ਪਿਆ ਸੀ ।

● ਮੁਨਰੋ ਹੜਤਾਲ ਕਰਾਉਣੀ ਚਾਹੁੰਦਾ ਹੈ ....
— ਤੇ ਤੁਸੀਂ ਤੁੜਵਾਉਣ ਲਈ ਇਕ ਚੈਕ ਹੋਰ ਲੈ ਆਓ !

● ਕਾਲੀ ਦੁਪਹਿਰ ......
— 'ਕਾਲੇ ਸੂਰਜ' ਦੀ ਮਰਾਸੀ ਦਿੱਖ ਕਰਕੇ ਜਾਂ ਗੁੰਡੇ ਗਿਰਗਟ ਦੀਆਂ ਕਰਤੂਤਾਂ ਕਾਰਨ ਹੋ ਗਈ ?

● ਲੋਕ ਟੈਲੀਫੋਨ ਕਰਵਾ ਰਹੇ ਹਨ ....
— ਜਦ 'ਅਹਿਮਕ' ਤੇ 'ਬੁਝੜ' ਰਾਤਾਂ ਨੂੰ ਫੋਨ ਕਰਵਾਉਣ ਤਾਂ ਵਿਚਾਰੇ ਲੋਕ ਹੋਰ ਕਰ ਵੀ ਕੀ ਸਕਦੇ ਹਨ !

● ਚੱਕਰ ....
— ਕਿ ਚਕਲਾ ?

ਪੱਥਰਾਂ ਦਾ ਸ਼ਹਿਰ

ਮਹਿੰਦਰ ਸੁਮਲ, ਵੈਨਕੂਵਰ

ਕਰਨਾ ਤੁਸਾਂ ਕੀ ਪੱਥਰਾਂ ਦੇ ਸ਼ਹਿਰ ਨੂੰ
ਘਰ ਘਰ ਜਿਸਨੇ ਫੈਲਾਇਆ ਜ਼ਹਿਰ ਨੂੰ
ਗਧੀ-ਗੇੜ ਵਿਚ ਪਾਇਆ ਇਹਨੇ ਸਭ ਨੂੰ
ਅਜੇ ਨਾ ਸਮਝ ਕਾਹਤੋਂ ਆਈ ਜੱਗ ਨੂੰ
ਇਹੋ ਹੀ ਲਿਆਇਆ ਵਿਹੜਿਆਂ 'ਚ ਵੈਰ ਨੂੰ
ਕਰਨਾ ਤੁਸਾਂ ....

ਕੁਰਸੀ ਪਿਆਰੀ ਅੱਗ ਲੱਗੇ ਦੇਸ਼ ਨੂੰ
ਆਪਣੀ ਹੀ ਵਾੜ ਖਾਈ ਜਾਵੇ ਖੇਤ ਨੂੰ
ਝੂਠੇ ਲਾਰੇ ਵਿਚ ਚਿੱਟੇ ਬਾਣੇ ਰੱਖਿਆ
ਚੰਡੀ ਦਾ ਤੂੰ ਰੂਪ ਸਾਡੇ ਸ਼ਹਿਰ ਧੱਕਿਆ
ਅੱਖਾਂ ਖੋਲ੍ਹ ਵੇਖ ਜ਼ਰਾ ਹੋਏ ਕਹਿਰ ਨੂੰ
ਕਰਨਾ ਤੁਸਾਂ ....

ਇਸ ਸ਼ਹਿਰ ਅੱਗ ਨੂੰ
ਫੈਲਾਈ ਜਾਣਾ ਹੈ
ਦਿੱਲੀ ਇਹਨੂੰ ਦਾ ਉਤੇ
ਲਾਈ ਜਾਣਾ ਹੈ
ਕਰ ਸਮਝੌਤਾ ਮੁਕਰਾਈ
ਜਾਣਾ ਹੈ
ਸੁੱਚੇ ਸਾਹਾਂ ਵਿਚ ਘੋਲੀ
ਜਾਣਾ ਜ਼ਹਿਰ ਨੂੰ
ਕਰਨਾ ਤੁਸਾਂ ....

ਜਿਥੇ ਵੀ ਸਮਾਜੀ ਕੀੜੇ ਚੁੱਟ ਹੋਣਗੇ
ਉਥੇ ਸਮਝੌਤੇ ਸਦਾ ਠੁੱਸ ਹੋਣਗੇ
ਚੌਧਰਾਂ ਦੇ ਭੁੱਖੇ ਇਹ ਮਚੱਲ ਹੋਣਗੇ
ਮਸੂਲੇ ਕਦੇ ਨਹੀਂ ਇਹ ਹੱਲ ਹੋਣਗੇ
ਗੋਲਕ ਦਾ ਰਾਖਾ ਕਿਉਂ ਜਾਵੇ ਖੈਰ ਨੂੰ
ਕਰਨਾ ਤੁਸਾਂ

ਕਰਜੇ 'ਚ ਜੀਹਦਾ ਅੱਜ ਵਾਲ ਵਾਲ ਹੈ
ਠੰਡਾ ਚੁੱਲ੍ਹਾ ਜੀਹਦਾ ਭੁੱਖ ਦਾ ਸਵਾਲ ਹੈ
ਪੇਟ ਦੀ ਹੀ ਅੱਗ ਖਾ ਲਿਆ ਜਵਾਨੀ ਨੂੰ
ਕਰਨਾ ਕੀ ਉਸ ਇਸ ਰਾਜਧਾਨੀ ਨੂੰ
ਖਿੱਚੀ ਜਾਣਾ ਜਿਹਨੇ ਰਖਸ਼ੇ ਦੇ ਟੈਰ ਨੂੰ
ਕਰਨਾ ਤੁਸਾਂ ....

ਧਰਮਾਂ ਦੇ ਨਾਮ ਤੇ ਨਾ ਪਾਓ ਵੰਡੀਆਂ
ਕੱਠੇ ਕਿਵੇਂ ਰਹਿਣਾ ਫਿਰ ਸਤ ਸੰਗੀਆਂ
ਮਾਲਵਾ ਦੁਆਬਾ ਅੱਗੇ ਗੋਤ ਹੋਣਗੇ
ਕਰਮਾਂ ਨੂੰ ਕਾਮੇਂ ਕ੍ਰਿਸਾਨ ਰੋਣਗੇ
ਪੁਛਣਾ ਨਹੀਂ ਕਿਸੇ ਵੀ ਪੰਜਾਬੀ ਸ਼ਾਇਰ ਨੂੰ
ਕਰਨਾ ਤੁਸਾਂ ....

ਜੇ ਸੀ ਲੜਾਈ ਰਕਬੇ ਤੇ ਜਲ ਦੀ
ਬਣ ਗਈ ਕਿਵੇਂ ਇਹ ਵੱਖਵਾਦੀ ਝੱਲ ਦੀ
ਫਿਰੇ ਮਜ਼ਦੂਰ ਰਾਹੀਂ ਘੱਟਾ ਠਾਣ ਦਾ
ਕੌਡੀਆਂ 'ਚ ਜਾਵੇ ਮਾਲ ਕ੍ਰਿਸਾਨ ਦਾ
ਮੰਜ਼ਲੀਂ ਲੈ ਜਾਣਾ ਥੱਕੇ ਹੋਏ ਪੈਰ ਨੂੰ
ਕਰਨਾ ਤੁਸਾਂ ....

ਮਜ਼ਹਬੀ ਜਨੂੰਨ ਪੈਦਾ ਕਰੇ ਜਾਤ ਨੂੰ
ਚੇਤਨਾ ਹੈ ਹੋਈ ਕ੍ਰਿਤੀ ਜਮਾਤ ਨੂੰ
ਮੇਹਨਤੀ ਲੋਕਾਂ ਦਾ ਇਕੋ ਹੀ ਵਿਚਾਰ ਹੈ
ਧਰਮਾਂ ਦੇ ਨਾਂ ਤੇ ਹੋਈ ਮਾਰ ਧਾੜ ਹੈ
ਵੰਡਣ ਨਹੀਂ ਦੇਣਾ ਹੋਰ ਇਸ ਜ਼ਹਿਰ ਨੂੰ
ਕਰਨਾ ਤੁਸਾਂ ....

ਜਦੋਂ ਪੇਟ ਰੋਟੀ ਢਕੇ ਪੈਰ ਹੋਣਗੇ
ਆਪਣੇ ਹੀ ਉਦੋਂ ਸਾਰੇ ਸ਼ਹਿਰ ਹੋਣਗੇ
ਨਾ ਹੋਣਗੇ ਵਿਗਾਨੇ ਨਾ ਹੀ ਗੈਰ ਹੋਣਗੇ
ਨਾ ਹੋਣਗੇ ਔਰੰਗੇ ਨਾ ਹੀ ਡਾਇਰ ਹੋਣਗੇ
ਇਹ ਹੈ ਆਪਣਾ ਹੀ ਲਹੂ ਜਿਹੜਾ ਲੱਗਾ ਸੀ ਪੈਰ ਨੂੰ
ਕਰਨਾ ਤੁਸਾਂ ....

ਮੋੜ ਲੈ ਤੂੰ ਘਰੇ ਰੁੱਸੀ ਹੋਈ ਪ੍ਰੀਤ ਨੂੰ
ਸਾਂਭ ਲੈ ਤੂੰ ਸੋਹਣਿਆ ਪੰਜਾਬੀ ਗੀਤ ਨੂੰ
ਚਾਨਣਾ ਤੂੰ ਕਰ ਕਿਉਂ ਹਨੇਰ ਛਾ ਗਿਆ
ਤੇਰੇ ਪਾਣੀਆਂ 'ਚ ਕੌਣ ਗਾਰ ਪਾ ਗਿਆ
ਤਕੜਾ ਤੂੰ ਕਰ ਹੋਰ ਲੋਕ ਲਹਿਰ ਨੂੰ
ਕਰਨਾ ਤੁਸਾਂ ....

ਮੁੜ ਆਉਣਾ ਕਦੋਂ ਰੌਸ਼ਨੀ ਜਹੀ ਰੁੱਤ ਨੇ ?
ਚੁੰਮਣਾ ਕੁਰੰਬਲਾਂ ਨੂੰ ਕਦੋਂ ਰੁੱਖ ਨੇ ?
ਚਾਟੀ 'ਚ ਮਧਾਣੀ ਕਦੋਂ ਗੇੜਾ ਖਾਏਗੀ
ਕਦੋਂ ਮੁਟਿਆਰ ਮੁੜ ਗੀਤ ਗਾਏਗੀ
ਕਦੋਂ ਤਾਲ ਆਉਣਾ ਗਿੱਧੇ ਵਿਚ ਪੈਰ ਨੂੰ
ਕਰਨਾ ਕੀ ਤੁਸਾਂ ਪੱਥਰਾਂ ਦੇ ਸ਼ਹਿਰ ਨੂੰ ।

ਬੀ. ਸੀ. ਡੇ ਉਤੇ ਸ਼ਾਮਲ ਹੋਈ ਭੰਗੜੇ ਦੀ ਟੀਮ



ਭੰਗੜੇ ਦੀ ਟੀਮ ਹੋਰ ਕਲਚਰਲ ਗਰੁਪਾਂ ਨਾਲ

ਸਰੀ ਇੰਡੀਆ ਆਰਟਸ ਕਲੱਬ



ਪਿਛੇ ਖੜੇ — ਹਰਕਿਰਨ ਪਨੇਸਰ, ਸਵਰਨ ਮੱਲ੍ਹੀ, ਸਾਹਿਬ ਥਿੰਦ,

ਅੱਗੇ — ਚਰਨਜੀਤ ਸੈਣੀ, ਹਰਨੇਕ ਥਿੰਦ, ਜਰਨੈਲ ਲੇਲ੍ਹ, ਤਾਰੀ

ਕੈਨੇਡਾ ਵਿਚ ਰਫਿਊਜ਼ੀ ਦਾਅਵੇਦਾਰਾਂ ਦੀਆਂ ਅਰਜ਼ੀਆਂ ਦੀ ਜਾਂਚ ਸ਼ੁਰੂ

ਅਟਵਾ — ਫੈਡਰਲ ਰਾਜ ਮੰਤਰੀ ਗੈਰੀ ਵੀਨਰ ਅਨੁਸਾਰ ਰਫਿਊਜ਼ੀਆਂ ਦੀਆਂ ਅਰਜ਼ੀਆਂ ਤੇ ਵਿਚਾਰ ਸ਼ੁਰੂ ਹੋ ਗਿਆ ਹੈ ਤੇ ਸੈਂਕੜੇ ਦਰਖਾਸਤੀਆਂ ਨੂੰ ਪੱਤਰਾਂ ਰਾਹੀਂ ਸੂਚਿਤ ਕੀਤਾ ਜਾ ਰਿਹਾ ਹੈ ਇਹ ਅਮਲ 15 ਜੁਲਾਈ ਤੋਂ ਸ਼ੁਰੂ ਹੋ ਗਿਆ ਹੈ। ਇਹ ਆਸ ਕੀਤੀ ਜਾਂਦੀ ਹੈ ਕਿ ਦੋ ਤਿਹਾਈ ਤੋਂ ਲੈ ਕੇ ਤਿੰਨ ਚੌਥਾਈ ਲੋਕਾਂ ਦੀਆਂ ਅਰਜ਼ੀਆਂ ਮੁੜ ਵਿਚਾਰ ਲਈ ਮੰਨ ਲਈਆਂ ਜਾਣਗੀਆਂ। ਇਹ ਪ੍ਰਬੰਧਕੀ ਢਾਂਚੇ ਦੇ ਕੰਮ ਨੂੰ ਸੁਖਾਲਾ ਕਰਨ ਲਈ ਕੀਤਾ ਜਾ ਰਿਹਾ ਹੈ ਇਹਨਾਂ ਵਿਚੋਂ ਬਹੁਤਿਆਂ ਨੂੰ ਮਨੁਖੀ ਅਧਿਕਾਰਾਂ ਪਰਿਵਾਰਕ ਸੰਬੰਧਾਂ ਜਾਂ ਆਰਥਿਕ ਕਾਰਨਾਂ ਕਰਕੇ ਕੈਨੇਡਾ ਰਹਿਣ ਦੀ ਇਜਾਜ਼ਤ ਦਿਤੀ ਜਾਵੇਗੀ।

ਸ੍ਰੀ ਵੀਨਰ ਅਨੁਸਾਰ ਇਹ ਕਾਰਵਾਈ ਬੜੀ ਤੇਜ਼ੀ ਨਾਲ ਕੀਤੀ ਜਾਵੇਗੀ ਲੋਕਾਂ ਨੂੰ ਮੁਲਾਕਾਤਾਂ ਲਈ ਸਮਾਂ ਦਿਤਾ ਜਾ ਰਿਹਾ ਹੈ ਤਾਂਕਿ ਇਹ ਚੋਣ ਕੀਤੀ ਜਾ ਸਕੇ ਕਿ ਕੌਣ ਇਸ ਰਫਿਊਜ਼ੀ ਦਾਅਵੇ ਦਾ ਸਹੀ ਹੱਕਦਾਰ ਹੈ ਤੇ ਜੋ ਇਸ ਇੰਟਰਵੀਊ ਵਿਚ ਸਫਲ ਹੋ ਗਏ ਉਹਨਾਂ ਨੂੰ ਛੇਤੀ ਹੀ ਲੈਂਡਡ ਦਾ ਦਰਜਾ ਦਿਤਾ ਜਾਵੇਗਾ। ਸ੍ਰੀ ਵੀਨਰ ਹੋਰਾਂ ਅਗੇ ਕਿਹਾ ਕਿ ਅਸੀਂ ਤਿੰਨਾਂ ਸੂਬਿਆਂ ਬੀ. ਸੀ. ਕਿਊਬੈਕ ਅਤੇ ਓਨਟੋਰੀਓ ਵਿਚ ਜਿਥੇ ਸਭ ਤੋਂ ਵੱਧ ਅਰਜ਼ੀਆਂ ਆਈਆਂ ਨੇ ਸਪੈਸ਼ਲ ਸੈਂਟਰ ਖੋਲ੍ਹ ਰਹੇ ਹਾਂ।

ਸਾਰੇ ਦਰਖਾਸਤੀਆਂ ਨੂੰ ਉਹਨਾਂ ਦੀ ਯੋਗਤਾ ਅਤੇ ਅਯੋਗਤਾ ਬਾਰੇ ਅਕਤੂਬਰ 15 ਤੱਕ ਦਸ ਦਿਤਾ ਜਾਵੇਗਾ। ਇਹ ਇੰਟਰਵੀਊ ਅਗਸਤ ਤੋਂ ਚਲ ਕੇ ਅਪ੍ਰੈਲ 1987 ਤੱਕ ਪੂਰੇ ਹੋ ਜਾਣਗੇ।

ਛਪਦੇ ਛਪਦੇ……

ਗੁਰੂ ਘਰ ਸਰੀ-ਡੈਲਟਾ ਦੇ ਸਾਬਕਾ ਪ੍ਰਧਾਨ ਗੁਰਦਿਆਲ ਸਿੰਘ ਮਾਨ ਦੇ ਘਰ ਜਾ ਕੇ ਲੱਤਾਂ ਮਾਰਨ ਵਿਚ ਸੁਖਵਿੰਦਰ ਸਿੰਘ ਗਿੱਲ ਨੂੰ ਚਾਰਜ ਕਰ ਦਿਤਾ ਗਿਆ ਹੈ। ਇਸ ਬਾਰੇ ਪਿਛਲੇ ਹਫ਼ਤੇ ਸ਼ੁੱਕਰ ਵਾਰ ਜਾਣਕਾਰੀ ਪੁਲਸ ਨੇ ਜਾਰੀ ਕੀਤੀ ਹੈ!

ਟਰਾਂਜ਼ਿਸਟਰ ਬੰਬ ਕੇਸ ਦੀ ਸੁਣਵਾਈ ਲਈ ਵਿਸ਼ੇਸ਼ ਅਦਾਲਤ ਤੇ ਪਿੰਜਰਾ

ਨਵੀਂ ਦਿੱਲੀ — ਟਰਾਂਜ਼ਿਸਟਰ ਬੰਬ ਧਮਾਕੇ ਕੇਸ ਦੀ ਸੁਣਵਾਈ ਲਈ ਮੁਕੱਦਮਾ ਚਲਾਉਣ ਵਾਸਤੇ ਇਥੇ ਪਟਿਆਲਾ ਹਾਊਸ ਵਿਖੇ ਸਪੈਸ਼ਲ ਅਦਾਲਤ ਕਾਇਮ ਕੀਤੀ ਗਈ ਹੈ। ਜਿਸ ਵਿਚ ਕੈਦੀਆਂ ਲਈ ਇਕ ਲੋਹੇ ਦਾ ਕੈਦਖਾਨਾ (ਪਿੰਜਰਾ) ਬਣਾਇਆ ਗਿਆ ਹੈ। ਇਹ ਪਹਿਲੀ ਵਾਰ ਹੈ ਕਿ ਕਿਸੇ ਕੇਸ ਵਿਚ ਖੁਲ੍ਹੇ ਮੁਕੱਦਮੇ ਲਈ ਲੋਹੇ ਦਾ ਪਿੰਜਰਾ ਜਾਂ ਜੰਗਲਾ ਬਣਾਇਆ ਗਿਆ ਹੈ। ਇਸ ਲੋਹੇ ਦੇ ਜੰਗਲੇ ਵਿਚ ਅਦਾਲਤੀ ਸੁਣਵਾਈ ਸਮੇਂ ਕਥਿਤ ਦੋਸ਼ੀਆਂ ਨੂੰ ਰਖਿਆ ਜਾਵੇਗਾ ਪਿਛਲੇ ਸਾਲ ਮਈ ਮਹੀਨੇ ਵਿਚ ਕਥਿਤ ਦਹਿਸ਼ਤਪਸੰਦਾਂ ਨੇ ਟਰਾਂਜ਼ਿਸਟਰ ਵਿਚ ਅਨੇਕਾਂ ਬੰਬ ਰੱਖ ਕੇ ਰਾਜਧਾਨੀ ਦੇ ਵੱਖ ਵੱਖ ਥਾਵਾਂ ਤੇ ਰਖ ਦਿਤੇ ਸਨ। ਲੋਕਾਂ ਨੇ ਸਹਿਜ ਸੁਭਾਵਕ ਇਹ ਟਰਾਂਜ਼ਿਸਟਰ ਚੁਕ ਲਏ ਸਨ ਤੇ ਇਹਨਾਂ ਨੂੰ ਚਲਾਉਣ ਸਮੇਂ ਜ਼ੋਰਦਾਰ ਧਮਾਕੇ ਹੋਣ ਤੇ ਅਨੇਕਾਂ ਵਿਅਕਤੀ ਮਾਰੇ ਗਏ ਸਨ। ਇਹਨਾਂ ਕੇਸਾਂ ਵਿਚ ਲਗਪਗ ਇਕ ਦਰਜਨ ਲੋਕਾਂ ਨੂੰ ਗ੍ਰਿਫਤਾਰ ਕੀਤਾ ਗਿਆ ਤੇ ਇਕ ਦਰਜਨ ਹੋਰਨਾਂ ਨੂੰ ਭਗੌੜੇ ਦੋਸ਼ੀ ਕਰਾਰ ਦਿਤਾ ਗਿਆ। ਮੁਕੱਦਮਾ ਐਡੀਸ਼ਨਲ ਸੈਸ਼ਨ ਜੱਜ ਮੁਹੰਮਦ ਸ਼ਮੀਮ ਦੀ ਅਗਵਾਈ ਹੇਠ ਚਲਿਆ।

ਕਰੋ ਨਾ ਹਸਦ ਮੇਰੀ ਜ਼ਿੰਦਗੀ ਤੇ,
ਇਹ ਥੱਝਾ ਨੋਟ ਵੀ ਭਨਵਾ ਲਵਾਂਗਾ।

ਖਾਲਸਾ ਸਕੂਲ ਵੈਨਕੂਵਰ ਵਿਖੇ ਸ੍ਰੀ ਅਖੰਡਪਾਠ ਸਮਾਗਮ

ਅਰੰਭ ਅਖੰਡਪਾਠ ਸਾਹਿਬ : 29 ਅਗਸਤ, ਦਿਨ ਸ਼ੁਕਰਵਾਰ ਸਵੇਰੇ 9 ਵਜੇ

ਭੋਗ ਅਖੰਡਪਾਠ ਸਾਹਿਬ : 31 ਅਗਸਤ, ਦਿਨ ਐਤਵਾਰ ਸਵੇਰੇ 9 ਵਜੇ

ਉਕਤ ਦੀਵਾਨ ਸਜਣਗੇ। ਸਮਾਪਤੀ 12 ਵਜੇ ਹੋਵੇਗੀ। ਕੀਰਤਨ ਤੇ ਗੁਰਮਤ ਵਿਚਾਰਾਂ ਹੋਣਗੀਆਂ। ਗੁਰੂ ਕਾ ਲੰਗਰ ਅਤੁੱਟ ਵਰਤੇਗਾ।

ਹੋਰ ਜਾਣਕਾਰੀ ਲਈ :
6010 — ਫਰੇਜ਼ਰ ਸਟਰੀਟ ਵੈਨਕੂਵਰ — ਫੋਨ 321-1226
ਬਲਵੰਤ ਸਿੰਘ ਪੰਧੇਰ : 321-5495

ਸੂਚਨਾ

ਖਾਲਸਾ ਸਕੂਲ ਵੈਨਕੂਵਰ ਦੀ ਇਮਾਰਤ ਵਿਚ ਪੰਜਾਬੀ ਬੋਲੀ, ਕੀਰਤਨ, ਤਬਲਾ, ਸਿਖਾਉਣ ਦੀਆਂ ਕਲਾਸਾਂ ਸਤੰਬਰ ਤੋਂ ਸ਼ੁਰੂ ਹੋ ਰਹੀਆਂ ਹਨ। ਜਾਣਕਾਰੀ ਲਈ ਫੋਨ ਕਰੋ :

ਬਲਵੰਤ ਸਿੰਘ ਪੰਧੇਰ : 321-5495
ਸੁਰਜੀਤ ਸਿੰਘ ਗਿੱਲ : 325-0029

ਬਾਗੀ ਕਾਂਗਰਸੀ ਪੰਜਾਬ 'ਚ ਨਵੀਂ ਪਾਰਟੀ ਬਣਾਉਣ ਦੇ ਚੱਕਰ ਵਿਚ

ਮਲੋਟ, (ਪੱਤਰ ਪ੍ਰੇਰਕ) - ਪ੍ਰਧਾਨ ਮੰਤਰੀ ਅਤ ਆਲ ਇੰਡੀਆ ਕਾਂਗਰਸ (ਆਈ) ਕਮੇਟੀ ਦੇ ਪ੍ਰਧਾਨ ਸ੍ਰੀ ਰਾਜੀਵ ਗਾਂਧੀ ਆਪਣੇ ਖਿਲਾਫ ਬੋਲਣ ਵਾਲੇ ਉਚ ਕੋਟੀ ਦੇ ਕਾਂਗਰਸੀਆਂ ਨੂੰ ਪਾਰਟੀ ਵਿਚੋਂ ਮੱਖਣ ਦੇ ਵਾਲ ਵਾਂਗ ਕੱਢਦੇ ਜਾ ਰਹੇ ਹਨ ਜਿਸ ਨਾਲ ਪਾਰਟੀ ਵਿਚ ਅੰਦਰ ਅੰਦਰ ਅੱਗ ਸੁਲਗ ਰਹੀ ਹੈ।

ਦੂਜੇ ਪਾਸੇ ਬਾਗੀ ਕਾਂਗਰਸੀ ਸ੍ਰੀ ਪ੍ਰਣਾਬ ਮੁਖਰਜੀ ਸਾਬਕਾ ਵਿਤ ਮੰਤਰੀ, ਸ੍ਰੀ ਗੁਡੂੰ ਰਾਓ ਸਾਬਕਾ ਮੁੱਖ ਮੰਤਰੀ ਕਰਨਾਟਕਾ ਅਤੇ ਹੋਰਨਾਂ ਅਸੰਤੁਸ਼ਟ ਕਾਂਗਰਸੀਆਂ ਨੇ ਮਿਲ ਕੇ ਪ੍ਰਧਾਨ ਮੰਤਰੀ ਦੇ ਵਿਰੁੱਧ ਇਕ ਮਜ਼ਬੂਤ "ਚੱਕਰ ਵਿਊਹ" ਦੀ ਰਚਨਾ ਕੀਤੀ ਹੈ।

ਦਿੱਲੀ ਤੋਂ ਪਰਤੇ ਇਕ ਚੋਟੀ ਦੇ ਬਾਗੀ ਕਾਂਗਰਸੀ ਜਿਸ ਨੇ ਆਪਣਾ ਨਾਂ ਗੁਪਤ ਰੱਖਣ ਲਈ ਕਿਹਾ ਹੈ ਨੇ ਦੱਸਿਆ ਕਿ ਸ੍ਰੀ ਪ੍ਰਣਾਬ ਮੁਖਰਜੀ, ਸ੍ਰੀ ਏ. ਪੀ. ਸ਼ਰਮਾ ਸਾਬਕਾ ਗਵੰਰਨਰ ਪੰਜਾਬ, ਸ੍ਰੀ ਪ੍ਰਕਾਸ਼ ਮਹਿਰੋਤਰਾ ਅਤੇ ਸਿਸਿਰ ਬੋਸ ਐਮ. ਐਲ. ਏ. ਬੰਗਾਲ (ਸੁਭਾਸ਼ ਚੰਦਰ ਬੋਸ ਦੇ ਭਤੀਜੇ) ਅਗਸਤ ਦੇ ਦੂਜੇ ਹਫਤੇ ਪੰਜਾਬ ਦੇ ਦੌਰੇ ਉਤੇ ਆ ਰਹੇ ਹਨ ਅਤੇ ਇਕ ਨਵੀਂ ਰਾਜਸੀ ਪਾਰਟੀ ਬਣਾਉਣ ਲਈ ਪੰਜਾਬ ਦੇ ਬਾਗੀ ਕਾਂਗਰਸੀਆਂ, ਕਾਂਗਰਸ (ਐਸ), ਕਾਂਗਰਸ (ਜੇ) ਅਤੇ ਰਾਸ਼ਟਰੀਆ ਸੰਜੇ ਮੰਚ ਦੇ ਆਗੂਆਂ ਨਾਲ ਇਸ ਸਬੰਧੀ ਵਿਚਾਰ ਵਟਾਂਦਰਾ ਕਰਨਗੇ।

ਇਹ ਆਗੂ ਅੰਮ੍ਰਿਤਸਰ, ਗੁਰਦਾਸਪੁਰ ਜ਼ਿਲਿਆਂ ਦਾ ਦੌਰਾ ਕਰਨਗੇ ਜਿੱਥੇ ਕਿ ਬੇਗੁਨਾਹ ਲੋਕਾਂ ਦੇ ਦਹਿਸ਼ਤਪਸੰਦਾਂ ਹੱਥੋਂ ਕਤਲ ਹੋ ਰਹੇ ਹਨ ਅਤੇ ਕਈ ਡਰ ਦੇ ਮਾਰੇ ਆਪਣੇ ਘਰ ਬਾਰ ਛੱਡ ਕੇ ਬਾਹਰ ਜਾ ਰਹੇ ਹਨ। ਉਹ ਅੰਮ੍ਰਿਤਸਰ 'ਚ ਸ੍ਰੀ ਦਰਬਾਰ ਸਾਹਿਬ, ਸ੍ਰੀ ਦੁਰਗਿਆਨਾ ਮੰਦਰ ਅਤੇ ਜਲ੍ਹਿਆਂਵਾਲਾ ਬਾਗ ਵੀ ਜਾਣਗੇ।

ਇਸ ਆਗੂ ਨੇ ਦੱਸਿਆ ਕਿ ਚੋਟੀ ਦੇ ਬਾਗੀ ਕਾਂਗਰਸੀਆਂ ਦੇ ਪੰਜਾਬ ਆਉਣ ਦੀਆਂ ਤਿਆਰੀਆਂ ਮੁਕੰਮਲ ਕੀਤੀਆਂ ਜਾ ਰਹੀਆਂ ਹਨ। ਇਨ੍ਹਾਂ ਤਿਆਰੀਆਂ ਲਈ ਸ੍ਰੀ ਤੀਰਥ ਸਿੰਘ ਅੰਮ੍ਰਿਤਸਰ, ਸ੍ਰੀ ਪ੍ਰਮੋਦ ਅਗਰਵਾਲ ਜਲੰਧਰ ਦਿਨ ਰਾਤ ਇਕ ਕਰ ਰਹੇ ਹਨ। ਇਸ ਦੌਰੇ ਨਾਲ ਪੰਜਾਬ ਦੇ ਕਾਂਗਰਸੀਆਂ ਵਿਚ ਭਾਰੀ ਹਲਚਲ ਮਚੀ ਹੋਈ ਹੈ।

ਹਿੰਦੂ-ਸਿੱਖ ਏਕਤਾ ਲਈ ਸੰਗਠਨ

ਨਵੀਂ ਦਿੱਲੀ, (ਵਿਸ਼ੇਸ਼ ਪ੍ਰਤੀਨਿਧ) – ਪੰਜਾਬ ਅੰਦਰ ਫਿਰਕੂ ਤਣਾਓ ਦੀ ਸਥਿਤੀ ਨੂੰ ਵੇਖਦੇ ਹੋਏ ਰਾਜ ਵਿਚ ਵਸਣ ਵਾਲੇ ਦੋਵਾਂ ਮੁੱਖ ਫਿਰਕਿਆਂ ਦੇ ਲੋਕਾਂ ਨੂੰ ਇਕ ਦੂਸਰੇ ਦੇ ਨਜ਼ਦੀਕ ਲਿਆਉਣ ਲਈ ਕੰਮ ਕਰਨ ਵਾਸਤੇ ਨਵੀਂ ਦਿੱਲੀ ਸਿਟੀਜਨਜ਼ ਕੌਂਸਲ ਵਲੋਂ ਹਿੰਦੂ-ਸਿੱਖ ਸਦਭਾਵਨਾ ਐਸੋਸੀਏਸ਼ਨ ਨਾਂ ਦਾ ਇਕ ਨਵਾਂ ਸੰਗਠਨ ਬਣਾਇਆ ਗਿਆ ਹੈ।

ਕੈਨੇਡਾ ਦਰਪਣ ਦੇ ਪਾਠਕਾਂ ਅਤੇ ਵਪਾਰੀ ਵੀਰਾਂ ਲਈ

'ਕੈਨੇਡਾ ਦਰਪਣ' ਦੇ ਦਫ਼ਤਰ ਦਾ ਸਮਾਂ :
ਸੋਮਵਾਰ ਤੋਂ ਸ਼ੁਕਰਵਾਰ — 10 ਵਜੇ ਤੋਂ 5 ਵਜੇ ਸ਼ਾਮ
ਫੋਨ : 581-4473

ਜਿੰਦਾ ਤੇ 3 ਹੋਰਨਾਂ ਦਾ 14 ਤਕ ਪੁਲਸ ਰਿਮਾਂਡ

ਗੁਰਦਾਸਪੁਰ, -(ਯੂ ਐਨ ਆਈ) ਬੀ ਐਸ ਐਫ ਤੇ ਪੁਲਸ ਨੇ ਪਿਛਲੇ ਦਿਨ ਜਿਨ੍ਹਾਂ ਸ਼ਕੀ ਬੰਦਿਆਂ ਹਰਜਿੰਦਰ ਸਿੰਘ ਉਰਫ ਜਿੰਦਾ, ਨਿਸ਼ਾਨ ਸਿੰਘ, ਤਰਸੇਮ ਸਿੰਘ ਤੇ ਸ਼ਮਸ਼ੇਰ ਸਿੰਘ ਨੂੰ ਗ੍ਰਿਫਤਾਰ ਕੀਤਾ ਸੀ, ਦਾ ਅਦਾਲਤ ਨੇ 14 ਅਗਸਤ ਤਕ ਪੁਲਸ ਰਿਮਾਂਡ ਦਿਤਾ ਹੈ। ਇਸ ਦੌਰਾਨ ਪੁਲਸ ਨੇ ਨਿਸ਼ਾਨ ਸਿੰਘ ਦੇ ਘਰੋਂ ਐਚ ਈ-36 ਟਾਈਪ ਦੇ ਹੈਂਡ ਗਰਨੇਡ ਬਰਾਮਦ ਕੀਤੇ ਹਨ। ਨਿਸ਼ਾਨ ਸਿੰਘ ਬੀ ਐਸ ਐਫ ਵਿਚ ਸਾਬਕ ਕਮਾਂਡੋ ਇਨਸਟਰਕਟਰ ਸੀ, ਫੜੇ ਗਏ ਉਕਤ ਸਾਰੇ ਵਿਅਕਤੀ ਅੱਤਵਾਦੀਆਂ ਨੂੰ ਕਥਿਤ ਤੌਰ ਤੇ ਅਸਲ੍ਹਾ ਸਪਲਾਈ ਕਰਦੇ ਸਨ। ਸ਼ਮਸ਼ੇਰ ਸਿੰਘ ਨੂੰ ਅੰਮ੍ਰਿਤਸਰ ਦੇ ਚਾਟੀਵਿੰਡ ਇਲਾਕੇ ਤੋਂ ਉਹਦੀ ਫੈਕਟਰੀ ਵਿਚੋਂ ਫੜਿਆ ਗਿਆ, ਜਦੋਂ ਕਿ ਬਾਕੀਆਂ ਨੂੰ ਬੀ ਐਸ ਐਫ ਨੇ ਕਾਦੀਆਂ ਜ਼ਿਲਾ ਗੁਰਦਾਸਪੁਰ ਵਿਚੋਂ ਫੜਿਆ ਹੈ।

ਬੁਝੇ ਹੋਏ ਦਿਲ ਨੂੰ ਮੁੜ ਸੁਲਗਾ ਕੇ ਠਾਕਰ,
ਨਵਾਂ ਕੋਈ ਪਵਾੜਾ ਪਾ ਲਵਾਂਗਾ।

Hindu Council of Canada

Annual Conference (1986)

to be held at the VISHVA HINDU PARISHAD TEMPLE
3885 Albert St. Burnaby, B.C.

on Friday August 29/1986, Saturday August 30/1986 and Sunday August 31/1986

GALA DINNER

And GALA CULTURAL SHOW (Sangeet Aur Nritya Bhari Sham)

to be held at Robson Square Media Centre
800 Robson St., Vancouver, B.C.
on Saturday August 30/1986 at 6 p.m.

Chief Guest — Honourable Grace McCarthy

for information and tickets call :
Dr. Avinash Anand 438-3802
Dr. S.N. Bannerji 271-9283
Roshan Kochhar 254-6459
Khub Samtani 526-8488

125 ਖਤਰਨਾਕ ਅਤਿ-ਵਾਦੀਆਂ ਦੀ ਪੰਜਾਬ 'ਚ ਘੁਸਪੈਂਠ ਕਿਸੇ ਸਮੇਂ ਵੀ ਸੰਭਵ


ਨਵੀਂ ਦਿੱਲੀ — ਖੁਫੀਆ ਏਜੰਸੀਆਂ ਨੇ ਚਿਤਾਵਨੀ ਦਿਤੀ ਹੈ ਕਿ ਇਸ ਸਾਲ ਅਕਤੂਬਰ ਤਕ ਪਾਕਿਸਤਾਨ ਤੋਂ ਸਿਖਲਾਈ ਪ੍ਰਾਪਤ 125 ਖਤਰਨਾਕ ਦਹਿਸ਼ਤਪਸੰਦ ਪੰਜਾਬ ਦੇ ਸਰਹੱਦੀ ਜ਼ਿਲਿਆਂ ਵਿਚ ਗੜਬੜ ਕਰਨ ਦੇ ਉਦੇਸ਼ ਨਾਲ ਭਾਰਤ ਵਿਚ ਦਾਖਲ ਹੋ ਸਕਦੇ ਹਨ। ਇਹ ਦਹਿਸ਼ਤਪ੍ਰਸਤ ਅਪਰੇਸ਼ਨ ਬਲਿਊ ਸਟਾਰ ਦੌਰਾਨ ਪਾਕਿਸਤਾਨ ਚਲੇ ਗਏ ਸਨ ਅਤੇ ਇਨ੍ਹਾਂ ਦੀ ਗਿਣਤੀ ਸੈਂਕੜਿਆਂ ਵਿਚ ਹੈ। ਇਨ੍ਹਾਂ ਲੋਕਾਂ ਨੂੰ ਭੰਨਤੋੜ ਦੇ ਢੰਗ ਤਰੀਕਿਆਂ ਦੀ ਪੂਰੀ ਸਿਖਲਾਈ ਦੇਣ ਪਿਛੋਂ ਪੰਜਾਬ ਵਿਚ ਭੇਜਿਆ ਜਾ ਰਿਹਾ ਹੈ।

ਖੁਫੀਆ ਸੂਤਰਾਂ ਅਨੁਸਾਰ ਖੁਫੀਆ ਏਜੰਸੀਆਂ ਨੇ ਉਨ੍ਹਾਂ 300 ਸਿਖ ਦਹਿਸ਼ਤਪਸੰਦ ਤੋਂ ਖਿਡੇ ਪੁੰਡੇ ਰੂਪ ਵਿਚ ਇਹ ਸੂਚਨਾ ਇਕੱਤਰ ਕੀਤੀ ਹੈ ਜਿਨ੍ਹਾਂ ਨੇ ਪੰਜਾਬ ਪੁਲੀਸ ਅਗੇ ਇਸ ਸਾਲ ਮਈ ਤੋਂ ਜੁਲਾਈ ਦੌਰਾਨ ਆਤਮ ਸਮਰਪਣ ਕੀਤਾ ਹੈ। ਆਤਮ ਸਮਰਪਣ ਕਰਨ ਵਾਲੇ ਇਨ੍ਹਾਂ ਦਹਿਸ਼ਤਪਸੰਦਾਂ ਦੀ ਚੰਡੀਗੜ੍ਹ, ਅੰਮ੍ਰਿਤਸਰ, ਗੁਰਦਾਸਪੁਰ, ਫਰੀਦਕੋਟ ਅਤੇ ਫਿਰੋਜ਼ਪੁਰ ਜ਼ਿਲਿਆਂ ਵਿਚ ਪੁੱਛਗਿਛ ਕੀਤੀ ਗਈ। ਇਹ ਪੁੱਛਗਿਛ ਪੰਜਾਬ ਪੁਲੀਸ, ਖੁਫੀਆ ਬਿਊਰੋ, ਸੀ. ਬੀ. ਆਈ., ਬੀ. ਐਸ. ਐਫ. ਅਤੇ ਹੋਰਨਾ ਨੇ ਕੀਤੀ ਹੈ। ਇਨ੍ਹਾਂ ਸਭਨਾਂ ਨੇ ਪਾਕਿਸਤਾਨ ਵਿਚ ਖੁਫੀਆ ਏਜੰਸੀਆਂ ਵਲੋਂ ਕੀਤੇ ਜਾ ਰਹੇ ਤਸ਼ੱਦਦ ਬਾਰੇ ਜਾਣਕਾਰੀ ਦਿੱਤੀ। ਬੀ. ਐਸ. ਐਫ ਦੇ ਸੂਤਰਾਂ ਅਨੁਸਾਰ ਜਿਨ੍ਹਾਂ ਲੋਕਾਂ ਨੇ ਸਰਹੱਦ ਉਤੇ ਬੀ. ਐਸ. ਐਫ ਟੱਗੇ ਆਤਮ ਸਮਰਪਣ ਕੀਤਾ ਉਹ ਜਾਪਦਾ ਸੀ ਜਿਵੇਂ ਇਕ ਨਾਟਕ ਹੀ ਸੀ। ਰੌਚਕ ਗੱਲ ਇਹ ਹੈ ਕਿ ਪਾਕਿਸਤਾਨ ਰੇਂਜਰਾਂ ਨੇ ਉਨ੍ਹਾਂ ਨੂੰ ਭਾਰਤ ਦੀ ਹੱਦ ਵਿਚ ਧੱਕ ਦਿਤਾ ਤਾਂ ਉਨ੍ਹਾਂ ਨੇ ਮੰਨਿਆ ਕਿ ਉਨ੍ਹਾਂ ਕੋਲ ਭਾਰਤੀ ਕਰੰਸੀ ਹੈ। ਉਨ੍ਹਾਂ ਦੱਸਿਆ ਕਿ ਸ਼ੁਰੂ ਸ਼ੁਰੂ ਵਿਚ ਉਨ੍ਹਾਂ ਨੂੰ ਫੈਸਲਾਵਾਦ, ਇਸਲਾਮਾਬਾਦ, ਲਾਹੌਰ, ਕਸੂਰ, ਬਹਾਵਲਪੁਰ ਅਤੇ ਹੋਰਨਾ ਥਾਵਾਂ ਤੇ ਸਿਖਲਾਈ ਦਿਤੀ ਗਈ।

ਪੰਜਾਬੋਂ ਗਏ ਪਰਿਵਾਰਾਂ ਲਈ ਦਿੱਲੀ 'ਚ ਵਸੇਬੇ ਦਾ ਪ੍ਰਬੰਧ

ਨਵੀਂ ਦਿੱਲੀ — ਪੰਜਾਬ ਵਿਚੋਂ ਇਥੇ ਪੁਜੇ ਹਿੰਦੂ ਪਰਿਵਾਰਾਂ ਨੂੰ ਮੰਦਰਾਂ ਅਤੇ ਆਰੀਆ ਸਮਾਜ ਘਰਾਂ ਵਿਚੋਂ ਉਠਾ ਕੇ ਚੰਗੀਆਂ ਰਿਹਾਇਸ਼ੀ ਥਾਵਾਂ ਉਤੇ ਭੇਜਿਆ ਜਾ ਰਿਹਾ ਹੈ। ਪੰਜਾਬ ਵਿਚੋਂ ਇਥੇ 323 ਪਰਿਵਾਰ ਪੁਜੇ ਹਨ। ਇਨ੍ਹਾਂ ਨੂੰ ਜਵਾਲਾਪੁਰੀ ਵਿਚ 79 ਕਮਰਿਆਂ ਵਾਲੇ ਪਾਲਿਕਾ ਹੋਸਟਲ ਅਤੇ ਮੰਗੋਲਪੁਰੀ ਦੇ 282 ਕਮਰਿਆਂ ਵਾਲੇ ਵਰਕ ਸੈਂਟਰ ਵਿਚ ਪ੍ਰਤੀ ਪਰਿਵਾਰ ਇਕ-ਇਕ ਕਮਰਾ ਦਿੱਤਾ ਗਿਆ ਹੈ।

ਕੁਝ ਸਿਆਸਤਦਾਨਾਂ ਦੇ ਕਹਿਣ ਉਤੇ ਪਹਿਲਾਂ ਤਾਂ ਇਨ੍ਹਾਂ ਨੇ ਤਿਲਕ ਵਿਹਾਰ ਅਤੇ ਉਤਮ ਨਗਰ ਵਿਚੋਂ ਜਾਣ ਤੋਂ ਇਨਕਾਰ ਕਰ ਦਿਤਾ ਸੀ ਪਰ ਜਦੋਂ ਉਨ੍ਹਾਂ ਨੂੰ ਸਪੱਸ਼ਟ ਹੋ ਗਿਆ ਕਿ ਉਨ੍ਹਾਂ ਨੂੰ ਪੱਕੇ ਤੌਰ ਉਤੇ ਮਕਾਨ ਅਲਾਟ ਨਹੀਂ ਕੀਤੇ ਜਾ ਸਕਦੇ ਤਾਂ ਉਹ ਸਰਕਾਰ ਵਲੋਂ ਦਿਤੇ ਗਏ ਨਵੇਂ ਕਮਰਿਆਂ ਵਿਚ ਜਾਣ ਲਈ ਸਹਿਮਤ ਹੋ ਗਏ। ਜਿਨ੍ਹਾਂ ਥਾਵਾਂ ਉਤੇ ਉਨ੍ਹਾਂ ਨੂੰ ਰਿਹਾਇਸ਼ੀ ਕਮਰੇ ਦਿਤੇ ਜਾ ਰਹੇ ਹਨ ਉਥੇ ਜੀਵਨ ਲਈ ਲੋੜੀਂਦੀਆਂ ਸਹੂਲਤਾਂ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ। ਦਿੱਲੀ ਪ੍ਰਸ਼ਾਸਨ ਵਲੋਂ ਇਨ੍ਹਾਂ ਪਰਿਵਾਰਾਂ ਨੂੰ ਗੁਜ਼ਾਰਾ ਭੱਤਾ ਦਿਤੇ ਜਾਣ ਦੀ ਤਜਵੀਜ਼ ਵੀ ਹੈ।



ਮੁਕਤਸਰ ਬੱਸ ਕਾਂਡ ਵਿਚ ਮਾਰੇ ਗਏ ਬੱਸ ਯਾਤਰੀਆਂ ਦੀ ਯਾਦ ਵਿਚ ਪਿੰਡ ਲੁਬਾਣਿਆਂ ਵਾਲੀ ਵਿਖੇ ਰੱਖੇ ਗਏ ਅਖੰਡ ਪਾਠ ਦੇ ਮੌਕੇ 'ਤੇ ਮ੍ਰਿਤਕਾਂ ਦੇ ਦੁਖੀ ਪਰਿਵਾਰ ਪਾਠ ਸੁਣਦੇ

ਮੈਥਲੀ ਸ਼ਰਨ ਗੁਪਤ ਨੂੰ ਸ਼ਰਧਾਂਜਲੀ

ਨਵੀਂ ਦਿਲੀ — ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਅਤੇ ਉਪਰਾਸ਼ਟਰਪਤੀ ਆਰ. ਵੈਂਕਟਰਮਨ ਨੇ ਮੈਥਲੀ ਸ਼ਰਨ ਗੁਪਤ ਨੂੰ ਰਾਸ਼ਟਰੀ ਕਵੀ ਜੋਂ ਭਰਪੂਰ ਸ਼ਰਧਾਂਜਲੀ ਭੇਟ ਕੀਤੀ ਤੇ ਕਿਹਾ ਕਿ ਉਨ੍ਹਾਂ ਵਲੋਂ ਆਜ਼ਾਦੀ ਦੇ ਸੰਗਰਾਮ ਵਿਚ ਪਾਇਆ ਮਹਾਨ ਯੋਗਦਾਨ ਕਦੇ ਵੀ ਭੁਲਾਇਆ ਨਹੀਂ ਜਾ ਸਕੇਗਾ। ਰਾਸ਼ਟਰਪਤੀ ਉਘੇ ਕਵੀ ਦੇ ਜਨਮ ਸ਼ਤਾਬਦੀ ਦੇ ਮੌਕੇ 'ਤੇ ਇਕ ਪ੍ਰਭਾਵਸ਼ਾਲੀ ਸਮਾਗਮ ਨੂੰ ਸੰਬੋਧਨ ਕਰ ਰਹੇ ਸਨ।

ਜਥੇਦਾਰ ਅਜੀਤ ਸਿੰਘ ਨੂੰ ਛੱਡ ਦਿਤਾ

ਖਰੜ — ਇਥੋਂ ਦੀ ਇਕ ਪੁਲਸ ਪਾਰਟੀ ਜਿਸ ਵਿਚ ਦੋ ਥਾਣੇਦਾਰ ਸਨ, ਅਕਾਲੀ ਜਥਾ ਜ਼ਿਲਾ ਰੋਪੜ ਦੇ ਮੀਤ ਪ੍ਰਧਾਨ ਜਥੇਦਾਰ ਅਜੀਤ ਸਿੰਘ ਨੂੰ ਫੜ ਕੇ ਥਾਣੇ ਲੈ ਆਈ। ਪੁਲੀਸ ਦਾ ਕਹਿਣਾ ਹੈ ਕਿ ਜਥੇਦਾਰ ਅਜੀਤ ਸਿੰਘ ਦਾ ਬਾਬਾ ਅਕਾਲੀ ਦਲ ਨਾਲ ਸਬੰਧ ਹੈ, ਪਰ ਅਜੀਤ ਸਿੰਘ ਨੇ ਪੁਲੀਸ ਨੂੰ ਦੱਸਿਆ ਕਿ ਉਹ ਤਾਂ ਅਕਾਲੀ ਜਥਾ ਜ਼ਿਲਾ ਰੋਪੜ ਦਾ ਮੀਤ ਪ੍ਰਧਾਨ ਹੈ। ਉਸ ਦਾ ਬਾਬਾ ਅਕਾਲੀ ਦਲ ਨਾਲ ਕੋਈ ਸਬੰਧ ਨਹੀਂ ਹੈ। ਇਸ ਗੱਲ ਤੋਂ ਪੁਲੀਸ ਨੇ ਉਸ ਨੂੰ ਛੱਡ ਦਿਤਾ।

ਕੈਨੇਡਾ ਦਹਿਸ਼ਤਪਸੰਦਾਂ ਨੂੰ ਪਨਾਹ ਨਹੀਂ ਦੇਵੇਗਾ

ਨਵੀਂ ਦਿੱਲੀ — ਕੈਨੇਡਾ ਦੇ ਪ੍ਰਧਾਨ ਮੰਤਰੀ ਮਲਰੂਨੀ ਨੇ ਰਾਜੀਵ ਗਾਂਧੀ ਨੂੰ ਭਰੋਸਾ ਦਿਤਾ ਹੈ ਕਿ ਕੈਨੇਡਾ ਸਿਖ ਦਹਿਸ਼ਤਪਸੰਦਾਂ ਨੂੰ ਪਨਾਹ ਨਹੀਂ ਦੇਵੇਗਾ। ਮਿਨੀ ਰਾਸ਼ਟਰ ਮੰਡਲ ਸਿਖਰ ਵਾਰਤਾ ਸ਼ੁਰੂ ਹੋਣ ਤੋਂ ਪਹਿਲਾਂ ਸ੍ਰੀ ਰਾਜੀਵ ਗਾਂਧੀ ਨਾਲ ਮੁਲਾਕਾਤ ਵਿਚ ਸ੍ਰੀ ਮਲਰੂਨੀ ਨੇ ਕਿਹਾ ਕਿ ਕੈਨੇਡਾ ਨੇ ਸਿੱਖ ਅਤਿਵਾਦੀਆਂ ਦੀਆਂ ਸਰਗਰਮੀਆਂ ਨੂੰ ਰੋਕਣ ਲਈ ਪਹਿਲਾਂ ਹੀ ਕਈ ਕਦਮ ਚੁਕ ਲਏ ਹਨ ਅਤੇ ਉਹ ਇਸੇ ਸਿਲਸਿਲੇ ਵਿਚ ਕੁਝ ਹੋਰ ਕਦਮ ਵੀ ਲਵੇਗਾ।

ਸ੍ਰੀ ਮਲਰੂਨੀ ਨੇ ਕੈਨੇਡਾ ਸਰਕਾਰ ਵਲੋਂ ਚੁਕੇ ਗਏ ਕਦਮਾਂ ਦਾ ਖੁਲਾਸਾ ਦਿਤਾ। ਉਨ੍ਹਾਂ ਸੱਪਸਟ ਕੀਤਾ ਕਿ ਕੈਨੇਡਾ ਸਰਕਾਰ ਆਪਣੇ ਮੁਲਕ ਨੂੰ ਭਾਰਤ-ਵਿਰੋਧੀ ਸਰਗਰਮੀਆਂ ਲਈ ਵਰਤਣ ਦੀ ਖੁੱਲ੍ਹ ਕਿਸੇ ਨੂੰ ਵੀ ਨਹੀਂ ਦੇਵੇਗੀ।

ਬਰਤਾਨਵੀ ਬਦੇਸ਼ ਮੰਤਰੀ ਸਰ ਜੈਫਰੀ ਹੋਵ ਸ੍ਰੀ ਗਾਂਧੀ ਨੂੰ ਮਿਲੇ ਸਨ ਇਸ ਮੀਟਿੰਗ ਦੌਰਾਨ ਸ੍ਰੀ ਗਾਂਧੀ ਨੇ ਬਰਤਾਨੀਆ ਵਿਚ ਭਾਰਤ-ਵਿਰੋਧੀ ਦਹਿਸ਼ਤਪਸੰਦਾਂ ਦੀਆਂ ਸਰਗਰਮੀਆਂ ਦਾ ਸਵਾਲ ਉਠਾਇਆ। ਇਹ ਗੱਲਾਂ ਦਾ ਬਿਓਰਾ ਕੈਬਨਿਟ ਨੂੰ ਦਿਤਾ ਗਿਆ ਦੱਸਿਆ ਜਾਂਦਾ ਹੈ।

ਮੈਂ ਆਪਣੇ ਆਪ ਨੂੰ ਸਮਝਾ ਲਵਾਂਗਾ,
ਤੁਸੀਂ ਖੁਸ਼ ਹੋ ਤਾਂ ਮੌਹਰਾ ਖਾ ਲਵਾਂਗਾ।

ਵਿਅੰਗ

ਜੇ ਐਲ ਨੰਦਾ



ਪੇਂਡੂ ਮੁਲਾਜ਼ਮ

ਘਸੀਟਾ ਪੰਜਾਬ ਸਰਕਾਰ ਦਾ ਪੱਕਾ ਮੁਲਾਜ਼ਮ ਹੈ। ਉਹ ਅਜਿਹੇ ਪਿੰਡ ਵਿਚ ਨੌਕਰ ਹੈ ਜਿਥੇ ਸਹੁੰ ਖਾਣ ਲਈ ਵੀ ਕੋਈ ਸਹੂਲਤ ਗਿਣੀ ਨਹੀਂ ਜਾ ਸਕਦੀ। ਲਿੰਕ ਰੋਡ ਗਿੱਲ ਮਨਿਸਟਰੀ ਵੇਲੇ ਦੀ ਬਣੀ ਹੋਈ ਹੈ.....ਹੁਣ ਇਸ ਵਿਚ ਥਾਂ ਥਾਂ ਟੋਏ ਹਨ। ਸਰਕਾਰੀ ਬੱਸ ਇਕ ਚੱਕਰ ਮਾਰਦੀ ਹੈ। ਇਕ ਪਿੰਡ ਤੋਂ ਦੂਜੇ ਪਿੰਡ ਤੀਕ ਸਫਰ ਕਰਨ ਵਾਲੇ ਦੇ ਢਿੱਡ ਦੀਆ ਆਂਦਰਾਂ ਢੋਲਕੀ ਦੀਆਂ ਤੜਾਵਾਂ ਵਾਂਗ ਕੱਸੀਆਂ ਜਾਂਦੀਆਂ ਹਨ। ਅਖਬਾਰ ਪ੍ਰਾਪਤ ਕਰਨ ਲਈ ਨਾਈਆਂ ਦੇ ਘੁੱਦੇ ਨੂੰ ਖਮਾਣੋਂ ਮੰਡੀ ਤੀਕ ਨੌਂ ਕਿਲੋਮੀਟਰ ਸਾਈਕਲ ਤੇ ਲੱਤਾਂ ਮਾਰਨੀਆਂ ਪੈਂਦੀਆਂ ਹਨ। ਏਥੇ ਡਾਕ ਘਰ ਕੋਈ ਨਹੀਂ ਜੰਗਾਲ ਖਾਧਾ ਘਸਮੈਲਾ ਜਿਹਾ ਇਕ ਲੈਟਰ ਬਕਸ ਟਾਹਲੀ ਨਾਲ ਨੂੜਿਆ ਹੋਇਆ ਹੈ। ਵਿਹਲ ਮਿਲਣ ਤੇ ਇਕ ਮਸਤ-ਮੌਲਾ ਜਿਹਾ ਡਾਕੀਆ ਤੀਜੇ ਚੌਥੇ-ਦਿਨ ਡਾਕ ਵੰਡ ਜਾਂਦਾ ਹੈ ਅਤੇ ਲੈਟਰ ਬਕਸ ਦਾ ਢਿੱਡ ਫਰੋਲਕੇ ਉਸ ਨੂੰ ਹੌਲਾ ਕਰ ਜਾਂਦਾ ਹੈ। ਭਾਖੜਾ ਮੇਨ ਲਾਈਨ ਦੇ ਦਿਓ ਕੱਦ ਖੰਭੇ ਖੇਤਾਂ ਵਿਚ ਵਾਹੀਯੋਗ ਰਕਬਾ ਬਰਬਾਦ ਕਰਨ ਲਈ ਗੱਡੇ ਹੋਏ ਹਨ। ਬਿਜਲੀ ਪਿੰਡ ਵਾਲਿਆਂ ਨਾਲ ਅਕਸਰ ਰੁੱਸੀ ਰਹਿੰਦੀ ਹੈ। ਕਿਸਾਨ ਦਿਨ ਰਾਤ ਮੋਟਰਾਂ ਦੇ ਸਿਰ੍ਹਾਣੇ ਬੈਠੇ ਊਂਘਦੇ ਰਹਿੰਦੇ ਹਨ। ਡਿਸਪੈਂਸਰੀ ਕੋਈ ਨਹੀਂ। ਬੰਦੇ ਪਸ਼ੂਆਂ ਵਾਂਗ ਮਰ ਜਾਂਦੇ ਹਨ। ਪਸ਼ੂ ਬੰਦਿਆਂ ਨੂੰ ਕੋਸਦੇ ਮਰ ਜਾਂਦੇ ਹਨ। ਪਿੰਡ ਦੇ ਲੰਬੇ ਚੌੜੇ ਟੋਭੇ ਵਿਚ ਇਕ ਪਾਸੇ ਭਰਤੀ ਪਾ ਕੇ ਬੁੱਤਾ-ਧੱਕ ਮਿਡਲ ਸਕੂਲ ਦੀ ਬਿਲਡਿੰਗ ਖੜ੍ਹੀ ਕੀਤੀ ਹੋਈ ਹੈ।

ਪੇਂਡੂ ਲੋਕ ਆਪਣੇ ਰਹਿਣ ਜਾਂ ਪਸ਼ੂਆਂ ਦੇ ਖੜ੍ਹਣ ਜੋਗੀ ਥਾਂ ਹੀ ਮੁਸ਼ਕਿਲ ਨਾਲ ਛੱਡਦੇ ਹਨ। ਮੁਲਾਜ਼ਮਾਂ ਲਈ ਉਹ ਧੌਲਰ ਕਿਥੋਂ ਉਸਾਰ ਦੇਣ। ਘਸੀਟੇ ਨੂੰ ਪਿੰਡ ਵਿਚ ਕਿਸੇ ਨੇ ਇਕ ਕਮਰਾ ਵੀ ਰਹਿਣ ਲਈ ਨਾ ਦਿੱਤਾ। ਸ਼ਿੰਗਾਰਾ 'ਲੰਬੜ' ਜ਼ਿੰਦਾ-ਦਿਲ, ਸਿਰ-ਕੱਢ ਅਤੇ ਸਿਆਣਾ ਬੰਦਾ ਹੈ। ਉਸ ਨੇ ਆਪਣੀ ਮੋਟਰ ਵਾਲੇ ਕੋਠੇ ਦੀ ਇਕ ਚਾਬੀ ਘਸੀਟੇ ਨੂੰ ਦੇ ਦਿੱਤੀ। ਮੋਟਰ ਤੇ ਛੱਤਿਆ ਦੋਖਣਾਂ ਦਾ ਨਿੱਕਾ ਜਿਹਾ ਕੋਠਾ ਹੀ ਉਸ ਦੀ ਠਾਹਰ ਹੈ—ਸਕੂਲ ਅਤੇ ਪਿੰਡ ਤੋਂ ਦੂਰ, ਧੁੱਪ ਦੀ ਬੁੱਕਲ ਵਿਚ। ਇੱਟਾਂ ਦਾ ਚੱਕਵਾਂ ਚੂਲ੍ਹਾ ਘਸੀਟੇ ਦਾ ਬੁੱਤਾ ਸਾਰ ਦਿੰਦਾ ਹੈ। ਮਿੱਟੀ ਦੇ ਤੇਲ ਦੀ ਪੀਪੀ ਜਾਂ ਡੀਜ਼ਲ ਦੀ ਕੇਨ ਪ੍ਰਾਪਤ ਕਰਨ ਲਈ ਲੋਕਾਂ ਨੂੰ ਬੜੇ ਜੱਫਰ ਜਾਲਣੇ ਪੈਂਦੇ ਹਨ।

ਇਕੱਠੀਆਂ ਤਿੰਨ ਛੁਟੀਆਂ ਆ ਗਈਆਂ। ਘਸੀਟਾ ਘਰ ਜਾਣ ਲਈ ਪਾਥੀਆਂ ਦੇ ਗੁਹਾਰੇ ਕੋਲ ਖੜ੍ਹਾ ਬੱਸ ਦੀ ਉਡੀਕ ਕਰ ਰਿਹਾ ਸੀ। ਹਾਰੇ ਹੋਏ ਬਲਦ ਵਾਂਗ ਹੱਡ ਖੜਕਾਉਂਦੀ ਬੱਸ ਆ ਕੇ ਰੁਕ ਗਈ। ਉਸ ਦਾ ਜਮਾਤੀ ਅਤੇ ਲੰਗੋਟੀਆ ਮਿੱਤਰ 'ਬਿੱਲਾ' ਬੱਸ ਵਿਚੋਂ ਹੇਠਾਂ ਉਤਰ ਆਇਆ। ਘਸੀਟਾ ਘਰ ਜਾਣ ਦੀ ਥਾਂ ਪਿਛਲ-ਖੁਰੀਂ ਆਪਣੇ ਰੈਣ ਬਸੇਰੇ 'ਮੋਟਰ ਵਾਲੇ ਕੋਠੇ' ਵੱਲ ਬਿੱਲੇ ਨਾਲ ਗੱਲਾਂ ਕਰਦਾ ਪਰਤ ਗਿਆ।

ਖੰਨਾ ਸ਼ਹਿਰ ਦੇ ਨੇੜੇ ਬਿੱਲਾ ਕਿਸੇ ਪ੍ਰਾਇਮਰੀ ਸਕੂਲ ਦਾ ਹੈੱਡ ਟੀਚਰ ਹੈ। ਇਹ ਪਿੰਡ ਇਸ ਸ਼ਹਿਰ ਦੇ ਅੱਠ ਕਿਲੋਮੀਟਰ ਦੇ ਘੇਰੇ ਵਿਚ ਅਤੇ ਬਿੱਲੇ ਦੇ ਘਰ ਤੋਂ ਦੋ ਕਿਲੋਮੀਟਰ ਹੈ। ਬਿੱਲੇ ਨੂੰ ਅੱਸੀ ਰੁਪਏ 'ਹਾਊਸ ਰੈਂਟ' ਤਨਖਾਹ ਦੇ ਨਾਲ ਹੀ ਪ੍ਰਾਪਤ ਹੋ ਜਾਂਦੇ ਹਨ। ਸ਼ਹਿਰ ਦੇ ਡਾਕਟਰਾਂ ਅਤੇ ਕੈਮਿਸਟਾਂ ਨਾਲ ਮਿਲ ਮਿਲਾਕੇ ਝੂਠੇ ਮੈਡੀਕਲ ਬਿੱਲ ਸਰਕਾਰ ਦੇ ਮੱਥੇ ਮਾਰਕੇ ਸਾਲ ਦੇ ਹਜ਼ਾਰਾਂ ਰੁਪਏ ਉਹ ਅਸਾਨੀ ਨਾਲ ਮਾਂਜ ਲੈਂਦਾ ਹੈ। ਉਸ ਕੋਲ ਨਵਾਂ ਸਕੂਟਰ, ਫਰਿਜ ਅਤੇ ਰੰਗਦਾਰ ਟੀ ਵੀ ਆਦਿ ਸਭ ਕੁਝ ਹੀ ਹੈ। ਤਨਖਾਹ ਤਾਂ ਉਸ ਲਈ ਸਰਕਾਰੀ ਪੈਨਸ਼ਨ ਹੈ.....ਸਾਲ ਭਰ ਟਿਊਸ਼ਨਾਂ ਦੀ ਭਰਮਾਰ ਸਦਕਾ ਜੀਵਨ ਪੱਧਰ ਭਲੇ ਵੇਲੇ ਦੇ ਨਵਾਬਾਂ ਵਰਗਾ ਹੈ। ਪਿੰਡਾਂ ਵਿਚ ਭਟਕਦੇ ਮੁਲਾਜ਼ਮਾਂ ਨੂੰ ਨਾ 'ਰੈਂਟ' ਤੇ ਨਾ ਹੀ ਕੋਈ 'ਟੈਂਟ'.....ਸਰਕਾਰ ਦੀ ਸੋਚ 'ਹੈਦਰ ਦਿਹਲਵੀ' ਜਿਹੀ ਲੱਗਦੀ ਹੈ:—

'ਚਮਨ ਵਾਲੋਂ ਸੇ ਸਹਿਰਾ ਨਸ਼ੀਂ ਕੀ
ਬੂਦ-ਓ-ਬਾਸ਼ ਅੱਛੀ,
ਬਹਾਰ ਆਕਰ ਚਲੀ ਜਾਤੀ ਹੈ,
ਵੀਰਾਨੀ ਨਹੀਂ ਜਾਤੀ।'

ਘਸੀਟਾ ਪੇਂਡੂ ਮੁਲਾਜ਼ਮ ਹੈ। ਪਿੰਡਾਂ ਵਿਚ ਸਾਗ, ਮੂਲੀਆਂ, ਛੱਲੀਆਂ, ਗੰਨੇ ਜਾਂ ਜੱਟਾਂ ਵੱਲੋਂ ਕਦੀ ਕਦਾਈਂ ਰੂੜੀ ਬਰਾਂਡ ਦੇ ਦੋ ਹਾੜੇ ਮੁਫਤ ਮਿਲ ਜਾਂਦੇ ਹਨ। ਘੁੱਟ ਪੀਤੀ ਹੋਵੇ ਤਾਂ ਘੜੀ ਦੀ ਘੜੀ ਕੱਖਾਂ ਦੀ ਕੁੱਲੀ ਵਿਚ ਹੀ ਸਵਰਗੀ ਝੂਟੇ ਮਿਲ ਜਾਂਦੇ ਹਨ। ਲੋਕ ਸਮਝਦੇ ਹਨ....'ਪੇਂਡੂ ਮੁਲਾਜ਼ਮਾਂ ਨੂੰ ਸਹੂਲਤਾਂ ਹੀ ਸਹੂਲਤਾਂ ਹਨ।'

ਘਸੀਟੇ ਨੂੰ ਹਰ ਤਨਖਾਹ ਦੇ ਨਾਲ ਕੇਵਲ ਦਸ ਰੁਪਏ ਮੈਡੀਕਲ ਭੱਤਾ ਮਿਲਦਾ ਹੈ....ਹੋਰ ਕੋਈ ਭੱਤਾ ਜਾਂ ਸਹੂਲਤ ਉਸ ਦੇ ਕਰਮਾਂ ਵਿਚ ਨਹੀਂ ਹੈ। ਬੁਖਾਰ ਦੀ ਇਕ ਝੁੱਟੀ ਲੱਗ ਜਾਵੇ ਤਾਂ ਦਵਾ ਦਾਰੂ ਅਤੇ ਡਾਕਟਰ ਦੀ ਫੀਸ ਦੇਣ ਨਾਲ ਤਨਖਾਹ ਦਾ ਦਸਵੰਧ ਮੱਲੋ-ਮੱਲੀ ਨਿਕਲ ਜਾਂਦਾ ਹੈ।

ਲੌਢੇ ਵੇਲੇ ਦੋਵੇਂ ਮਿੱਤਰ ਖੇਤਾਂ ਵਿਚ ਘੁੰਮਦੇ ਕੇਹਰੂ ਦੀ ਬੰਬੀ ਵੱਲ ਜਾ ਨਿਕਲੇ। ਕੇਹਰੂ ਨੇ ਪੇਂਡੂ ਸੁਭਾਅ ਅਨੁਸਾਰ ਮਹਿਮਾਨਾਂ ਦੇ ਮਨ ਪਰਚਾਵੇ ਲਈ ਪਾਣੀ ਦੇ ਵਗਦੇ ਖਾਲ ਵਿਚੋਂ ਬੋਤਲ ਪੁੱਟ ਕੇ ਉਹਨਾਂ ਦੇ ਅੱਗੇ ਧਰ ਦਿੱਤੀ। ਸ਼ਰਾਬ ਗੱਲਾਂ ਨੂੰ, ਘਿਓ ਮੱਲਾਂ ਨੂੰ—ਬਿੱਲਾ ਨਸ਼ੇ ਵਿਚ ਹੋ ਕੇ ਆਪਣੇ ਮਿੱਤਰ ਨੂੰ ਦਸ਼ਾ ਸੁਧਾਰਣ ਦਾ ਗੁਰ ਮੰਤਰ ਸਮਝਾਉਣ ਲੱਗ ਪਿਆ, 'ਅਪ੍ਰੈਲ-ਮਈ ਵਿਚ ਆਮ ਬਦਲੀਆਂ ਹੁੰਦੀਆਂ ਹਨ। ਘੁੱਗੂ ਵੱਜ ਚੁਕਾ ਹੈ। ਤੂੰ ਦਫਤਰ ਜਾ ਕੇ 'ਸੂਰੀ' ਸਾਹਿਬ ਦੇ ਪੈਰ ਫੜ ਲਵੀਂ......ਪੰਜ ਸੌ ਰੁਪਿਆ ਉੱਕਾ-ਪੁੱਕਾ ਅਰਜ਼ੀ ਦੇ ਨਾਲ ਉਹਨਾਂ ਦੇ ਬੋਝੇ ਪਾ ਆਵੀਂ। ਰੈਂਟਿਡ ਏਰੀਏ ਵਿਚ ਐਡਜਸਟ ਹੋਣ ਦਾ ਇਹੋ ਹੀ ਇਕੋ ਇਕ ਸਸਤਾ ਅਤੇ ਅਜ਼ਮਾਇਆ ਹੋਇਆ ਨੁਸਖਾ ਹੈ।'

ਘਸੀਟੇ ਨੇ ਤਰਲਾ ਜਿਹਾ ਲੈਂਦਿਆਂ ਕਿਹਾ, 'ਬਿੱਲਿਆ! ਰਿਸ਼ਵਤ ਦੇਣ ਦਾ ਵੱਲ ਮੈਨੂੰ ਨਹੀਂ ਆਉਂਦਾ। ਉਹੋ ਗੱਲ ਨਾ ਹੋਵੇ ਨਿਮਾਜ਼ ਬਖਸ਼ਾਉਣ ਜਾਵਾਂ ਰੋਜ਼ੇ ਗਲ ਪੈ ਜਾਣ। ਨੁਸਖਾ ਤੇਰਾ ਠੀਕ ਹੈ—ਇਲਾਜ ਵੀ ਤੈਨੂੰ ਹੀ ਕਰਨਾ ਪਵੇਗਾ। ਮੈਥੋਂ ਅਰਜ਼ੀ ਅਤੇ ਪੰਜ ਸੌ ਲੈ ਜਾ—ਕੱਢ ਮੈਨੂੰ ਵੀ ਦਲਿੱਦਰ ਵਿਚੋਂ ਕਿਸੇ ਸੂਰੀ ਜਾਂ ਸੂਰ ਦਾ ਮੂੰਹ-ਮੱਥਾ ਝੁਲਸਕੇ।'

'ਪੈਸੇ ਨਾਲ ਤਾਂ ਲੋਕ ਕਤਲ ਕਰਕੇ ਸਾਫ ਬਚ ਨਿਕਲਦੇ ਨੇ—ਤੂੰ ਰੈਂਟਿਡ ਵਿਚ ਨਹੀਂ ਜਾ ਸਕਦਾ। ਕਿਹੋ ਜਿਹੀਆਂ ਭੋਲੀਆਂ ਗੱਲਾਂ ਕਰਦਾ ਏਂ?' ਬਿੱਲੇ ਨੇ ਘਸੀਟੇ ਦੀ ਬੇੜੀ ਪਾਰ ਲਾਉਣ ਦੀ ਹਾਮੀ ਭਰ ਲਈ।

ਸ਼ਰਾਬ ਦੇ ਨਸ਼ੇ ਨੇ ਅਤੇ ਬਿੱਲੇ ਦੀਆਂ ਢਾਰਸ ਦੇਣ ਵਾਲੀਆਂ ਗੱਲਾਂ ਨੇ ਘਸੀਟੇ ਦੀਆਂ ਅੱਖਾਂ ਵਿਚ ਚਮਕ ਲੈ ਆਂਦੀ। ਚੰਗੇਰੇ ਭਵਿੱਖ ਦੀ ਕਲਪਨਾ ਉਤਸ਼ਾਹ ਅਤੇ ਸਾਹਸ ਨੂੰ ਬਲ ਬਖਸ਼ਦੀ ਹੈ।

ਨਸ਼ੇ ਵਿਚ ਘਸੀਟਾ ਬੁੜਬੁੜਾਇਆ, 'ਸਾਡੇ ਨੇਤਾਵਾਂ ਨੂੰ ਸ਼ਰਮ ਆਉਣੀ ਚਾਹੀਦੀ ਹੈ ....ਅਖੇ ...ਦੇਸ਼ ਦਾ ਦਿਲ ਪਿੰਡ ਵਿਚ ਧੜਕਦਾ ਹੈ। ਪਿੰਡ ਦੇਸ਼ ਦੀ ਰੀੜ੍ਹ ਹੀ ਹੱਡੀ ਹਨ।.....ਪਿੰਡਾਂ ਅਤੇ ਪੇਂਡੂਆਂ ਨੂੰ ਪੁੱਛਦਾ ਹੀ ਕੌਣ ਹੈ? ਦੋਣ ਸੌ ਰੁਪਿਆ ਪੇਂਡੂ-ਭੱਤਾ, ਸੌ ਰੁਪਿਆ ਬੱਝਵਾਂ ਮੈਡੀਕਲ-ਭੱਤਾ ਹਰ ਮਹੀਨੇ—ਤੇ ਰੈਂਟਿਗ ਏਰੀਏ ਨਾਲੋਂ ਵੱਧ ਸਹੂਲਤਾਂ ਜਦੋਂ ਤੀਕ ਪੇਂਡੂ ਮੁਲਾਜ਼ਮਾਂ ਨੂੰ ਨਹੀਂ ਦਿੱਤੀਆਂ ਜਾਂਦੀਆਂ–ਪਿੰਡਾਂ ਦੀ ਕਾਇਆ ਕਲਪ ਦੀ ਆਸ ਰੱਖਣੀ ਸ਼ੇਖਚਿੱਲੀ ਦੇ ਸੁਫਨਿਆਂ ਵਾਲੀ ਖੁਸ਼-ਫਹਿਮੀ ਹੀ ਕਹੀ ਜਾ ਸਕਦੀ ਹੈ।'

ਯਾਦਾਂ ਦੀ ਖੁਸ਼ਬੋ

ਡਾ: ਸਾਧੂ ਸਿੰਘ 'ਹਮਦਰਦ'

ਜਿੱਥੇ ਮੇਰਾ ਯਾਰ ਨਹੀਂ।
ਉਹ ਮੇਰਾ ਸੰਸਾਰ ਨਹੀਂ।

ਕੌਣ ਤਿਰਾ ਬੀਮਾਰ ਨਹੀਂ।
ਸਾਰੇ ਨੇ ਦੋ ਚਾਰ ਨਹੀਂ।

ਮੈਂ ਕੋਈ ਬਟਮਾਰ ਨਹੀਂ।
ਮਿਲਦੇ ਕਿਉਂ ਸਰਕਾਰ ਨਹੀਂ?

ਜਿਸ ਵਿਚ ਲੋਟੇ ਬਹੁਤੇ ਨੇ
ਚਲਦੀ ਉਹ ਸਰਕਾਰ ਨਹੀਂ।

ਏਨਾ ਪਿਆਰਾ ਹੋ ਕੇ ਵੀ
ਤੇਰੇ ਮਨ ਵਿਚ ਪਿਆਰ ਨਹੀਂ।

ਮੈਂ ਲਾਚਾਰ ਸਹੀ ਸਜਣਾ
ਪਰ ਏਨਾ ਲਾਚਾਰ ਨਹੀਂ।

ਫਿਰ ਵੀ ਦਿਲ ਤੇ ਕਰਦੈਂ ਰਾਜ
ਭਾਵੇਂ ਤੂੰ ਸਰਕਾਰ ਨਹੀਂ।

ਕੰਡਾ ਉਸਦਾ ਨਿਕਲੇਗਾ
ਜਿਸ ਫੁਲ ਲਾਗੇ ਖਾਰ ਨਹੀਂ।

ਉਹ ਆਉਂਦਾ ਤੇ ਆਉਂਦਾ ਕੀ
ਤਾਰ ਤੇ ਖੜਕੀ ਤਾਰ ਨਹੀਂ।

ਕਾਣਾ ਹੈ ਉਹ ਗੈਰ ਲਈ
ਅਖੀਆਂ ਕਰਦਾ ਚਾਰ ਨਹੀਂ।

ਬੰਦੇ ਦਾ ਬੰਦਾ ਬਣਨਾ
ਇਹ ਮੇਰਾ ਕਿਰਦਾਰ ਨਹੀਂ।

ਪੈਸਾ ਬੇਈਮਾਨੀ ਦਾ
ਮੈਨੂੰ ਤੇ ਦਰਕਾਰ ਨਹੀਂ।

ਦੁਖ ਹੋਇਆ ਹੈ ਇਹ ਸੁਣਕੇ
ਤੂੰ ਵੀ ਸਾਡਾ ਯਾਰ ਨਹੀਂ।

ਜੀਣਾ ਹੀ ਅਜ ਮੁਸ਼ਕਿਲ ਹੈ
ਮਰਨਾ ਤੇ ਦੁਸ਼ਵਾਰ ਨਹੀਂ।

ਉਹ ਮਨ ਵੀ ਹੈ ਕਾਹਦਾ ਮਨ
ਜਿਸ ਵਿਚ ਤੇਰਾ ਪਿਆਰ ਨਹੀਂ।

ਉਲਫਤ ਵਿਚ ਜੋ ਹਾਰ ਗਏ
ਹਾਰ ਉਨ੍ਹਾਂ ਦੀ ਹਾਰ ਨਹੀਂ।

ਪੈਸਾ ਆਖਰ ਪੈਸਾ ਹੈ
ਇਹ ਕਿਸਨੂੰ ਦਰਕਾਰ ਨਹੀਂ?

ਗੈਰ ਹੈ ਪੁੱਤਰ ਪੈਸੇ ਦਾ
ਗੈਰ ਕਿਸੇ ਦਾ ਯਾਰ ਨਹੀਂ।

ਡੁਬਿਆਂ ਬਾਝ ਪਿਆਲੀ ਵਿਚ
ਬੇੜਾ ਹੋਣਾ ਪਾਰ ਨਹੀਂ।

ਇਸ਼ਕ ਉਸਦਾ ਬੇਕਾਰ ਸਮਝ
ਜਿਸਦੇ ਹੇਠਾਂ ਕਾਰ ਨਹੀਂ।

ਲੋਭ ਜਿਨ੍ਹੂੰ ਹੈ ਗੱਫੇ ਦਾ
ਮੈਂ ਉਹ ਜਥੇਦਾਰ ਨਹੀਂ।

ਪਾਪ ਕਮਾ ਕੇ ਜੀਣ ਲਈ
ਮੈਂ ਬਿਲਕੁਲ ਤੱਯਾਰ ਨਹੀਂ।

ਕੌਣ ਬਣੇ 'ਹਮਦਰਦ' ਉਸਦਾ
ਜੋ ਆਪਣਾ ਗ਼ਮਖਾਰ ਨਹੀਂ।

ਘੜਾ ਭਰ ਰੱਕ ਹਲਾ ਹੋਣ ਦੇਵੇ,
ਮੈਂ ਆਪਣੇ ਦਰਦ ਨੂੰ ਵਰਚਾ ਲਵਾਂਗਾ।

ਤੁਹਾਡਾ ਕੀ ਬਣੇਗਾ ਇਹ ਵੀ ਸੋਚੋ,
ਮਿਰਾ ਕੀਏ ਗੁਲੇਲਾ ਖਾ ਲਵਾਂਗਾ।

ਲਹੂ ਰਗ ਰਗ ਵਿਚ ਹੌਕੀ ਜਾ ਰਿਹਾ ਏ
ਖਿਆਲਾਂ ਨੂੰ ਤੜਾਵਾਂ ਪਾ ਲਵਾਂਗਾ।

ਤੁਸੀਂ ਜਿਹੜੀ ਜਗ੍ਹਾ ਉਂਗਲੀ ਧਰੋਗੇ,
ਮੈਂ ਓਸੇ ਥਾਂ ਤੇ ਡੇਰਾ ਲਾ ਲਵਾਂਗਾ।

ਮੈਂ ਗੱਲ ਕਰਦਾ ਨਹੀਂ ਗਰਮੀ ਦੀ ਰੁੱਤੇ,
ਕਿ ਗੱਲ ਨੂੰ ਹੋਰ ਵੀ ਗਰਮਾ ਲਵਾਂਗਾ।

ਸਮਾਂ ਕਿੱਥੇ ਹੈ ਜੋ ਤੈਨੂੰ ਉਡੀਕਾਂ,
ਮੈਂ ਸੋਚਾਂ ਨਾਲ ਦਿਲ ਬਹਿਲਾ ਲਵਾਂਗਾ।

ਲੋਕਾਂ ਦੇ ਨਾਲ ਜਦ ਤੋਂ ਮੈਂ ਜੋੜਿਆ ਹੈ ਨਾਤਾ
ਜਾਪੇ ਇਹ ਧਰਤ ਸਾਂਝੀ, ਸਾਂਝਾ ਅਕਾਸ਼ ਲੱਗੇ।


.ਗ਼ਦਰ ਲਹਿਰ ਦੀ ਸਪਿਰਟ

ਲਹਿਰਾਂ ਨੇ ਕੇਵਲ ਰਾਜਸੀ ਅਥਵਾ ਸਮਾਜਕ ਨਿਸ਼ਾਨਿਆਂ ਨੂੰ ਪ੍ਰਾਪਤ ਕਰਨ ਹਿਤ ਕੋਈ ਕਾਮਯਾਬੀ ਜਾਂ ਨਾ-ਕਾਮਯਾਬੀ ਦੇ ਗਜਾਂ ਨਾਲ ਨਹੀਂ ਨਾਪਿਆ ਜਾਣਾ ਚਾਹੀਦਾ। ਕਿਸੇ ਲਹਿਰ ਵਿਚ ਕੰਮ ਕਰ ਰਹੀ ਸਪਿਰਟ ਉਸ ਦਾ ਜ਼ਰੂਰੀ ਅੰਗ ਹੁੰਦਾ ਹੈ, ਅਤੇ ਗ਼ਦਰ ਪਾਰਟੀ ਲਹਿਰ ਦੀ ਸਪਿਰਟ ਇਸ ਦਾ ਵਿਸ਼ੇਸ਼ ਚਿੰਨ ਸੀ।

ਕੈਨੇਡਾ, ਅਮਰੀਕਾ ਅਤੇ ਧੁਰ ਪੂਰਬ ਦੇ ਦੇਸਾਂ ਨੂੰ ਪੰਜਾਬੀ ਕਿਸਾਨਾਂ ਦੇ ਜਾਣ ਦਾ ਵੱਡਾ ਕਾਰਨ ਆਰਥਕ ਮਜ਼ਬੂਰੀ ਸੀ। ਗੁਰਬਤ ਦੇ ਦੇਸੋਂ ਭਜਾਏ ਹੋਏ ਕਿਸਾਨਾਂ, ਜੋ ਕੇਵਲ ਪੈਸਾ ਕਮਾਉਣ ਖਾਤਰ ਆਪਣੇ ਪ੍ਰਵਾਰਾਂ ਅਤੇ ਬਾਲ ਬੱਚਿਆਂ ਤੋਂ ਵਿਛੜ ਕੇ ਬਦੇਸਾਂ ਨੂੰ ਸਾਲਾਂ ਤੋਂ ਗਏ ਹੋਏ ਸਨ, ਨੇ ਗ਼ਦਰ ਪਾਰਟੀ ਲਹਿਰ ਵਿਚ ਸ਼ਾਮਲ ਹੋ ਕੇ ਨਾ ਕੇਵਲ ਅਮਰੀਕਾ ਕੈਨੇਡਾ ਵਿਚ ਕਮਾਈ ਦੇ ਵਧੀਆ ਅਵਸਰਾਂ ਨੂੰ ਲੱਤ ਮਾਰੀ, ਬਲਕਿ ਉਨ੍ਹਾਂ ਵਿਚੋਂ ਕਾਫੀ ਗਿਣਤੀ ਨੇ ਹੱਥੀਂ ਸਖਤ ਮੁਸ਼ੱਕਤ ਕਰਕੇ ਗਾੜ੍ਹੇ ਪਸੀਨੇ ਦੀ ਆਪਣੀ ਪਿਛਲੀ ਕਮਾਈ ਵੀ ਗਦਰ ਪਾਰਟੀ ਦੇ ਹਵਾਲੇ ਕਰ ਦਿੱਤੀ, ਅਤੇ ਆਪ ਗਦਰੀ ਮੁਹਿੰਮ ਵਿਚ ਸ਼ਾਮਲ ਹੋ ਕੇ ਦੇਸ ਨੂੰ ਅਹੂਤੀਆਂ ਪਾਉਣ ਆ ਗਏ।

'ਗ਼ਦਰ' ਅਖਬਾਰ ਮੁਫਤ ਵੰਡਿਆ ਜਾਂਦਾ। ਇਸ ਨੂੰ ਜਾਰੀ ਕਰਨ ਦੇ ਤੇ ਇਸ ਦੇ ਚਲੰਤ ਖਰਚ, ਅਤੇ ਯੁਗੰਤਰ ਆਸ਼ਰਮ ਤੇ ਗਦਰ ਪਾਰਟੀ ਦੀਆਂ ਹੋਰ ਸਰਗਰਮੀਆਂ ਦੇ ਸਾਰੇ ਖਰਚ, ਕੈਨੇਡਾ, ਅਮਰੀਕਾ ਅਤੇ ਹੋਰ ਬਦੇਸਾਂ ਵਿਚ ਗਏ ਪੰਜਾਬੀ ਕਾਮੇਂ ਆਪਣੇ ਪਾਸੋਂ ਉਗਰਾਹੀਆਂ ਕਰਕੇ ਪੂਰੇ ਕਰਦੇ ਰਹੇ। ਹਿੰਦ ਨੂੰ ਗਦਰੀ ਮੁਹਿੰਮ ਭੇਜਣ ਅਤੇ ਸਿਆਮ-ਬਰਮਾ ਦੀ ਮੁਹਿੰਮ ਦੇ ਸ਼ੁਰੂ ਵਿਚਲੇ ਖਰਚ ਵੀ ਗਦਰ ਪਾਰਟੀ ਨੇ ਆਪਣੇ ਪਾਸੋਂ ਪੂਰੇ ਕੀਤੇ। ਸਿਆਬ-ਬਰਮਾ ਦੀ ਮੁਹਿੰਮ ਦੇ ਖਰਚ ਦਾ ਭਾਰ ਜਰਮਨਾ 24 ਜਾਂ 25 ਅਪ੍ਰੈਲ 1915 ਦੇ ਪਿਛੋਂ ਵੰਡਾਇਆ ਜਾਪਦਾ ਹੈ; ਕਿਉਂਕਿ ਲਾ: ਹਰਦਿਆਲ ਨੇ ਜੋਧ ਸਿੰਘ ਰਾਹੀਂ 'ਪੰਡਤ' ਰਾਮ ਚੰਦ ਨੂੰ ਸੁਨੇਹਾ ਭੇਜਿਆ ਕਿ ਜਰਮਨੀ ਮਾਲੀ ਸਹਾਇਤਾ ਕਰਨ ਵਾਸਤੇ ਤਿਆਰ ਹੈ, ਅਤੇ ਜੋਧ ਸਿੰਘ 24 ਜਾਂ 25 ਅਪ੍ਰੈਲ 1915 ਨੂੰ ਬਰਲਨ ਤੋਂ ਨੀਊ ਯਾਰਕ ਪੁਜਾ ਅਤੇ ਇਸ ਦੇ ਪਿਛੋਂ 'ਪੰਡਤ' ਰਾਮ ਚੰਦ ਨੂੰ ਮਿਲਿਆ। ਜੇਕਰ 'ਪੰਡਤ' ਰਾਮ ਚੰਦ ਦੇ ਜਰਮਨਾਂ ਨਾਲ ਇਸ ਤੋਂ ਪਹਿਲੋਂ ਤਅੱਲਕਾਤ ਗੂੜ੍ਹੇ ਹੋ ਗਏ ਸਨ ਅਤੇ ਉਨ੍ਹਾਂ ਜਰਮਨਾਂ ਪਾਸੋਂ ਮਾਲੀ ਸਹਾਇਤਾ ਲੈਣੀ ਸ਼ੁਰੂ ਕਰ ਦਿਤੀ ਸੀ, ਤਾਂ ਇਸ ਵਿਚੋਂ ਸਿਆਮ-ਬਰਮਾ ਗਏ ਇਨਕਲਾਬੀਆਂ ਨੂੰ ਮਾਇਆ ਨਹੀਂ ਪੁਜੀ ਜਾਪਦੀ; ਕਿਉਂਕਿ ਬਰਮਾ ਕੇਸ ਵਿਚ ਹੋਈਆਂ ਸ਼ਹਾਦਤਾਂ ਦੱਸਦੀਆਂ ਹਨ ਕਿ ਹਿੰਦ ਆਏ ਗ਼ਦਰੀਆਂ ਵਾਂਗੂੰ ਸਿਆਮ ਬਰਮਾ ਗਏ ਗਦਰੀ ਇਨਕਲਾਬੀਆਂ ਨੂੰ ਵੀ ਇਕ ਸਮੇਂ ਮਾਇਕ ਤੰਗੀ ਸੀ।

ਗਦਰ ਅਖਬਾਰ ਨੂੰ ਜਾਰੀ ਕਰਨ ਵੇਲੇ ਹੋਏ ਉਗਰਾਹੀ ਅਤੇ ਇਸ ਦੇ ਚਲੰਤ ਖਰਚ ਪੂਰੇ ਕਰਨ ਵਾਸਤੇ ਮਾਹਵਾਰੀ ਚੰਦਿਆਂ ਤੋਂ ਇਲਾਵਾ, 15 ਫਰਵਰੀ, 1914 ਨੂੰ ਸਟਾਕਟਨ ਵਿਚ ਇਕ ਮੀਟਿੰਗ ਹੋਈ ਜਿਸ ਵਿਚ ਹਾਜ਼ਰੀ ਬਹੁਤ ਸੀ। ਇਸ ਮੀਟਿੰਗ ਵਿਚ ਹਾਜ਼ਰ "ਸਭ ਸਜਣਾਂ ਨੇ ਅਗੋਂ ਤੋਂ ਆਪਣੀ ਕਮਾਈ ਇਨਕਲਾਬੀ ਮਕਸਦ ਵਾਸਤੇ ਭੇਟਾ ਕਰਨ ਦਾ ਬਚਨ ਦਿੱਤਾ।" ਸ੍ਰੀ ਜਵਾਲਾ ਸਿੰਘ (ਗ਼ਦਰ ਪਾਰਟੀ ਦੇ ਮੀਤ ਪ੍ਰਧਾਨ) ਨੇ ਆਪਣੇ ਕੋਲੋਂ ਵਜ਼ੀਫੇ ਦੇ ਕੇ ਅਮਰੀਕਾ ਵਿਚ ਪੜ੍ਹਾਉਣ ਲਈ ਦੇਸੋਂ ਵਿਦਿਆਰਥੀ ਮੰਗਵਾਏ; ਅਤੇ ਮਨੀਲਾ ਗਦਰ ਪਾਰਟੀ ਦੇ ਪ੍ਰਧਾਨ ਸ਼੍ਰੀ ਚੰਨਣ ਸਿੰਘ, ਜੋ ਬੜੇ ਅਮੀਰ ਸਨ, ਨੇ ਆਪਣੀ ਸਾਰੀ ਜਾਇਦਾਦ ਇਨਕਲਾਬੀ ਮਕਸਦ ਵਾਸਤੇ ਅਰਪਣ ਕਰਨ ਦੀ ਪੇਸ਼ਕਸ਼ ਕੀਤੀ। 'ਕੋਮਾ ਗਾਟਾ ਮਾਰੂ" ਦੇ ਵੈਨਕੋਵਰ ਪੁਜਣ ਉਤੇ 22000 ਡਾਲਰ ਜਹਾਜ਼ ਦੇ ਠੇਕੇ ਦਾ ਬਕਾਇਆ ਕੈਨੇਡਾ ਦੇ ਹਿੰਦੀਆਂ ਵਲੋਂ ਤਾਰਿਆ ਗਿਆ। ਗਦਰੀ ਇਨਕਲਾਬੀਆਂ ਨੇ ਆਪਣੀ ਸਾਰੀ ਜਾਇਦਾਦ ਅਤੇ ਕਮਾਈ ਗਦਰ ਪਾਰਟੀ ਦੇ ਹਵਾਲੇ ਕਰਕੇ ਦੇਸ ਨੂੰ ਗਦਰੀ ਮੁਹਿੰਮ ਲਈ ਜਾਣਾ ਸੀ। ਇਕ ਕੈਨੇਡਾ ਵਾਸੀ ਗੋਰੇ ਦੀ ਬਰਤਾਨੀਆ ਦੇ ਲੜਾਈ ਦੇ ਵਜ਼ੀਰ ਨੂੰ ਦਿੱਤੀ ਇਤਲਾਹ ਅਤੇ ਸਰਕਾਰ ਹਿੰਦ ਦੇ ਸੀ. ਆਈ. ਡੀ. ਦੇ ਡਾਇਰੈਕਟਰ ਦੀ ਰੀਪੋਰਟ ਮੁਤਾਬਕ, ਕੈਨੇਡਾ ਅਤੇ ਅਮਰੀਕਾ ਦੇ ਕਿਤਨੇ ਹਿੰਦੀ ਕਾਮਿਆਂ ਨੇ ਗਦਰੀ ਇਨਕਲਾਬੀਆਂ ਨੂੰ ਹਿੰਦ ਭੇਜਣ ਵਾਸਤੇ ਆਪਣੀਆਂ ਜਾਇਦਾਦਾਂ ਅੱਧੀ ਕੀਮਤ ਉਤੇ ਵੇਚਣੀਆਂ ਲਾ ਦਿੱਤੀਆਂ। 'ਗ਼ਦਰ' ਅਖਬਾਰ ਅਤੇ ਯੁਗੰਤਰ ਆਸ਼ਰਮ ਵਿਚ ਕੰਮ ਕਰਨ ਵਾਲੇ ਇਨਕਲਾਬੀ ਪਹਿਲੋਂ ਆਪਣੇ ਪਲਿਓਂ ਖਰਚ ਕਰਕੇ ਕੰਮ ਕਰਦੇ ਰਹੇ, ਅਤੇ ਪਿਛੋਂ ਬਿਨਾਂ ਕਿਸੇ ਤਨਖਾਹ ਦੇ ਸਿਰਫ ਰੋਟੀ, ਕੱਪੜਾ ਅਤੇ ਦੋ ਡਾਲਰ ਮਹੀਨਾ ਜੇਬ ਖਰਚ ਲੈ ਕੇ। ਸ੍ਰੀ ਸੋਹਨ ਸਿੰਘ 'ਭਕਨਾ' ਦੱਸਦੇ ਹਨ ਕਿ ਇਕ ਵੇਰ ਇਕ ਆਇਰਿਸ਼ ਦੇਸ਼-ਭਗਤ ਯੁਗੰਤਰ ਆਸ਼ਰਮ ਵੇਖਣ ਆਏ, ਅਤੇ ਕਿਤਨੇ ਦੇਸ਼-ਭਗਤਾਂ ਨੂੰ ਕੰਮ ਕਰਦਿਆਂ ਵੇਖ ਕੇ ਪੁਛਣ ਲਗੇ ਕਿ ਕਿਤਨਾ ਖਰਚ ਆਉਂਦਾ ਹੈ। ਸ੍ਰੀ ਸੋਹਨ ਸਿੰਘ 'ਭਕਨਾ' ਨੇ ਦੱਸਿਆ ਕਿ ਕੇਵਲ ਦੋ ਡਾਲਰ ਰੋਜ਼ਾਨਾ; ਕਿਉਂਕਿ ਸਬਜ਼ੀਆਂ ਭਾਜੀਆਂ ਸ੍ਰੀ ਜਵਾਲਾ ਸਿੰਘ, 'ਸੰਤ' ਵਸਾਖਾ ਸਿੰਘ ਤੇ 'ਭਾਈ' ਸੰਤੋਖ ਸਿੰਘ ਦੀ ਫਾਰਮ ਤੋਂ ਮੁਫਤ ਆ ਜਾਂਦੀਆਂ ਸਨ, ਅਤੇ ਕੇਵਲ ਡਬਲ ਰੋਟੀ ਮੁਲ ਲਈ ਜਾਂਦੀ ਸੀ। ਤਨਖਾਹ ਕਿਸੇ ਨੂੰ ਵੀ ਨਹੀਂ ਸੀ ਦਿਤੀ ਜਾਂਦੀ। ਇਹ ਸੁਣ ਕੇ ਉਸ ਆਇਰਿਸ਼ ਦੀ ਚੀਖ ਨਿਕਲ ਗਈ. ਅਤੇ ਉਹ ਕਹਿਣ ਲਗੇ ਕਿ ਤੁਸਾਂ ਥੋੜੇ ਦਿਨਾਂ ਵਿਚ ਉਹ ਕੁਝ ਕਰ ਵਿਖਾਇਆ ਹੈ ਜੋ ਸਾਥੋਂ ਨਹੀਂ ਸੀ ਹੋ ਸਕਿਆ। ਹੁਣ ਹਿਦੁਸਤਾਨ ਨੂੰ ਕੋਈ ਤਾਕਤ ਗੁਲਾਮ ਨਹੀਂ ਰਖ ਸਕੇਗੀ।



ਸ੍ਰੀ ਸੋਹਨ ਸਿੰਘ 'ਭਕਨਾ'
ਪ੍ਰਧਾਨ, ਗ਼ਦਰ ਪਾਰਟੀ

ਹਿਦੁਸਤਾਨ ਦੇ ਮਹੌਲ ਵਿਚ ਆ ਕੇ ਵੀ ਗਦਰੀ ਇਨਕਲਾਬੀਆਂ ਦੇ ਨਾ ਕੇਵਲ ਆਗੂਆਂ ਵਿਚ, ਬਲਕਿ ਲਹਿਰ ਵਿਚ ਹਿੱਸਾ ਲੈਣ ਵਾਲੇ ਸਾਧਾਰਨ ਸਾਥੀਆਂ ਦੀ ਵੀ ਇਸ ਤਿਆਗ ਬਿਰਤੀ ਵਿਚ ਫਰਕ ਨਹੀਂ ਸੀ ਪਿਆ। ਸ੍ਰੀ ਨਿਧਾਨ ਸਿੰਘ 'ਚੁਘਾ' ਨੇ ਆਪਣਾ ਸਾਰਾ ਲਹਿਣਾ ਉਗਰਾਹ ਕੇ ਦੇਣ ਦੀ ਪੇਸ਼ਕਸ਼ ਕੀਤੀ, ਅਤੇ ਇਕ ਸਾਧਾਰਨ ਇਨਕਲਾਬੀ ਸੁਰਜਨ ਸਿੰਘ ਨੇ ਫਜ਼ਲ ਦੀਨ ਨੂੰ ਦੱਸਿਆ ਕਿ ਉਹ ਬਦੇਸਾਂ ਤੋਂ ਦੇਸ ਉਸ ਕੰਮ ਵਾਸਤੇ ਆਏ ਸਨ ਜੋ ਪੈਸੇ ਨਾਲੋਂ ਬਹੁਤ ਉਤਮ ਸੀ। ਮਾਇਕ ਤੰਗੀ ਦੇ ਕਾਰਨ ਜਦ ਗਦਰੀ ਇਨਕਲਾਬੀ ਡਾਕੇ ਮਾਰਨ ਵਾਸਤੇ ਮਜ਼ਬੂਰ ਹੋਏ, ਤਾਂ ਵੀ ਉਨ੍ਹਾਂ ਨੇ ਡਾਕਿਆਂ ਰਾਹੀਂ ਪ੍ਰਾਪਤ ਕੀਤੀ ਮਾਇਆ ਆਪਣੀ ਜ਼ਾਤ ਲਈ ਨਹੀਂ ਸੀ ਵਰਤੀ। ਸ੍ਰੀ ਸਾਨਿਯਾਲ ਗਦਰੀ ਇਨਕਲਾਬੀਆਂ ਬਾਰੇ ਲਿਖਦੇ ਹਨ ਕਿ, "ਰੁਪਏ ਪੈਸੇ ਦੀ ਚਰਚਾ ਛਿੜਦਿਆਂ ਹੀ ਉਨ੍ਹਾਂ ਨੇ ਤੁਰਤ ਸੋਨੇ ਦੀਆਂ ਗੋਲ ਗੋਲ ਵਡੀਆਂ ਵੱਡੀਆਂ ਮੋਹਰਾਂ ਮੇਰੇ ਅਗੇ ਰਖ ਦਿਤੀਆਂ .... ਹਰ ਇਕ ਦੱਲ ਨੇ ਅਜੇਹਾ ਵਰਤਾਉ ਕੀਤਾ ਸੀ। ਗਦਰ ਦੇ ਕੰਮ ਵਿਚ ਇਨ੍ਹਾਂ ਲੋਕਾਂ ਨੂੰ ਜਿਸ ਪ੍ਰਕਾਰ ਦਿਲ ਖੋਲਕੇ ਆਪਣੀ ਗਾੜ੍ਹੀ ਕਮਾਈ ਦਾ ਧਨ ਦਾਨ ਕਰਦਿਆਂ ਵੇਖਿਆ ਹੈ, ਅਜੇਹਾ ਦ੍ਰਿਸ਼ਯ ਬੰਗਾਲ ਅੰਦਰ ਵੇਖਣ ਵਿਚ ਨਹੀਂ ਆਇਆ।"

ਜਦ ਕਿਸੇ ਸਚੀ ਲਗਨ ਦੇ ਸਬੱਬ ਇਨਸਾਨ ਦੇ ਜੀਵਨ ਵਿਚ ਤਬਦੀਲੀ ਆਉਂਦੀ ਹੈ, ਤਾਂ ਇਹ ਤਬਦੀਲੀ ਬਹੁ-ਰੁਖੀ ਜ਼ਿੰਦਗੀ ਦੇ ਕਈ ਪਹਿਲੂਆਂ ਵਿਚ ਜ਼ਾਹਰ ਹੁੰਦੀ ਹੈ। ਆਚਰਨ ਢਾਲਣ ਵਿਚ ਇਨਕਲਾਬੀ ਲਹਿਰਾਂ ਦੇ ਅਸਰ ਜ਼ਿਆਦਾ ਵਡੇ ਖਿਲਾਰ ਵਿਚ ਅਤੇ ਡੂੰਘੇ ਹੁੰਦੇ ਹਨ, ਕਿਉਂਕਿ ਇਨ੍ਹਾਂ ਦੇ ਸਮਾਜ ਨੂੰ ਹਲੂਣਾ ਦੇਣ ਵਾਲੇ ਝਟਕੇ ਭੂਚਾਲ ਵਾਂਗੂੰ ਬੜੇ ਸਖਤ ਹੁੰਦੇ ਹਨ। ਕੈਨੇਡਾ ਅਮਰੀਕਾ ਦੇ ਹਿੰਦੀਆਂ ਵਿਚ ਕੌਮੀ ਸ੍ਵੈਮਾਨ ਦਾ ਜਜ਼ਬਾ ਆ ਜਾਣ ਕਰਕੇ ਉਨ੍ਹਾਂ ਦੀ ਰਹਿਣੀ ਬਹਿਣੀ ਵਿਚ ਕਿਵੇਂ ਪਲਟਾ ਆ ਗਿਆ ਸੀ, ਅਤੇ ਉਨ੍ਹਾਂ ਵਿਚ ਭਰਾਤਰੀਭਾਵ ਅਤੇ ਕੌਮੀ ਏਕਤਾ ਦੀ ਉਹ ਸਪਿਰੱਟ ਆ ਗਈ ਸੀ, ਜਿਸ ਕਰਕੇ ਕੈਨੇਡਾ ਵਿਚ ਕਈ ਵੇਰ ਚਾਲੀ ਫੀ ਸਦੀ ਕੰਮ ਤੋਂ ਵਾਂਜਿਆਂ ਰਹਿਣ ਦੇ ਬਾਵਜੂਦ, ਹਿੰਦੀ ਕਿਸੇ ਕੈਨੇਡੀਅਨ ਜਾਂ ਕੈਨੇਡਾ ਦੀ ਸਰਕਾਰ ਤੋਂ ਮਦਦ ਲੈਣ ਲਈ ਮਜ਼ਬੂਰ ਨਾ ਹੋਏ। 'ਭਾਈ' ਪਰਮਾਨੰਦ ਨੇ ਲਿਖਿਆ ਹੈ ਕਿ ਅਮਰੀਕਾ ਤੋਂ ਆਉਣ ਵਾਲੇ ਗਦਰੀਆਂ ਵਿਚ "ਬੁਢੇ ਆਦਮੀ ਸਨ ਜਿਨ੍ਹਾਂ ਨੇ ਅਮਰੀਕਾ ਵਿਚ ਬਹੁਤ ਧਨ ਖੱਟਿਆ ਸੀ, ਅਤੇ ਇਹ ਧਨ ਹੋਰਨਾਂ ਦੇ ਹਵਾਲੇ ਕਰਕੇ ਹੁਣ ਵਾਪਸ ਆ ਗਏ ਸਨ। ਉਨ੍ਹਾਂ ਵਿਚ ਓਹ 'ਜੈਕ' ਵੀ ਸਨ ਜਿਨ੍ਹਾਂ ਦਾ ਕਰਤੱਵ ਸਿਰਫ ਕਮਾਉਣਾ ਅਤੇ ਸ਼ਰਾਬ ਪੀਣੀ ਸੀ ਅਤੇ ਜਿਨ੍ਹਾਂ ਨੇ ਇਕ ਧੇਲਾ ਵੀ ਨਹੀਂ ਸੀ ਬਚਾਇਆ। ਉਹ ਐਸ਼ ਦੀ ਜ਼ਿੰਦਗੀ ਤਿਆਗ ਕੇ ਦੇਸ਼ ਭਗਤੀ ਦੇ ਉਛਾਲ ਵਿਚ ਜਹਾਜ਼ੇ ਚੜ੍ਹ ਆਏ ਸਨ।" 'ਪੰਡਤ' ਕਾਂਸ਼ੀ ਰਾਮ (ਗ਼ਦਰ ਪਾਰਟੀ ਦੇ ਖਜ਼ਾਨਚੀ) ਦੂਸਰੀ ਸ਼੍ਰੇਣੀ ਵਿਚੋਂ ਸਨ, ਜਿਨ੍ਹਾਂ ਦਾ ਲਹਿਰ ਵਿਚ ਸ਼ਾਮਲ ਹੋ ਕੇ ਆਪਣੇ ਉਤੇ ਇਤਨਾ ਕਾਬੂ ਹੋ ਗਿਆ ਸੀ ਕਿ ਮੌਤ ਦੀ ਸਜ਼ਾ ਦਾ ਹੁਕਮ ਸੁਣ ਕੇ ਉਨ੍ਹਾਂ ਉਤੇ ਜ਼ਰਾ ਵੀ ਅਸਰ ਨਾ ਹੋਇਆ। 'ਜੈਕ' ਦੀ ਅੱਲ ਹੀ ਇਸ ਲਈ ਪਈ ਸੀ ਕਿ ਉਹ ਸ਼ਰਾਬ ਹੱਦ ਤੋਂ ਵੱਧ ਪੀਂਦੇ ਸਨ। 'ਜੈਕ' ਸ੍ਰੀ ਗੁਰਦਿਤ ਸਿੰਘ ਅਤੇ ਸ੍ਰੀ ਰੁਲੀਆ ਸਿੰਘ, ਜੋ ਸ਼ਰਾਬੀਆਂ ਦੇ ਸਰਦਾਰ ਮੰਨੇ ਜਾਂਦੇ ਸਨ, ਗਦਰ ਪਾਰਟੀ ਵਿਚ ਰਲਕੇ ਇਨਕਲਾਬੀ ਲਗਨ ਵਿਚ ਐਸੇ ਜੁਟੇ ਕਿ ਉਨ੍ਹਾਂ ਸ਼ਰਾਬ ਦਾ ਸਦਾ ਲਈ ਤਿਆਗ ਕਰ ਦਿਤਾ। ਸਾਨ੍ਹੇਵਾਲ ਦੇ ਡਾਕੇ ਵਿਚ ਇਨਕਲਾਬੀਆਂ ਦੇ ਨਾਲ ਰਲੇ ਇਕ ਡਾਕੂ ਨੇ ਜਦ ਇਕ ਬੀਬੀ ਵਲ ਮੈਲੀ ਅੱਖ ਨਾਲ ਵੇਖਿਆ, ਤਾਂ ਸ੍ਰੀ ਕਰਤਾਰ ਸਿੰਘ 'ਸਰਾਭਾ' ਦੇ ਇਕ ਲਫਟੈਨ ਨੇ ਉਸ ਨੂੰ ਗੋਲੀ ਮਾਰ ਦੇਣ ਦੀ ਧਮਕੀ ਦੇ ਕੇ ਵਰਜ ਦਿਤਾ। ਸ੍ਰੀ ਸਾਨਿਯਾਲ ਲਿਖਦੇ ਹਨ ਕਿ ਗਦਰੀ ਇਨਕਲਾਬੀ ਇਕ ਦੂਜੇ ਨੂੰ ਬੁਲਾਉਣ ਜਾਂ ਬਾਤ ਚੀਤ ਕਰਨ ਸਮੇਂ 'ਸੰਤੋ', 'ਬਾਦਸ਼ਾਹੋ' ਆਦਿ ਸਨਮਾਨ ਭਰੇ ਸ਼ਬਦਾਂ ਤੋਂ ਸਿਵਾਏ ਹੋਰ ਕਿਸੇ ਸ਼ਬਦ ਨੂੰ ਵਰਤੋਂ ਵਿਚ ਨਾ ਲਿਆਉਂਦੇ: ਅਤੇ ਸ੍ਰੀ ਨਿਧਾਨ ਸਿੰਘ 'ਚੁਘਾ' ਵਿਚ ਜਿਹੋ ਜਿਹਾ ਤੇਜ ਵੇਖਿਆ, ਉਜੇਹਾ ਨੌਜਵਾਨਾਂ ਵਿਚ ਵੀ ਨਹੀਂ ਵੇਖਿਆ। ਦਫੇਦਾਰ ਲਛਮਣ ਸਿੰਘ ਨਾਲ ਤੇਈਵੇ ਰਸਾਲੇ ਦੇ ਇਕ ਮੁਸਲਮਾਨ ਸ੍ਰੀ ਅਬਦੁੱਲਾ ਨੂੰ ਵੀ ਫਾਂਸੀ ਦਾ ਹੁਕਮ ਹੋਇਆ ਸੀ। ਜਦ ਸ੍ਰੀ ਅਬਦੁੱਲਾ ਨੂੰ ਜਾਨ ਬਖਸ਼ ਦੇਣ ਦਾ ਲਾਲਚ ਦੇ ਕੇ ਕੁਝ ਗੁਪਤ ਗੱਲਾਂ ਦੀ ਟੋਹ ਲੈਣ ਦੀ ਕੋਸ਼ਿਸ਼ ਕੀਤੀ ਗਈ, ਅਤੇ ਕਿਹਾ ਗਿਆ ਕਿ ਤੂੰ ਇਕ ਕਾਫਰ ਦੇ ਨਾਲ ਫਾਂਸੀ ਚੜ੍ਹਨਾ ਕਿਸ ਤਰ੍ਹਾਂ ਪਸੰਦ ਕਰੇਂਗਾ, ਤਦ ਸ੍ਰੀ

ਬਾਕੀ ਪੰਨਾ 15 ਉਤੇ

AMBIKA'S DISCOUNT CENTRE

9407 Scott Rd. Delta, B.C.

PH. (604) 588-5859

AMBIKA FOODS

5125 Victoria Drive

Vancouver, B.C.

Ph. 327-0295

ਸਪੈਸ਼ਲ ਸੇਲ

Vegetable Oil ਵੈਜੀਟੇਬਲ ਤੇਲ WITH THIS AD 3 litre **$2.49**	**Mazzola Corn Oil** ਮਜ਼ੋਲਾ ਮੱਕੀ ਦਾ ਤੇਲ only 3 litre **$5.89**	**Farine Roti Atta** 10 kg. ਫਰੀਨ ਰੋਟੀ ਆਟਾ only **$4.89**	**Chicken Legs (Whole)** ਮੁਰਗੇ ਦੀਆਂ ਲੱਤਾਂ **$1.29** lb.	**Black Chana** ਕਾਲੇ ਛੋਲੇ **29¢** lb.
Khaskhas ਖਸਖਸ **$1.99** lb.	**Margrine** ਮਾਰਜਰੀਨ **59¢** lb.	**Moong** ਮੂੰਗੀ **37¢** lb.	**Milk** ਦੁੱਧ 4 litre **$3.39**	**Chana Dal** ਛੋਲਿਆਂ ਦੀ ਦਾਲ **37¢** lb.
Long Grain Rice ਲੌਂਗ ਗਰੇਨ ਚਾਵਲ 20 kg. **10.99**	**B.C. Sugar** ਬੀ. ਸੀ. ਸ਼ੂਗਰ 10 KG. WITH THIS AD **5.89**	**Rooh Afza** Hamdard ਰੂਹ ਅਫਜ਼ਾ **$2.99** bottle	**Ginger and Garlic** ਅਧਰਕ ਅਤੇ ਲਸਣ **89¢** lb.	**Halon** ਹਾਲੋਂ **1.99** lb.

GRIND YOUR OWN MASALA

Jeera ਜ਼ੀਰਾ **99¢** lb.	**Dhania** ਧਨੀਆ **99¢** lb.	**Methe** ਮੇਥੇ **99¢** lb.	**Mirch** ਮਿਰਚ **99¢** lb.	**Haldi** ਹਲਦੀ **99¢** lb.

Manh Whole
ਮਾਂਹ
37¢ lb.

ਵਿਆਹ ਸ਼ਾਦੀਆਂ ਦੀ ਪਾਰਟੀ ਲਈ, ਜਨਮ ਦਿਨ ਜਾਂ ਹੋਰ ਕਿਸੇ ਕਿਸਮ ਦੀ ਪਾਰਟੀ ਲਈ ਖਾਣਾ ਬਣਾਉਣ ਲਈ ਕਿਚਨ ਕਿਰਾਏ ਤੇ ਮਿਲ ਸਕਦੀ ਹੈ — ਆਪ ਖਾਣਾ ਬਣਾਓ ਅਤੇ ਪੈਸੇ ਬਚਾਓ । ਕਿਚਨ ਵਿਚ ਖਾਣਾ ਬਣਾਉਣ ਲਈ ਮਦਦ ਵੀ ਮਿਲ ਸਕਦੀ ਹੈ ਹੋਰ ਜਾਣਕਾਰੀ ਲਈ ਫੋਨ ਕਰੋ :—

ਫੋਨ : 327-0295

For your marriage party or other parties — Kitchen facilities available for cooking — Day to day rental basis — cooking assistance available, too — cook yourself and save money.

Book in advance

Ph. 327-0295

ਪੰਨਾ 13 ਦੀ ਬਾਕੀ

ਅਬਦੁੱਲਾ ਨੇ ਉਤਰ ਦਿਤਾ ਕਿ, "ਜੇਕਰ ਮੈਂ ਲਛਮਣ ਸਿੰਘ ਦੇ ਨਾਲ ਹੀ ਫਾਂਸੀ ਪੁਰ ਲਟਕਾਇਆ ਜਾਵਾਂ ਤਾਂ ਮੈਨੂੰ ਜ਼ਰੂਰ ਹੀ ਬਹਿਸ਼ਤ ਮਿਲੇ।" ਸ਼੍ਰੀ ਅਬਦੁੱਲਾ ਨੇ ਆਪਣੀ ਜਾਨ ਬਚਾਉਣ ਦੀ ਪਰਵਾਹ ਨਾ ਕੀਤੀ ਅਤੇ ਫਾਂਸੀ ਲੱਗ ਕੇ ਸ਼ਹੀਦ ਹੋ ਗਏ। ਇਸੇ ਤਰ੍ਹਾਂ ਸ਼੍ਰੀ ਸੋਹਨ ਲਾਲ 'ਪਾਥਕ' ਨੂੰ ਬਰਮਾ ਦੇ ਗਵਰਨਰ ਨੇ ਭੇਦ ਲੈਣ ਖਾਤਰ ਆਪ ਆ ਕੇ ਸਮਝਾਇਆ ਕਿ ਜੇ ਉਹ ਇਕ ਵੇਰ ਮੁਆਫੀ ਮੰਗ ਲੈਣ ਤਾਂ ਉਨ੍ਹਾਂ ਦੀ ਜਾਨ ਬਖਸ਼ੀ ਕੀਤੀ ਜਾਵੇਗੀ। ਪਰ ਸ਼੍ਰੀ ਸੋਹਨ ਲਾਲ ਨੇ ਇਹ ਉਤਰ ਦਿਤਾ ਕਿ ਖਿਮਾਂ ਤਾਂ ਸਗੋਂ ਅੰਗਰੇਜ਼ਾਂ ਨੂੰ ਮੰਗਣੀ ਚਾਹੀਦੀ ਹੈ, ਕਿਉਂਕਿ ਉਹ ਹਿੰਦੀਆਂ ਉਤੇ ਜ਼ੁਲਮ ਕਰਦੇ ਰਹੇ ਹਨ। ਫਾਂਸੀ ਦੇ ਤਖਤੇ ਉਤੇ ਖੜੇ ਹੋਣ ਵੇਲੇ ਵੀ ਅੰਗਰੇਜ਼ ਮੈਜਿਸਟਰੇਟ ਨੇ ਸ਼੍ਰੀ ਸੋਹਨ ਲਾਲ 'ਪਾਥਕ' ਨੂੰ ਫਿਰ ਅਖੀਰੀ ਵੇਰ ਪ੍ਰੇਰਨ ਦੀ ਕੋਸ਼ਿਸ਼ ਕੀਤੀ ਕਿ ਉਹ ਮੁਆਫੀ ਮੰਗ ਲੈਣ, ਪਰ ਉਨ੍ਹਾਂ ਮੁਆਫੀ ਨਾ ਮੰਗੀ ਅਤੇ ਸ਼ਹੀਦ ਹੋ ਗਏ। ਬਰਮਾ ਕੇਸ ਦਾ ਫੈਸਲਾ ਸੁਨਾਣ ਸਮੇਂ ਸ਼੍ਰੀ ਚਾਲੀਆ ਰਾਮ ਨੂੰ ਫਾਂਸੀ ਦੀ ਸਜ਼ਾ ਸੁਣਾਈ ਗਈ, ਪਰ ਉਨ੍ਹਾਂ ਉਤੇ ਰਹਿਮ ਕਰਨ ਦੀ ਸਫਾਰਸ਼ ਕੀਤੀ ਗਈ। ਪਰ ਸ਼੍ਰੀ ਚਾਲੀਆ ਰਾਮ ਨੇ ਇਹ ਕਹਿਕੇ ਅਪੀਲ ਕਰਨੋਂ ਨਾਂਹ ਕਰ ਦਿਤੀ, ਕਿ ਉਹ ਸ਼੍ਰੀ ਹਰਨਾਮ ਸਿੰਘ 'ਕਾਹਰੀ ਸਾਰੀ' ਵਰਗੇ ਮਹਾਤਮਾ ਦਾ ਸੰਗ ਨਹੀਂ ਸੀ ਛੱਡਣਾ ਚਾਹੁੰਦੇ। ਸ਼੍ਰੀ ਚਾਲੀਆ ਰਾਮ ਫਾਂਸੀ ਪੁਰ ਲਟਕ ਗਏ, ਪਰ ਮੌਤ ਵਿਚ ਵੀ ਸ਼੍ਰੀ ਹਰਨਾਮ ਸਿੰਘ ਦਾ ਸਾਥ ਨਾ ਛੱਡਿਆ। ਅਮਰੀਕਾ ਵਿਰੁਧ ਕਾਰਵਾਈਆਂ ਦੀ ਰੀਪੋਟ ਵਿਚ ਇਹ ਮੰਨਿਆ ਗਿਆ ਹੈ ਕਿ ਗਦਰ ਪਾਰਟੀ ਦੇ ਇਨਕਲਾਬੀਆਂ ਵਿਚ ਇਕ ਦੂਜੇ ਲਈ ਵਫਾਦਾਰੀ ਕੁੱਟ ਕੁੱਟ ਕੇ ਭਰੀ ਹੋਈ ਸੀ।

ਸੈਨਫਰਾਂਸਿਸਕੋ ਕੇਸ ਦੇ ਸਬੰਧ ਵਿਚ ਕਲਕੱਤੇ ਦੇ ਮਸ਼ਹੂਰ ਅੰਗਰੇਜ਼ੀ ਦੇ ਮਾਹਵਾਰੀ ਰਿਸਾਲੇ 'ਮਾਡਰਨ ਰੀਵੀਊ' ਨੇ ਟੀਕਾ ਟਿਪਣੀ ਕਰਦਿਆਂ ਲਿਖਿਆ ਕਿ ਇਸ ਵਿਚ ਹੈਰਾਨੀ ਨਹੀਂ ਕਿ ਜਰਮਨਾਂ ਨੇ ਅਮਰੀਕਾ ਵਿਚ ਅਨਪੜ੍ਹ ਜਾਂ ਅੱਧ ਪਚੱਧ ਪੜ੍ਹੇ ਆਦਮੀਆਂ ਨੂੰ ਪ੍ਰੇਰ ਲਿਆ ਕਿ ਹਿੰਦ ਵਿਚ ਹਥਿਆਰਬੰਦ ਬਗਾਵਤ ਸੰਭਵ ਸੀ ਜਾਂ ਕੀਤੀ ਜਾਣੀ ਚਾਹੀਦੀ ਸੀ; ਪਰ ਇਹ ਹੈਰਾਨੀ ਦੀ ਗੱਲ ਹੈ ਕਿ ਉਨ੍ਹਾਂ ਹਿੰਦ ਜਾਂ ਬਦੇਸੀ ਯੂਨੀਵਰਸਿਟੀਆਂ ਦੇ ਗ੍ਰੈਜੂਏਟ ਹਿੰਦੀਆਂ, ਜਿਨ੍ਹਾਂ ਨੂੰ ਹਿੰਦ ਦੀ ਮੌਜੂਦਾ ਅਵੱਸਥਾ ਅਤੇ ਅਜ ਕਲ ਦੇ ਲੜਾਈ ਦੇ ਢੰਗਾਂ ਬਾਰੇ ਸਮਝ ਹੋਣੀ ਚਾਹੀਦੀ ਸੀ, ਨੂੰ ਵੀ ਪ੍ਰੇਰ ਲਿਆ ਹੈ ਕਿ ਹਥਿਆਰਬੰਦ ਇਨਕਲਾਬ ਸੰਭਵ ਹੋ ਸਕਦਾ ਹੈ ਜਾਂ ਕੀਤੇ ਜਾਣਾ ਚਾਹੀਦਾ ਹੈ।

ਹਥਿਆਰਬੰਦ ਇਨਕਲਾਬ ਸੰਭਵ ਸੀ ਜਾਂ ਨਹੀਂ, ਜਾਂ ਇਹ ਕੀਤੇ ਜਾਣਾ ਚਾਹੀਦਾ ਸੀ ਜਾਂ ਨਹੀਂ, ਇਸ ਬਾਰੇ ਹੋਰ ਟੀਕਾ ਟਿਪਣੀ ਦੀ ਲੋੜ ਨਹੀਂ, ਅਤੇ ਦੇਸ ਦੇ ਪੜ੍ਹੇ ਲਿਖੇ ਤਬਕੇ ਵਿਚ ਉਸ ਸਮੇਂ ਛਾਏ ਹੋਏ ਮਹੌਲ ਦੀ 'ਮਾਡਰਨ ਰੀਵੀਊ' ਦੀ ਇਹ ਲਿਖਤ ਇਕ ਹੋਰ ਮਿਸਾਲ ਹੈ। ਪਰ ਆਮ ਪਰਚਲਤ ਇਹ ਪ੍ਰਭਾਵ ਗਲਤ ਹੈ ਕਿ ਗਦਰ ਪਾਰਟੀ ਲਹਿਰ ਵਿਚ ਕੇਵਲ ਅਨਪੜ੍ਹ ਆਦਮੀਆਂ ਨੇ ਹਿੱਸਾ ਲਿਆ। ਗਦਰ ਪਾਰਟੀ ਲਹਿਰ ਵਿਚ ਸ਼ਾਮਲ ਹੋਣ ਵਾਲਿਆਂ ਵਿਚੋਂ ਬਹੁਤੀ ਗਿਣਤੀ ਅਮਰੀਕਾ ਕੈਨੇਡਾ ਗਏ ਹਿੰਦੀ ਕਾਮਿਆਂ ਦੀ ਸੀ, ਪਰ ਉਨ੍ਹਾਂ ਵਿਚ ਵੀ ਪੈਦਾ ਹੋਏ ਕੌਮੀ ਉਭਾਰ ਦਾ ਇਕ ਅਸਰ ਇਹ ਸੀ ਕਿ ਹਿੰਦੀ ਕਾਮਿਆਂ ਦੀ ਕਾਫੀ ਗਿਣਤੀ ਨੇ ਵਿਦਿਅਕ ਲਿਹਾਜ਼ ਨਾਲ ਆਪਣੇ ਆਪ ਨੂੰ ਉਚਿਆਂ ਕਰਨ ਦੀ ਕੋਸ਼ਿਸ਼ ਕੀਤੀ। ਯੂਨੀਵਰਸਿਟੀ ਦੀਆਂ ਡਿਗਰੀਆਂ ਹੀ ਇਲਮੀ ਲਿਆਕਤ ਨੂੰ ਜਾਂਚਣ ਦਾ ਮਿਯਾਰ ਨਹੀਂ। ਮਾਂਡਲੇ ਕੇਸ ਵਿਚ ਵਿਅਕਤੀਆਂ ਬਾਰੇ ਵਧੇਰੇ ਵਿਸਥਾਰ ਨਾਲ ਰਾਏ ਜ਼ਨੀ ਕੀਤੀ ਗਈ ਸੀ, ਇਸ ਵਾਸਤੇ ਇਸ ਦੀ ਮਿਸਾਲ ਚੁਣੀ ਗਈ ਹੈ। ਇਸ ਦੇ ਫੈਸਲੇ ਵਿਚ ਲਿਖਿਆ ਗਿਆ ਹੈ ਕਿ ਸ਼੍ਰੀ ਹਰਨਾਮ ਸਿੰਘ 'ਕਾਹਰੀ ਸਾਰੀ' ਚੰਗੇ ਸਿਆਣੇ ਸਨ, ਅਤੇ ਅੰਗਰੇਜ਼ੀ ਬਿਨਾਂ ਅਟਕੇ ਰਵਾਈ ਨਾਲ ਬੋਲ ਸਕਦੇ ਸਨ। ਸ਼੍ਰੀ ਚੇਤ ਰਾਮ ਪੜ੍ਹੇ ਲਿਖੇ ਅਤੇ ਅੰਗਰੇਜ਼ੀ ਲਿਖ ਸਕਦੇ ਸਨ। ਸ਼੍ਰੀ ਕਿਰਪਾ ਰਾਮ ਸਕੂਲ ਮਾਸਟਰ ਸਨ ਅਤੇ ਪੜ੍ਹੇ ਲਿਖੇ ਅਤੇ ਪੋਜ਼ੀਸ਼ਨ ਵਾਲੇ ਬੰਦੇ ਸਨ। ਸ਼੍ਰੀ ਚਾਲੀਆ ਰਾਮ ਪੜ੍ਹੇ ਲਿਖੇ ਅਤੇ ਅੰਗਰੇਜ਼ੀ ਦੇ ਚੰਗੇ ਵਿਦਵਾਨ (Scholar) ਸਨ। ਸ਼੍ਰੀ ਕਪੂਰ ਸਿੰਘ ਪੜ੍ਹੇ ਲਿਖੇ ਸਨ, ਜੋ ਅਮਰੀਕਨ ਲਹਿਜ਼ੇ ਨਾਲ ਅੰਗਰੇਜ਼ੀ ਬੋਲਦੇ ਸਨ। ਸ਼੍ਰੀ ਗਿਆਨ ਚੰਦ ਵੀ ਕਾਫੀ ਪੜ੍ਹੇ ਲਿਖੇ ਸਨ, ਅਤੇ ਸ਼੍ਰੀ ਨਿਰੰਜਨ ਸਿੰਘ ਓਵਰਸੀਅਰ ਸਨ ਅਤੇ ਸ਼੍ਰੀ ਅਮਰ ਸਿੰਘ ਸਰਵੇਅਰ। ਸ਼੍ਰੀ ਪਿੰਗਲੇ ਬਾਰੇ ਪਹਿਲੇ ਕੇਸ ਦੇ ਜੱਜਾਂ ਵੀ ਆਪਣੇ ਦ੍ਰਿਸ਼ਟੀਕੋਣ ਤੋਂ ਅਫਸੋਸ ਪ੍ਰਗਟ ਕੀਤਾ ਹੈ ਕਿ ਐਸਾ ਲਾਇਕ ਆਦਮੀ ਇਸ ਵਹਿਣ ਵਿਚ ਕਿਉਂ ਪੈ ਗਿਆ।

ਗ਼ਦਰ ਪਾਰਟੀ ਲਹਿਰ ਵਿਚ ਹਿੱਸਾ ਲੈਣ ਵਾਲੇ ਭਾਵੇਂ ਪੜ੍ਹੇ ਸਨ ਜਾਂ ਅਨਪੜ੍ਹ, ਉਹ ਸਭ ਉਚੇ ਅਤੇ ਸੁਚੇ ਆਦੱਰਸ਼ ਅਤੇ ਵਲਵਲਿਆਂ ਨਾਲ ਪ੍ਰੇਰਤ ਹੋਕੇ ਕੰਮ ਕਰ ਰਹੇ ਸਨ। ਗ਼ਦਰ ਪਾਰਟੀ ਦਾ ਆਦੱਰਸ਼ 'ਆਜ਼ਾਦੀ ਤੇ ਬਰਾਬਰੀ' ਸੀ, ਅਤੇ ਗ਼ਦਰੀ ਸਿਪਾਹੀ ਹਿੰਦੁਸਤਾਨ ਤੋਂ ਇਲਾਵਾ ਦੁਨੀਆਂ ਦੇ ਹੋਰ ਹਿੱਸਿਆਂ ਵਿਚ ਵੀ ਗੁਲਾਮੀ ਵਿਰੁਧ ਹੋਏ ਰਤਨਾਂ ਵਿਚ ਸਹਾਇਤਾ ਕਰਨ ਬਾਰੇ ਸੋਚਦੇ ਸਨ ਹਿੰਦ ਨੂੰ ਆਉਣ ਵਾਲੀ ਗ਼ਦਰੀ ਮੁਹਿਮ ਵਿਚ ਚੰਦ ਇਕ ਅਮਰੀਕਨ ਵੀ ਸ਼ਾਮਲ ਹੋ ਕੇ ਹਿੰਦ ਨੂੰ ਆਏ, ਅਤੇ ਇਹ ਜ਼ਾਹਰ ਕਰਦਾ ਹੈ ਕਿ ਗ਼ਦਰ ਪਾਰਟੀ ਲਹਿਰ ਵਿਚ ਕੰਮ ਕਰ ਰਹੀ ਸਪਿਰਟ ਦੀ ਖਿੱਚ ਦਾ ਦਾਇਰਾ ਕਿਵੇਂ ਵੱਡਾ ਸੀ। ਗ਼ਦਰੀ ਇਨਕਲਾਬੀਆਂ ਨੇ 'ਆਜ਼ਾਦੀ ਤੇ ਬਰਾਬਰੀ' ਲਿਆਉਣ ਲਈ ਕਸਮਾਂ ਖਾਧੀਆਂ ਹੋਈਆਂ ਸਨ।" ਪੰਜਾਬ ਸਰਕਾਰ ਨੇ ਹਿੰਦ ਸਰਕਾਰ ਨੂੰ ਭੇਜੀ ਇਕ ਰੀਪੋਟ ਵਿਚ ਇਹ ਲਿਖਿਆ ਕਿ ਜੋ ਸਾਜ਼ਸ਼ੀ ਲਾਹੌਰ ਫੜੇ ਗਏ ਹਨ, "ਓਹ ਬਹੁਤੇ ਅਨਾੜੀ ਸਿਖ ਕਿਸਾਨ ਹਨ, ਜਿਨ੍ਹਾਂ ਨੇ ਅਮਰੀਕਾ ਵਿਚ ਬਰਾਬਰੀ ਅਤੇ ਜਮਹੂਰੀਅਤ ਦੇ ਅਸੂਲਾਂ ਨੂੰ ਬੇਢਬੀ ਹਾਲਤ ਵਿਚ ਗ੍ਰਹਿ ਕਰ ਲਿਆ ਹੈ।"



ਸ੍ਰੀ ਕਰਤਾਰ ਸਿੰਘ 'ਸਰਾਭਾ'

ਇਹ ਠੀਕ ਹੈ ਕਿ ਅਮਰੀਕਾ ਤੋਂ ਹਿੰਦ ਨੂੰ ਆਏ ਗ਼ਦਰੀ ਰਾਜਨੀਤਕ ਫਿਲਾਸਫੀ ਦੀਆਂ ਬਰੀਕੀਆਂ ਨੂੰ ਨਹੀਂ ਸਮਝਦੇ ਹੋਣਗੇ; ਪਰ 'ਆਜ਼ਾਦੀ ਅਤੇ ਬਰਾਬਰੀ' ਦੀ ਸਪਿਰਟ ਅਤੇ ਇਸ ਨੂੰ ਪ੍ਰਾਪਤ ਕਰਨ ਦੀ ਧੁਨ ਉਨ੍ਹਾਂ ਦੀ ਰਗ ਰਗ ਵਿਚ ਸਮਾਈ ਹੋਈ ਸੀ। ਉਨ੍ਹਾਂ ਹਿੰਦ ਵਿਚੋਂ ਬਦੇਸ਼ੀ ਰਾਜ ਪੁਟ ਦੇਣ ਦੀਆਂ ਸੁਗੰਧਾਂ ਖਾਧੀਆਂ ਹੋਈਆਂ ਸਨ। ਅਤੇ ਇਹ ਪ੍ਰਣ ਕੀਤੇ ਹੋਏ ਸਨ ਕਿ ਆਜ਼ਾਦੀ ਲੈ ਲੈਣ ਤੱਕ ਆਪਣੇ ਸਬੰਧੀਆਂ ਅਤੇ ਰਿਸ਼ਤੇਦਾਰਾਂ ਨੂੰ ਨਹੀਂ ਮਿਲਣਗੇ। ਸ਼੍ਰੀ ਸਾਨਿਯਾਲ ਗ਼ਦਰੀ ਇਨਕਲਾਬੀਆਂ ਬਾਰੇ ਲਿਖਦੇ ਹਨ ਕਿ "ਇਨ੍ਹਾਂ ਲੋਕਾਂ ਕੋਈ ਥੋੜੇ ਚਿਰ ਰਹਿਣ ਵਾਲੇ ਜੋਸ਼ ਵਿਚ ਭੜਕ ਕੇ ਸਭ ਕੁਝ ਛਡਕੇ ਇਸ ਗ਼ਦਰ ਧਰਮ ਵਿਚ ਪ੍ਰਵੇਸ਼ ਨਹੀਂ ਕੀਤਾ ਸੀ, ਕਿੰਤੂ ਇਨ੍ਹਾਂ ਦੇ ਹਿਰਦੇ ਵਿਚ ਸਚ ਮੁਚ ਦੇਸ਼ ਦੀ ਪ੍ਰਚੰਡ ਲਾਟ ਜਗ ਰਹੀ ਸੀ। ਇਸ ਤਰ੍ਹਾਂ ਜੋ ਸਿਖ ਦੇਸ ਵਿਚ ਪਰਤ ਆਏ ਸਨ ਉਨ੍ਹਾਂ ਵਿਚੋਂ ਬਹੁਤਿਆਂ ਨਾਲ ਮੇਰੀ ਗਲਬਾਤ ਹੋਈ ਸੀ ਤੇ ਉਸ ਤੋਂ ਮਲੂਮ ਹੋਇਆ ਕਿ ਉਹ ਸਚ ਮੁਚ ਪ੍ਰਾਣਾਂ ਦੇ ਹਰ ਪਰਦੇ ਵਿਚ, ਦਿਲ ਦੇ ਹਰ ਪਹਿਲੂ ਵਿਚ, ਪ੍ਰਾਧੀਨਤਾ ਦੀ ਜਲਨ ਦਾ ਅਨੁਭਵ ਕਰਕੇ ਗ਼ਦਰ ਪਾਰਟੀ ਵਿਚ ਸ਼ਾਮਲ ਹੋਏ ਸਨ।" ਜੈਨਰਲ ਮੈਕਮੁਨ ਲਿਖਦੇ ਹਨ ਕਿ ਪੰਜਾਬ ਦੇ ਸਿੱਖਾਂ ਵਿਚੋਂ ਹੀ "ਗ਼ਦਰ ਲਹਿਰ ਦੇ ਅਜੀਬ ਤਰ੍ਹਾਂ ਦੇ ਬੇਹੱਦ ਜੋਸ਼ ਵਿਚ ਰੰਗੇ ਹੋਏ ਜਨੂੰਨੀ ਆਏ।" ("..... from whose ranks too came the strangely infatuated fanatics of the Ghadr movement"......); ਅਤੇ "ਇਨ੍ਹਾਂ ਨੂੰ ਵਬਾ ਦੇ ਬੜੇ ਜ਼ੋਰ ਵਾਲੇ ਜਿਰਮ ਅਤੇ ਦੁਸ਼ਮਣੀ ਚਿਮੜ ਗਈ ਸੀ, ਜਿਹੜੀ ਇਹ ਇਕ ਨਵੇਂ ਸਮਾਜ਼ਕ ਚੁਗਿਰਦੇ ਵਿਚ ਫੈਲਾਉਣ ਆਏ ਸਨ" (".... they were smitten with a virus of vigaorous vitality and enemity to let loose in a new milieu.")। ਸ਼੍ਰੀ ਪਿੰਗਲੇ ਨੇ ਫਾਂਸੀ ਲਗਣ ਸਮੇਂ ਅਖੀਰਲੀ ਅਰਦਾਸ ਮੁਲਕ ਦੀ ਆਜ਼ਾਦੀ ਲਈ ਕੀਤੀ, ਅਤੇ ਸ਼੍ਰੀ ਅਰਜਨ ਸਿੰਘ (ਜਿਨ੍ਹਾਂ ਹੱਥੋਂ ਅਨਾਰਕਲੀ ਵਿਚ ਪੁਲਸੀਆ ਮਰਿਆ ਸੀ) ਨੇ ਫਾਂਸੀ ਲਗਣ ਤੋਂ ਪਹਿਲੋਂ 'ਗ਼ਦਰ ਦੀ ਗੂੰਜ' ਵਿਚੋਂ ਇਹ ਕਵਿਤਾ ਪੜ੍ਹੀ 'ਵੇਲਾ ਆਣ ਪੁਜਾ ਕਿਉਂ ਨਹੀਂ ਜਾਗਦੇ ਓ, ਸੁਤੇ ਘੂਕ ਹਿੰਦੂ ਮੁਸਲਮਾਨ ਵੀਰੋ'। ਸ਼੍ਰੀ ਕਰਤਾਰ ਸਿੰਘ ਦੇ ਡੂੰਘੇ ਮਨ ਦੀ ਤਹਿ ਵਿਚ ਆਪਣੇ ਨਿਸ਼ਾਨੇ ਦੀ ਲਗਨ ਇਤਨੀ ਧੱਸ ਗਈ ਸੀ ਕਿ ਸਵੇਰੇ ਉਠ ਦੇ ਸਾਰ ਆਪ ਮੁਹਾਰੇ ਉਨ੍ਹਾਂ ਦੇ ਮੂੰਹੋਂ ਪਹਿਲੇ ਇਹ ਸ਼ਬਦ ਨਿਕਲਦੇ 'ਮਾਰੋ ਫਰੰਗੀ ਨੂੰ।'

'ਗ਼ਦਰ ਪਾਰਟੀ ਲਹਿਰ' ਦਾ ਅਸਲਾ ਹੀ ਐਸਾ ਸੀ ਕਿ ਇਸ ਵਿਚ ਉਹੋ ਹਿੱਸਾ ਲੈ ਸਕਦੇ ਸਨ ਜੋ ਸਿਰਾਂ ਉਤੇ ਖਫਣ ਬੰਨ੍ਹ ਕੇ ਮੈਦਾਨ ਵਿਚ ਨਿਤਰਨ। ਗਦਰੀ ਇਨਕਲਾਬੀਆਂ ਨੂੰ ਆਪਣੇ ਨਿਸਾਨੇ ਉਤੇ ਪੁਜਣ ਤੋਂ ਪਹਿਲੋਂ ਜੋ ਕੀਮਤ ਅਦਾ ਕਰਨੀ ਪੈਣੀ ਸੀ, ਉਨ੍ਹਾਂ ਨੂੰ ਉਸ ਬਾਰੇ ਭੁਲੇਖਾ ਨਹੀਂ ਸੀ। 'ਗ਼ਦਰ' ਅਖਬਾਰ ਵਿਚ ਸਾਫ ਲਿਖਿਆ ਗਿਆ ਸੀ ਕਿ, "ਲੋੜ ਹੈ, ਹਿੰਦ ਵਿਚ ਗਦਰ ਭੜਕਾਉਣ ਲਈ ਬਹਾਦਰ ਸਿਪਾਹੀਆਂ ਦੀ; ਤਨਖਾਹ-ਮੌਤ; ਇਨਾਮ-ਸ਼ਹੀਦੀ; ਪੈਨਸ਼ਨ-ਆਜ਼ਾਦੀ; ਲੜਾਈ ਦਾ ਮੈਦਾਨ-ਹਿੰਦ"। ਗਦਰੀ ਮੁਹਿਮ ਉਤੇ ਹਿੰਦ ਨੂੰ ਜਾਣ ਸਮੇਂ ਹਿੰਦੀਆਂ ਆਪਣੇ ਹੱਕ ਪ੍ਰਾਪਤ ਕਰਨ ਲਈ ਆਪਣੇ ਲਹੂ ਵਹਾ ਦੇਣ ਦਾ ਫੈਸਲਾ ਕੀਤਾ ਹੋਇਆ ਸੀ; ਅਤੇ ਜਦ ਨਵਾਬ ਖਾਨ ਨੇ ਇਹ ਉਜਰ ਕੀਤਾ ਤਾਂ ਦੇਸ ਜਾਣ ਵਾਸਤੇ ਉਸ ਪਾਸ ਪੈਸਾ ਜਾਂ ਸਾਮਾਨ ਨਹੀਂ, ਤਦ ਉਸ ਨੂੰ ਜਵਾਬ ਦਿੱਤਾ ਗਿਆ, ਕਿ "ਜਦ ਆਪਣੀ ਜਾਨ ਕੁਰਬਾਨ ਕਰਨ ਜਾ ਰਹੇ ਹਾਂ, ਮਾਇਆ ਦੀ ਕੀ ਲੋੜ ਹੈ।" ਅਮਰੀਕਾ ਤੋਂ ਇਕ ਪਤੀ ਨੇ ਆਪਣੀ ਸੁਪੱਤਨੀ ਨੂੰ ਲਿਖਿਆ ਕਿ "..... ਥੋੜੀ ਦੇਰ ਤੱਕ ਇਕ ਵੱਡਾ ਗਦਰ ਹੋਵੇਗਾ। ਤਲਵਾਰ ਅਤੇ ਬੰਦੂਕ ਸਾਡੇ ਹੱਥ ਵਿਚ ਹੋਵੇਗੀ ਅਤੇ ਅਗੇ ਵਧਦੇ ਹੋਏ ਅਸੀਂ ਮਰਾਂ ਅਤੇ ਮਾਰਾਂਗੇ। ਅਸੀਂ ਗੁਰੂ ਗੋਬਿੰਦ ਸਿੰਘ ਦੇ ਸਪੁੱਤਰ ਹਾਂ। ਜੇ ਜੀਉਂਦੇ ਰਹੇ ਤਾਂ ਮਿਲਾਂਗੇ ਇਸੇ ਤਰ੍ਹਾਂ ਇਕ ਸਿੱਖ ਨੇ ਕੈਲੇਫੋਰਨੀਆ ਤੋਂ ਨੁਸ਼ੈਹਰੇ (ਸਰਹੱਦੀ ਸੂਬੇ) ਇਕ ਫੌਜੀ ਸਿਪਾਹੀ ਨੂੰ ਲਿਖਿਆ ਕਿ "ਅਮਰੀਕਾ ਅਤੇ ਕੈਨੇਡਾ ਦੇ ਸਾਰੇ ਹਿੰਦੀ ਮਰਨ ਮਾਰਨ ਲਈ ਤਿਆਰ ਹਨ।" ਗ਼ਦਰੀ ਇਨਕਲਾਬੀਆਂ ਨੇ ਹਿੰਦ ਪੁਜਣ ਤੋਂ ਪਹਿਲੋਂ ਰਸਤੇ ਵਿਚ ਇਹ ਫੈਸਲਾ ਕਰ ਲਿਆ ਸੀ ਕਿ ਗ਼ਦਰ ਪਾਰਟੀ ਦਾ ਜਿਹੜਾ ਮੈਂਬਰ ਆਪਣੀ ਡਿਊਟੀ ਕਰਨ ਵਿਚ ਫੇਲ ਹੋ ਜਾਵੇ, ਉਸ ਨੂੰ ਮੌਤ ਦੇ ਘਾਟ ਉਤਾਰ ਦਿਤਾ ਜਾਏ, ਅਤੇ ਗ਼ਦਰ ਪਾਰਟੀ ਦੇ ਸਭ ਚੀਦਾ ਵਰਕਰਾਂ ਤੇ ਅਹੁਦੇਦਾਰਾਂ ਨੇ ਗਦਰੀ ਮੁਹਿਮ ਦੇ ਮੂਹਰੇ ਲੱਗਕੇ ਛਾਲਾਂ ਮਾਰੀਆਂ।

ਦੇਸ ਵਿਚ ਆ ਕੇ ਜਿਸ ਦਲੇਰੀ ਨਾਲ ਗਦਰੀ ਇਨਕਲਾਬੀਆਂ ਨੇ ਕੰਮ ਕੀਤਾ, ਉਸ ਬਾਰੇ ਪੰਜਾਬ ਦੇ ਪੁਲਸ ਅਫਸਰਾਂ ਆਪਣੀ ਲਿਖਤ ਵਿਚ ਲਿਖਿਆ ਹੈ ਕਿ "ਸੁੱਚਾ ਸਿੰਘ ਅਤੇ ਹੋਰ ਜਿਸ ਨਿਝੱਕ ਦਲੇਰੀ ਨਾਲ ਫੌਜੀਆਂ ਨੂੰ ਪ੍ਰੇਰਨ ਲਈ ਕੰਮ ਕਰਦੇ ਰਹੇ, ਉਸ ਨੂੰ ਵੇਖ ਕੇ ਦੰਦ ਜੁੜ ਜਾਂਦੇ ਹਨ" ("The audacity with which Sucha Singh and others went about this work of seduction is astounding") ਐਮ. ਐਸ. ਲੇਹ ਨੇ ਲਿਖਿਆ ਹੈ ਕਿ ਗਦਰੀਆਂ ਨੇ ਉਤਰੀ ਹਿੰਦੁਸਤਾਨ ਦੀਆਂ ਬਹੁਤ ਸਾਰੀਆਂ ਛਾਉਣੀਆਂ ਵਿਚ ਬਹੁਤ ਹੀ ਨਿਝੱਕ ਹੋਕੇ ਕੰਮ ਕੀਤਾ। ਰੋਲਟ ਰੀਪੋਟ ਵਿਚ ਇਨਕਲਾਬੀ ਲਹਿਰਾਂ ਦਾ ਤੱਤ ਕੱਢਦਿਆਂ ਹੋਇਆਂ ਲਿਖਿਆ ਹੈ ਕਿ ਗ਼ਦਰੀ ਇਨਕਲਾਬੀ ਇਨਕਲਾਬ ਕਰਾਉਣ ਲਈ ਤੁਲੇ ਹੋਏ ਸਨ। ਸਰ ਮਾਈਕਲ ਓਡਵਾਇਰ ਨੇ ਹਿੰਦੀ ਦੀ ਕਾਨੂੰਨ ਘੜਨੀ ਕੌਂਸਲ ਵਿਚ ਤਕਰੀਰ ਕਰਦਿਆਂ ਕਿਹਾ ਕਿ ਸਤੰਬਰ 1914 ਤੋਂ ਹਰ ਇਕ ਜਹਾਜ਼, ਜੋ ਅਮਰੀਕਾ ਅਤੇ ਧੁਰ ਪੂਰਬ ਤੋਂ ਆਇਆ, ਵਿਚ ਦਰਜਨਾਂ, ਅਤੇ ਕਈਆਂ ਵਿਚ ਸੈਂਕੜੇ, ਐਸੇ ਇਨਕਲਾਬੀ ਆਏ ਜਿਨ੍ਹਾਂ ਨੂੰ ਲੱਥੀ ਚੜ੍ਹੀ ਦੀ ਪਰਵਾਹ ਨਹੀਂ ਸੀ। ਅਤੇ ਉਨ੍ਹਾਂ ਆਪਣੀ ਕਿਤਾਬ ਵਿਚ ਲਿਖਿਆ ਹੈ ਕਿ "ਇਸ ਸਿਰਲੱਥ ਜੱਥੇ ਦੇ ਅਸਲੇ ਬਾਰੇ ਇਸ ਤੋਂ ਪਤਾ ਲਗਦਾ ਹੈ ਕਿ ਜਿਨ੍ਹਾਂ 73 ਆਦਮੀਆਂ ਨੂੰ ਘੱਟ ਖਤਰਨਾਕ ਸਮਝਕੇ (ਨਜ਼ਰਬੰਦੀ ਤੋਂ) ਰਿਹਾ ਕੀਤਾ ਗਿਆ, ਉਨ੍ਹਾਂ ਵਿਚੋਂ ਛੇ ਨੂੰ ਪਿਛੋਂ ਹੋਈਆਂ ਗਦਰੀ ਕਾਰਵਾਈਆਂ ਵਿਚ ਹਿੱਸਾ ਲੈਣ ਬਦਲੇ ਫਾਂਸੀ ਦਿਤੀ ਗਈ ਅਤੇ ਛੇ ਨੂੰ ਉਮਰ ਕੈਦ ਦੀ ਸਜ਼ਾ ..."। ਗਦਰੀ ਇਨਕਲਾਬੀਆਂ ਨੇ ਦੱਸਿਆ ਹੈ ਕਿ ਜਦ ਪੰਜਾਬ ਦਾ ਗਵਰਨਰ ਮੁਲਤਾਨ ਜੇਲ ਵਿਚ ਨਜ਼ਰਬੰਦ ਕੀਤੇ ਹੋਏ ਇਨਕਲਾਬੀਆਂ ਨੂੰ ਵੇਖਣ ਗਿਆ, ਤਾਂ ਉਨ੍ਹਾਂ ਨੂੰ ਵੰਗਾਰ ਕੇ ਕਹਿਣ ਲਗਾ ਕਿ ਓਹ ਅਗੇ ਵਧੇ ਜਿਹੜਾ ਦਾਅਵਾ ਕਰਦਾ ਹੈ ਕਿ ਦੇਸ ਉਸ ਦਾ ਹੈ। ਇਸ ਪੁਰ ਸਭ ਦੇ ਸਭ ਗਦਰੀ ਅਗਾਂਹ ਵਧ ਗਏ, ਅਤੇ ਗਵਰਨਰ ਸੜ ਬਲ ਕੇ ਵਾਪਸ ਚਲਾ ਗਿਆ। ਇਸੇ ਤਰ੍ਹਾਂ ਰਾਵਲਪਿੰਡੀ ਜੇਲ੍ਹ ਵਿਚ ਜਦ ਗਵਰਨਰ ਨੇ ਸ਼੍ਰੀ ਕੇਸਰ ਸਿੰਘ "ਠਠਗੜ੍ਹ" ਨੂੰ ਕਿਹਾ ਕਿ 'ਤੋਸ਼ਾ ਮਾਰੂ" ਜਹਾਜ਼ ਵਿਚ ਵੱਡੇ ਵਡੇ ਬਦਮਾਸ਼ ਆਏ ਹਨ, ਤਾਂ ਉਨ੍ਹਾਂ ਜਵਾਬ ਦਿਤਾ ਕਿ ਤੇਥੋਂ ਵਡੇ ਨਹੀਂ। ਪੰਜਾਬ ਪੁਲਸ ਦੇ ਅਫਸਰਾਂ ਇਹ ਦੱਸਿਆ ਹੈ ਕਿ ਪਹਿਲੇ ਮੁਕੱਦਮੇਂ ਦੀ ਲਾਹੌਰ ਜੇਲ੍ਹ ਵਿਚ ਸੁਣਵਾਈ ਕਰਨ ਦਾ ਇਕ ਕਾਰਨ ਇਹ ਸੀ ਕਿ ਦੋਸ਼ੀ ਖਤਰਨਾਕ ਆਦਮੀ ਸਨ।

ਸਵਾਏ ਮਾਂਡਲੇ ਕੇਸ ਦੇ ਹੋਰ ਮੁਕੱਦਮਿਆਂ ਦੇ ਫੈਸਲਿਆਂ ਵਿਚ ਗਦਰੀ ਵਿਅਕਤੀਆਂ ਬਾਰੇ ਚੰਦ ਇਕ ਜ਼ਰੂਰੀ ਥਾਵਾਂ ਬਿਨਾਂ ਰਾਇਜ਼ਨੀ ਨਹੀਂ ਕੀਤੀ ਗਈ। ਇਸ ਵਾਸਤੇ ਅੱਡ ਅੱਡ ਗਦਰੀ ਵਿਅਕਤੀਆਂ ਦੀ ਨਿਡਰਤਾ ਅਤੇ ਕੁਰਬਾਨੀ ਦੀ ਸਪਿਰਟ ਬਾਰੇ ਇਨ੍ਹਾਂ ਵਿਚੋਂ ਹਵਾਲੇ ਦੇ ਕੇ ਬਹੁਤਾ ਜ਼ਿਕਰ ਨਹੀਂ ਕੀਤਾ ਜਾ ਸਕਦਾ। ਮਾਂਡਲੇ ਕੇਸ ਦੇ ਫੈਸਲੇ ਵਿਚ ਸ਼੍ਰੀ ਹਰਨਾਮ ਸਿੰਘ 'ਕਾਹਰੀ ਸਾਰੀ' ਸ਼੍ਰੀ ਕਪੂਰ ਸਿੰਘ, ਸ਼੍ਰੀ ਹਰਦਿੱਤ ਸਿੰਘ, ਸ਼੍ਰੀ ਨਰੈਣ ਸਿੰਘ ਅਤੇ ਸ਼੍ਰੀ ਨਿਰੰਜਨ ਸਿੰਘ ਨੂੰ ਖਤਰਨਾਕ ਆਦਮੀ ਬਿਆਨ ਕੀਤਾ ਗਿਆ ਹੈ, ਅਤੇ ਸ਼੍ਰੀ ਸੋਹਨ ਲਾਲ 'ਪਾਥਕ' ਅਤੇ 'ਭਾਈ' ਸੰਤੋਖ ਸਿੰਘ ਨੂੰ ਜ਼ਬਰਦਸਤੀ ਅਤੇ ਤਸ਼ੱਦਦ ਕਰਨ ਵਾਲੇ (Ruffians)। ਪਹਿਲੇ ਕੇਸ ਵਿਚ ਸ਼੍ਰੀ ਕਰਤਾਰ ਸਿੰਘ 'ਸਰਾਭਾ' ਬਾਰੇ ਲਿਖਿਆ ਹੈ ਕਿ, "ਬਿਨਾਂ ਸ਼ੱਕ ਉਸ ਦੀ ਉਮਰ ਛੋਟੀ ਹੈ, ਪਰ ਉਹ ਨਿਰਸੰਦੇਹ ਸਭ ਤੋਂ ਵੱਧ ਖਰਾਬ ਸਾਜ਼ਸ਼ੀਆਂ ਵਿਚੋਂ ਇਕ ਹੈ। ਓਹ ਬਿਲਕੁਲ ਨਿਰਦੱਈ ਬਦਮਾਸ਼ ਹੈ ਜਿਸ ਨੂੰ ਆਪਣੀਆਂ ਕਾਰਵਾਈਆਂ ਉਤੇ ਮਾਣ ਹੈ, ਅਤੇ ਜਿਸ ਨੂੰ ਨਾ ਰਹਿਮ ਵਿਖਾਇਆ ਜਾ ਸਕਦਾ ਹੈ ਅਤੇ ਨਾ ਵਿਖਾਏ ਜਾਣਾ ਚਾਹੀਦਾ ਹੈ।"

ਸ਼੍ਰੀ ਨਿਧਾਨ ਸਿੰਘ 'ਚੁੱਘਾ' ਬਾਰੇ ਲਿਖਿਆ ਹੈ ਕਿ "ਸਾਡੀ ਰਾਏ ਵਿਚ ਇਹ ਪੂਰੀ ਤਰ੍ਹਾਂ ਸਾਬਤ ਹੋ ਗਿਆ ਹੈ ਕਿ ਦੋਸ਼ੀ ਬਹੁਤ ਹੀ ਖਤਰਨਾਕ ਅਪਰਾਧੀ ਹੈ, ਅਤੇ ਸਭ ਤੋਂ ਭੈੜੇ ਅਤੇ ਜ਼ਰੂਰੀ ਸਾਜ਼ਸ਼ੀਆਂ ਵਿਚੋਂ ਇਕ।" ਸ਼੍ਰੀ ਪਿਰਥੀ ਸਿੰਘ (ਜਿੰਨ੍ਹਾਂ ਦੇ ਉਚੇ ਆਚਰਨ ਬਾਬਤ ਉਨ੍ਹਾਂ ਬਾਰੇ ਚਿਠੀਆਂ ਵਿਚ 'ਮਹਾਤਮਾ' ਗਾਂਧੀ ਨੇ ਬੜੀ ਤਾਰੀਫ ਕੀਤੀ ਹੈ) ਬਾਰੇ ਜ਼ਿਕਰ ਆਉਂਦਾ ਹੈ ਕਿ ਉਹ ਉਨ੍ਹਾਂ ਨੂੰ ਫੜਨ ਗਏ ਪੁਲੀਸ ਅਫਸਰ ਨਾਲ ਉਤਨਾ ਚਿਰ ਘੋਲ ਕਰਦੇ ਰਹੇ ਜਿਤਨਾ ਚਿਰ ਦੋਵੇਂ ਬੇਹੋਸ਼ ਹੋ ਕੇ ਡਿੱਗ ਨਾ ਪਏ, ਅਤੇ ਸ਼੍ਰੀ ਪਿਆਰਾ ਸਿੰਘ 'ਲੰਗੇਰੀ' ਹੱਥ ਵਿਚ ਟੱਕਊਵਾ ਘੁਮਾਉਂਦੇ ਹੋਏ ਘੋੜ ਚੜ੍ਹੀ ਪੁਲਸ ਦਾ ਕਈ ਮੀਲ ਦੌੜਦੇ ਹੋਏ ਮੁਕਾਬਲਾ ਕਰਦੇ ਰਹੇ। ਇਸੇ ਤਰ੍ਹਾਂ ਸ਼੍ਰੀ ਨਿਧਾਨ ਸਿੰਘ ਅਤੇ ਸ਼੍ਰੀ ਰੂੜ ਸਿੰਘ ਪੁਲਸ ਮੁਕਾਬਲੇ ਪਿਛੋਂ ਗ੍ਰਿਫਤਾਰ ਕੀਤੇ ਜਾ ਸਕੇ; ਅਤੇ ਜਦ ਸ਼੍ਰੀ ਕਰਤਾਰ ਸਿੰਘ 'ਸਰਾਭਾ', ਸ਼੍ਰੀ ਜਗਤ ਸਿੰਘ ਅਤੇ ਸ਼੍ਰੀ ਹਰਨਾਮ ਸਿੰਘ 'ਟੁੰਡੀਲਾਟ' ਨੂੰ ਗ੍ਰਿਫਤਾਰ ਕੀਤਾ ਗਿਆ ਤਾਂ ਉਨ੍ਹਾਂ ਦਰਸ਼ਕਾਂ ਨੂੰ ਇਨਕਲਾਬੀ ਤਕਰੀਰਾਂ ਕਰਨੀਆਂ ਸ਼ੁਰੂ ਕਰ ਦਿੱਤੀਆਂ। ਸ਼੍ਰੀ ਰਾਸ ਬਿਹਾਰੀ ਬੋਸ ਦੇ ਹਰਦਮ ਉਨ੍ਹਾਂ ਦੇ ਗਲੇ ਵਿਚ ਫਾਂਸੀ ਦੀ ਤਖਤੀ ਲਟਕਦੀ ਸੀ ਅਤੇ ਉਹ ਗਦਰ ਪਾਰਟੀ ਲਹਿਰ ਵਿਚ ਸਰਗਰਮ ਹਿਸਾ ਲੈਣ ਸਮੇਂ ਕਿਵੇਂ ਮੌਤ ਨਾਲ ਖੇਡਦੇ ਰਹੇ।

ਸ਼੍ਰੀ ਸੱਜਣ ਸਿੰਘ (ਪਿੰਡ ਨਾਰੰਗਵਾਲ) ਬਾਰੇ ਦੂਸਰੇ ਮੁਕੱਦਮੇਂ ਦੇ ਫੈਸਲੇ ਵਿਚ ਲਿਖਿਆ ਹੈ ਕਿ, "ਸਾਡੀ ਰਾਏ ਵਿਚ ਉਹ ਮੁਕੰਮਲ ਬਦਮਾਸ਼ ਹੈ, ਜਿਸ ਨੂੰ ਆਪਣੀ ਕੀਤੀ ਉਤੇ ਪਛਤਾਵਾ ਨਹੀਂ। ਉਹ ਬਹੁਤ ਜ਼ਿਆਦਾ ਖਤਰਨਾਕ ਆਦਮੀ ਹੈ, ਜੋ ਮੌਕਾ ਮਿਲਣ ਉਤੇ ਇਕ ਹੋਰ ਕਰਤਾਰ ਸਿੰਘ 'ਸਰਾਭਾ' ਬਣ

ਬਾਕੀ ਪੰਨਾ 16 ਉਤੇ


ਪੰਨਾ 15 ਦੀ ਬਾਕੀ

ਸਕਦਾ ਹੈ।" ਅਰਥਾਤ ਸ੍ਰੀ ਕਰਤਾਰ ਸਿੰਘ 'ਸਰਾਭਾ' ਗਦਰ ਪਾਰਟੀ ਲਹਿਰ ਦੀ ਕੁਰਬਾਨੀ ਅਤੇ ਦਲੇਰੀ ਦੀ ਸਪਿਰਟ ਦਾ ਚੋਟੀ ਦਾ ਨਮੂਨਾ ਮੰਨੇ ਜਾਂਦੇ ਸਨ। ਇਹ ਹੈ ਵੀ ਠੀਕ। ਜਿਨ੍ਹਾਂ ਇਨਕਲਾਬੀਆਂ ਨੂੰ ਉਨ੍ਹਾਂ ਨਾਲ ਕੰਮ ਕਰਨ ਦਾ ਅਵਸਰ ਮਿਲਿਆ, ਉਹ ਸਭ ਇਸ ਬਾਰੇ ਮੁਤਫਿਕ ਹਨ। ਸ੍ਰੀ ਸਾਨਿਯਾਲ ਲਿਖਦੇ ਹਨ ਕਿ, "ਜੰਜੀਰਾਂ ਵਿਚ ਜਕੜੇ ਹੋਏ ਕਰਤਾਰ ਸਿੰਘ ਦੇ ਮੁਖੜੇ ਪੁਰ ਬੀਰਤਾ ਦੀ ਅਜੇਹੀ ਸੋਭਾ ਝਲਕਦੀ ਸੀ ਕਿ ਉਸ ਮੂਰਤ ਨੂੰ ਵੇਖ ਵੇਖ ਸੱਜਣ ਦੁਸ਼ਮਣ ਸਭ ਇਕ ਦਮ ਮੁਗਧ ਹੋ ਜਾਂਦੇ ਸਨ।" ਭਾਈ ਪਰਮਾ ਨੰਦ (ਜਿਨ੍ਹਾਂ ਨੇ ਗ਼ਦਰੀਆਂ ਦੀਆਂ ਕੋਸ਼ਿਸ਼ਾਂ ਨੂੰ ਬੱਚਿਆਂ ਦੇ ਖੇਲ ਨਾਲ ਤੁਲਣਾ ਦਿਤੀ ਅਤੇ ਇਸ ਦੀ ਜ਼ਿੰਮੇਂਵਾਰੀ ਬਹੁਤੀ ਸ੍ਰੀ ਕਰਤਾਰ ਸਿੰਘ ਉਤੇ ਸੁੱਟੀ) ਵੀ ਸ੍ਰੀ ਕਰਤਾਰ ਸਿੰਘ 'ਸਰਾਭਾ' ਬਾਰੇ ਲਿਖਦੇ ਹਨ ਕਿ, "ਪਰ ਉਸ ਦੀ ਉਚੀ ਸਪਿਰਟ, ਉਸ ਦੀ ਨਿਡੱਰਤਾ ਅਤੇ ਮੌਤ ਤੋਂ ਬੇਪਰਵਾਹੀ, ਐਸੀਆਂ ਖੂਬੀਆਂ ਹਨ, ਜੋ ਉਸ ਉਮਰ ਦੇ ਛੋਕਰੇ ਵਿਚ ਦੁਰਲੱਭ ਹਨ। ... ਉਹ ਵੱਡੇ ਅਫਸਰਾਂ ਕੋਲੋਂ ਮਾਸਾ ਵੀ ਨਹੀਂ ਸੀ ਡਰਦਾ। .... ਸੁਪਰਟੈਂਡੈਂਟ (ਜੇਲ੍ਹ ਦਾ) ਉਸ ਦੀ ਗੱਲ ਬਾਤ ਬੜੇ ਸਵਾਦ ਨਾਲ ਸੁਣਦਾ ਹੁੰਦਾ ਸੀ, ਜਦੋਂ ਓਹ ਕਈ ਵੇਰ ਕਹਿੰਦਾ 'ਤੁਸਾਂ ਸਾਨੂੰ ਫਾਂਸੀ ਤਾਂ ਦੇ ਹੀ ਦੇਣਾ ਹੈ, ਐਥੇ ਸਾਨੂੰ ਕਿਉਂ ਤੰਗ ਕਰੋ ....।" ਕਚੈਹਿਰੀ ਵਿਚ ਬਿਆਨ ਦੇਂਦਿਆਂ ਹੋਇਆਂ ਉਸ ਨੇ ਇਹ ਸਾਫ ਸਾਫ ਮੰਨ ਲਿਆ ਕਿ ਉਸ ਦੀ ਲਾਲਸਾ ਮੁਲਕ ਨੂੰ ਆਜ਼ਾਦ ਕਰਵਾਉਣ ਦੀ ਸੀ ਅਤੇ ਜੋ ਕੁਝ ਵੀ ਉਸ ਨੇ ਕੀਤਾ ਇਸੇ ਖਾਤਰ। ਉਸ ਦਾ ਆਪਣੀ ਜ਼ਾਤ ਲਈ ਕੋਈ ਹਾਸਲ ਕਰਨ ਯੋਗ ਮਕਸਦ ਨਹੀਂ ਸੀ, ਅਤੇ ਉਸ ਨੇ ਕਿਸੇ ਬਾਰੇ ਕਦੇ ਵੀ ਬੁਰਾ ਨਹੀਂ ਸੀ ਸੋਚਿਆ।"

ਜਦ ਪਹਿਲੇ ਮੁਕੱਦਮੇਂ ਦਾ ਫੈਸਲਾ ਸੁਣਾਇਆ ਗਿਆ ਤਾਂ ਇਕ ਇਨਕਲਾਬੀ (ਸ੍ਰੀ ਜਵਾਲਾ ਸਿੰਘ 'ਠਠੀਆਂ'), ਜਿਨ੍ਹਾਂ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਗਈ, ਨੇ ਬੇਨਤੀ ਕੀਤੀ ਕਿ ਉਨ੍ਹਾਂ ਨੂੰ ਮੌਤ ਦੀ ਸਜ਼ਾ ਦਿਤੀ ਜਾਵੇ। ਜੱਜਾਂ ਨੇ ਉਨ੍ਹਾਂ ਨੂੰ ਇਸ ਮਤਲਬ ਲਈ ਅਪੀਲ ਕਰਨ ਵਾਸਤੇ ਕਿਹਾ। ਸ੍ਰੀ ਕਰਤਾਰ ਸਿੰਘ 'ਸਰਾਭਾ' ਨੇ ਮੌਤ ਦੀ ਸਜ਼ਾ ਦਾ ਹੁਕਮ ਸੁਣ ਕੇ ਕਿਹਾ 'ਧੰਨਵਾਦ', ਅਤੇ ਇਕ ਹੋਰ ਨੇ ਇਹ ਹੁਕਮ ਸੁਣ ਕੇ ਆਖਿਆ 'ਬੱਸ, ਇਹੋ'। ਕਈਆਂ (ਸ੍ਰੀ ਸੋਹਣ ਸਿੰਘ 'ਭਕਨਾ', ਸ੍ਰੀ ਕੇਸਰ ਸਿੰਘ 'ਠਠਗੜ੍ਹ', ਸ੍ਰੀ ਕਰਤਾਰ ਸਿੰਘ 'ਸਰਾਭਾ' ਅਤੇ ਸ੍ਰੀ ਹਰਨਾਮ ਸਿੰਘ 'ਸਿਆਲਕੋਟੀ'), ਜਿਨ੍ਹਾਂ ਨੂੰ ਫਾਂਸੀ ਦੀ ਸਜ਼ਾ ਹੋਈ ਸੀ, ਨੇ ਸੁਪਰਟੈਂਡੈਂਟ ਜੇਲ੍ਹ ਦੇ ਪੁਛਣ ਉਤੇ ਰਹਿਮ ਲਈ ਅਪੀਲ ਕਰਨੋਂ ਨਾਂਹ ਕਰ ਦਿਤੀ, ਅਤੇ ਬਾਕੀ ਦਿਆਂ ਸਾਧਾਰਨ ਤੌਰ ਉਤੇ ਅਪੀਲ ਕਰ ਦਿੱਤੀ।

ਫਾਂਸੀ ਦੀਆਂ ਕੋਠੜੀਆਂ ਵਿਚ ਬੰਦ ਹੋਣ ਵੇਲੇ ਦੀ ਹਾਲਤ ਦਾ ਭਾਈ ਪਰਮਾਨੰਦ ਇਹ ਨਕਸ਼ਾ ਖਿਚਦੇ ਹਨ। "ਜਿਨ੍ਹਾਂ ਨੇ ਆਪਣੀ ਜ਼ਾਤੀ ਗਰਜ਼ ਵਾਸਤੇ ਡਾਕੇ ਮਰਵਾਏ ਸਨ, ਉਹ ਬਹੁਤ ਨਿਘਰੀ ਹਾਲਤ ਵਿਚ ਸਨ। ਬਾਕੀ ਸਭ ਦੀ ਇਨ ਬਿਨ ਉਹ ਹਾਲਤ ਸੀ, ਜਿਸ ਨੂੰ ਆਮ ਪ੍ਰਚੱਲਤ ਕਹਾਵਤ, ਜਿਸ ਦਾ ਭਾਵ ਹੈ ਕਿ ਅਕੱਠਿਆਂ ਦੀ ਮੌਤ ਵੀ ਜਸ਼ਨ ਹੁੰਦਾ ਹੈ, ਵਿਚ ਬਿਆਨ ਕੀਤਾ ਗਿਆ ਹੈ। ਲੋਕ ਨਾ ਹੀ ਮੇਰੀ ਗੱਲ ਸਮਝ ਸਕਣਗੇ, ਅਤੇ ਨਾ ਹੀ ਉਨ੍ਹਾਂ ਦੇ ਮੰਨਣ ਵਿਚ ਇਹ ਗਲ ਆ ਸਕੇਗੀ, ਕਿ ਅਸੀਂ ਐਸੀ ਮਸਤੀ ਦੀ ਹਾਲਤ ਵਿਚ ਸਾਂ, ਜਿਸ ਬਾਰੇ ਇਹ ਸਚਾਈ ਨਾਲ ਕਿਹਾ ਜਾ ਸਕਦਾ ਹੈ ਕਿ ਅਸੀਂ ਖੁਸ਼ੀ ਮਨਾ ਰਹੇ ਸਾਂ ਇਕ ਮਿੰਟ ਵੀ ਨਹੀਂ ਸੀ ਗੁਜ਼ਰਦਾ ਜਦੋਂ ਕੋਈ ਨਾ ਕੋਈ ਭਗਤੀ-ਭਾਵ ਵਾਲਾ ਗੀਤ ਜਾਂ ਦੇਸ਼ ਭਗਤੀ ਦੀ ਕਵਿਤਾ, ਜਿਹੜੀ ਜੇਲ੍ਹ ਆਉਣ ਤੋਂ ਪਹਿਲੋਂ ਜਾਂ ਪਿਛੋਂ ਆ ਕੇ ਰਚੀ ਗਈ ਸੀ, ਨਾ ਗਾਉਂਦਾ ਹੋਵੇ। ਹਾਸੇ ਅਤੇ ਮਖੌਲ ਨਾਲ ਬਹੁਤ ਰਾਤ ਗਈ ਤਕ ਇਕ ਦੂਜੇ ਨਾਲ ਓਦੋਂ ਤਕ ਗਲਬਾਤ ਜਾਰੀ ਰਖੀ ਜਾਂਦੀ ਜਦੋਂ ਅਸੀਂ ਥੱਕ ਚੂਰ ਹੋ ਕੇ ਸੌਂ ਜਾਂਦੇ। ਸਾਡੇ ਪਹਿਰੇਦਾਰ ਸਾਡੀ ਹਾਲਤ ਉਤੇ ਹੈਰਾਨ ਹੁੰਦੇ ਅਤੇ ਕਈ ਵੇਰ ਪੁਛਦੇ ਕਿ ਅਸੀਂ ਮੌਤ ਲਈ ਤਿਆਰੀ ਕਰ ਰਹੇ ਸਾਂ ਜਾਂ ਜੰਞ ਚੜ੍ਹ ਰਹੇ ਸਾਂ। ... ਕਰਤਾਰ ਸਿੰਘ ਖਾਸ ਤੌਰ ਉਤੇ ਖੁਸ਼ੀ ਦੇ ਰੰਗ ਵਿਚ ਸੀ ਅਤੇ ਆਪਣੀ ਸਪਿਰਟ ਦੂਸਰਿਆਂ ਵਿਚ ਭਰਦਾ। ਓਹ ਕਹਿੰਦਾ 'ਸਾਨੂੰ ਜਲਦੀ ਫਾਂਸੀ ਲਗੇ, ਤਾਂਕਿ ਅਸੀਂ ਜਲਦੀ ਮੁੜ ਜਨਮ ਲੈ ਕੇ ਆਪਣਾ ਕੰਮ ਓਥੋਂ ਸ਼ੁਰੂ ਕਰੀਏ ਜਿਥੇ ਅਸੀਂ ਛੱਡ ਚਲੇ ਹਾਂ।'

ਜਿਹੜਾ ਆਦਮੀ ਗਦਰ ਪਾਰਟੀ ਜਾਂ ਯੁਗੰਤਰ ਆਸ਼ਰਮ ਦੀ ਕੌਂਸਲ ਵਿਚ ਸ਼ਾਮਲ ਕੀਤਾ ਜਾਂਦਾ, ਉਸ ਨੂੰ ਛੇ ਪ੍ਰਣ ਕਰਨੇ ਪੈਂਦੇ, ਜਿਨ੍ਹਾਂ ਵਿਚੋਂ ਤਿੰਨ ਵੱਡੇ ਇਹ ਸਨ :—



ਸ੍ਰੀ ਜਵਾਲਾ ਸਿੰਘ 'ਠਟੀਆਂ'
ਮੀਤ ਪ੍ਰਧਾਨ, ਗ਼ਦਰ ਪਾਰਟੀ

(ੳ) ਸਾਰੀ ਨਿਜੀ ਜਾਇਦਾਦ ਆਜ਼ਾਦੀ ਦੀ ਖਾਤਰ ਅਰਪਨ ਕਰ ਦੇਣੀ।

(ਅ) ਉਪਰੋਕਤ ਮਕਸਦ ਲਈ ਸਾਰੀ ਉਮਰ ਵਕਫ ਕਰ ਦੇਣੀ।

(ੲ) ਜ਼ਾਤ ਪਾਤ, ਰੰਗ, ਜਾਂ ਧਰਮ ਦੀ ਬਿਨਾਂ ਉਤੇ ਕਿਸੇ ਆਦਮੀ ਤੋਂ ਤਰਕ ਨਾ ਕਰਨੀ।

ਅਰਥਾਤ ਗ਼ਦਰੀ ਇਨਕਲਾਬੀਆਂ ਨੇ ਮੁਕੰਮਲ ਤੌਰ ਉਤੇ ਆਪਣੇ ਜੀਵਨ ਸਦਾ ਲਈ 'ਆਜ਼ਾਦੀ ਅਤੇ ਬਰਾਬਰੀ' ਦੇ ਆਦੱਰਸ਼ ਨੂੰ ਪ੍ਰਾਪਤ ਕਰਨ ਲਈ ਅਰਪਨ ਕਰ ਦਿਤੇ ਸਨ। ਗਦਰ ਪਾਰਟੀ ਲਹਿਰ ਦੇ ਦੌਰਾਨ ਵਿਚ ਇਸ ਵਿਚ ਭਾਗ ਲੈਣ ਵਾਲਿਆਂ ਬਹੁਤੇ ਇਨਕਲਾਬੀਆਂ ਨੇ ਇਸ ਸੰਪੂਰਨ ਆਪਾ ਵਾਰਨ ਦੀ ਸਪਿਰਟ ਨੂੰ ਕਾਇਮ ਰੱਖਿਆ। ਲਹਿਰ ਦੇ ਫੇਲ ਹੋ ਜਾਣ ਪਿਛੋਂ ਸਾਰਿਆਂ ਤੋਂ ਇਸ ਕਰੜੇ ਪ੍ਰਣ ਉਤੇ ਹਮੇਸ਼ਾਂ ਲਈ ਪਹਿਰਾ ਦੇਣ ਦੀ ਆਸ ਨਹੀਂ ਕੀਤੀ ਜਾ ਸਕਦੀ। ਪਰ ਉਨ੍ਹਾਂ ਵਿਚੋਂ ਜਿਤਨੀ ਗਿਣਤੀ ਨੇ ਗ਼ਦਰ ਪਾਰਟੀ ਲਹਿਰ ਦੇ ਸਿਲਸਿਲੇ ਵਿਚ ਹੋਈਆਂ ਲੰਮੀਆਂ ਵੀਹ ਵੀਹ ਸਾਲ, ਜਾਂ ਇਸ ਤੋਂ ਵੀ ਵੱਧ, ਦੀਆਂ ਸਖਤ ਕੈਦਾਂ ਭੁਗਤਣ ਪਿਛੋਂ ਰਿਹਾ ਹੋ ਕੇ ਵੀ ਜਿਸ ਤਰ੍ਹਾਂ ਆਪਣੀ ਇਨਕਲਾਬੀ ਲਗਨ ਵਿਚ ਫਰਕ ਨਹੀਂ ਪੈਣ ਦਿਤਾ, ਇਹ ਇਕ ਕ੍ਰਿਸ਼ਮੇਂ ਤੋਂ ਘੱਟ ਨਹੀਂ।

ਸਰ ਮਾਇਕਲ ਓਡਵਾਇਰ ਲਿਖਦੇ ਹਨ ਕਿ ਲਹਿਰ ਫੇਲ ਹੋ ਜਾਣ ਪਿਛੋਂ ਇਸਦੇ ਲੀਡਰਾਂ ਦੇ ਹੌਂਸਲੇ ਨਹੀਂ ਸਨ ਟੁੱਟੇ, ਅਤੇ ਉਹ ਯੂ. ਪੀ. ਵਿਚ ਜਾ ਕੇ ਕਈ ਮਹੀਨੇ ਕੰਮ ਕਰਦੇ ਰਹੇ। ਸ੍ਰੀ ਪਿੰਗਲੇ ਨੂੰ ਸ੍ਰੀ ਰਾਸ ਬਿਹਾਰੀ ਬੋਸ ਨੇ ਬਥੇਰਾ ਵਰਜਿਆ ਕਿ ਹੁਣ ਸਿਪਾਹੀਆਂ ਵਿਚ ਕੰਮ ਕਰਨ ਦਾ ਸਮਾਂ ਨਹੀਂ ਸੀ, ਪਰ ਸ੍ਰੀ ਪਿੰਗਲੇ ਆਪਣੀ ਧੁਨ ਤੋਂ ਨਾ ਟਲੇ। ਓਹ ਨਿਹਾਇਤ ਖਤਰਨਾਕ ਬੰਬ ਲੈ ਕੇ ਮੇਰਠ ਛਾਉਣੀ ਵਿਚ ਗਏ, ਜਿਥੇ ਇਕ ਮੁਸਲਮਾਨ ਦਫੇਦਾਰ ਨੇ ਵਿਸਾਹ ਘਾਤ ਕਰਕੇ ਉਨ੍ਹਾਂ ਨੂੰ ਫੜਵਾ ਦਿਤਾ, ਅਤੇ ਉਨ੍ਹਾਂ ਨੂੰ ਫਾਂਸੀ ਉਤੇ ਲਟਕ ਕੇ ਸ਼ਹੀਦੀ ਪਾਉਣੀ ਪਈ। ਇਸੇ ਤਰ੍ਹਾਂ ਲਹਿਰ ਫੇਲ ਹੋ ਜਾਣ ਪਿਛੋਂ ਸ੍ਰੀ ਕਰਤਾਰ ਸਿੰਘ 'ਸਰਾਭਾ', ਸ੍ਰੀ ਜਗਤ ਸਿੰਘ 'ਸੁਰਸਿੰਗ' ਅਤੇ ਸ੍ਰੀ ਹਰਨਾਮ ਸਿੰਘ 'ਟੁੰਡੀਲਾਟ' ਦੇਸੋਂ ਬਾਹਰ ਕਬਾਇਲੀ ਇਲਾਕੇ ਵਿਚ ਚਲੇ ਜਾਣ ਵਿਚ ਕਾਮਯਾਬ ਹੋ ਗਏ ਸਨ ਓਥੇ ਉਨ੍ਹਾਂ ਵਿਚੋਂ ਇਕ ਨੇ 'ਗ਼ਦਰ ਦੀ ਗੂੰਜ' ਦੀ ਇਹ ਕਵਿਤਾ ਪੜ੍ਹੀ, 'ਬਣੀਂ ਸਿਰ ਸ਼ੇਰਾਂ, ਕੀ ਜਾਣਾ ਭੱਜਕੇ।' ਇਤਨੇ ਨਾਲ ਅਗੇ ਜਾਣ ਦਾ ਵੀਚਾਰ ਬਦਲ ਗਿਆ ਤੇ ਸਲਾਹ ਬਣੀ ਕਿ ਬੰਦੂਕਾਂ ਲੈ ਕੇ ਫੜੇ ਜਾ ਚੁਕੇ ਸਾਥੀਆਂ ਨੂੰ ਛੁਡਾਇਆ ਜਾਵੇ। ਇਸ ਨੀਯਤ ਨਾਲ ਦੇਸ ਪਰਤੇ ਅਤੇ ਚੱਕ ਨੰਬਰ ਪੰਜ (ਸਰਗੋਧਾ) ਬਾਈਵੇਂ ਰਸਾਲੇ ਦੇ ਆਦਮੀਆਂ ਨੂੰ ਪ੍ਰੇਰਨ ਗਏ, ਜਿਥੇ ਇਕ ਰਿਸਾਲਦਾਰ ਨੇ ਤਿੰਨਾਂ ਨੂੰ 2 ਮਾਰਚ 1915 ਨੂੰ ਫੜਵਾ ਦਿਤਾ।

ਸ੍ਰੀ ਪ੍ਰੇਮ ਸਿੰਘ 'ਸੁਰਸਿੰਗ' ਦੀ ਇਨਕਲਾਬੀ ਲਗਨ ਆਪਣੇ ਆਪ ਵਿਚ ਇਕ ਮਿਸਾਲ ਹੈ। ਇਕ ਸੱਜਣ, ਜਿਨ੍ਹਾਂ ਪਾਸ ਓਹ ਗੁਪਤ ਆ ਕੇ ਟਿਕਦੇ ਰਹੇ, ਦਾ ਬਿਆਨ ਹੈ ਕਿ ਉਨ੍ਹਾਂ ਚਾਰ ਖੋਤੇ ਗਦਰੀ ਸਾਹਿਤ ਦੇ ਭਰ ਲਏ, ਅਤੇ ਘੁਮਿਆਰ ਦਾ ਭੇਸ ਕਰਕੇ ਲਾਹੌਰ ਤੋਂ ਦਿੱਲੀ ਤੱਕ ਗਦਰੀ ਸਾਹਿਤ ਵੰਡਦੇ ਚਲੇ ਗਏ। ਲਹਿਰ ਫੇਲ ਹੋ ਜਾਣ ਪਿਛੋਂ ਸਾਥੀਆਂ ਨੂੰ ਛੁਡਵਾਉਣ ਹਿੱਤ ਕਪੂਰਥਲੇ ਆਦਿ ਹੋਈਆਂ ਕਾਰਵਾਈਆਂ ਅਤੇ ਤੇਈਵੇਂ ਰਸਾਲੇ ਵਿਚ ਇਨਕਲਾਬੀ ਅੱਗ ਧੁਖਦੀ ਰਖਣ ਦੀ ਉਹ ਜਿੰਦ ਜਾਨ ਸਨ। ਸ੍ਰੀ ਪਰੇਮ ਸਿੰਘ ਬਾਰੇ ਪੰਜਾਬ ਪੁਲਸ ਦੇ ਅਫਸਰ ਲਿਖਦੇ ਹਨ ਕਿ, "ਉਹ ਸਿਰਲੱਥ ਕਿਸਮ ਦਾ ਬੰਦਾ ਸੀ ਅਤੇ ਨੁਕਸਾਨ ਪੁਚਾਣ ਦੀ ਉਸ ਵਿਚ ਬੇਹੱਦ ਰੁਚੀ ਸੀ। ਜਦੋਂ ਉਸ ਦੇ ਸਭ ਵੱਡੇ ਸਾਥੀ ਫੜੇ ਜਾ ਚੁਕੇ ਸਨ, ਅਤੇ ਬਾਕੀ ਦੇ ਲਹਿਰ ਤੋਂ ਕਿਨਾਰਾ ਕਰ ਚੁਕੇ ਸਨ, ਉਸ ਨੇ ਆਪਣੀਆਂ ਸਰਗਰਮੀਆਂ ਜਾਰੀ ਰੱਖਣ ਦੀ ਦ੍ਰਿੜ੍ਹਤਾ ਵਿਖਾਈ।"

ਰੂਸ ਵਿਚ ਬਾਲਸ਼ਵਿਕ ਇਨਕਲਾਬ ਹੋਣ ਪਿਛੋਂ, ਗਦਰ ਪਾਰਟੀ ਨੇ ਆਪਣਾ ਜੋੜ ਕੌਮਾਂਤਰੀ ਕਮਿਊਨਿਸਟ ਲਹਿਰ ਨਾਲ ਜੋੜ ਲਿਆ; ਅਤੇ ਜਿਉਂ ਜਿਉਂ ਗ਼ਦਰੀ ਇਨਕਲਾਬੀ ਗਦਰ ਪਾਰਟੀ ਲਹਿਰ ਸੰਬੰਧੀ ਹੋਈਆਂ ਲੰਮੀਆਂ ਸਜ਼ਾਵਾਂ ਭੁਗਤਣ ਪਿਛੋਂ ਰਿਹਾ ਹੁੰਦੇ ਗਏ, ਓਹ ਇਸ ਲਹਿਰ ਵਿਚ ਸ਼ਾਮਲ ਹੁੰਦੇ ਗਏ। 'ਭਾਈ' ਸੰਤੋਖ ਸਿੰਘ (ਗਦਰ ਪਾਰਟੀ ਦੇ ਜਨਰਲ ਸਕੱਤਰ) ਰੂਸ ਤੋਂ ਹੋ ਕੇ ਹਿੰਦ ਆਉਂਦੇ ਹੋਏ ਸਰਹੱਦ ਉਤੇ ਫੜੇ ਗਏ ਅਤੇ ਨਜ਼ਰਬੰਦ ਕੀਤੇ ਗਏ। ਨਜ਼ਰਬੰਦੀ ਤੋਂ ਰਿਹਾਈ ਪਿਛੋਂ ਉਨ੍ਹਾਂ 'ਕਿਰਤੀ' ਰਿਸਾਲਾ ਜਾਰੀ ਕਰਕੇ ਕਿਰਤੀ ਖਿਆਲਾਂ ਦੇ ਪਰਚਾਰ ਦੀ ਪਹਿਲ ਕੀਤੀ। ਪ੍ਰਿੰਸੀਪਲ ਨਿਰੰਜਨ ਸਿੰਘ ਨੇ ਦੱਸਿਆ ਹੈ ਕਿ 'ਭਾਈ' ਸੰਤੋਖ ਸਿੰਘ ਆਪਣੀ ਖੁਰਾਕ ਉਤੇ ਖਰਚ ਕਰਨੋਂ ਇਤਨਾ ਸੰਕੋਚ ਕਰਦੇ ਰਹੇ (ਕਈ ਵੇਰ ਭੁੰਨੇ ਛੋਲੇ ਚੱਬਕੇ ਗੁਜ਼ਾਰਾ ਕਰਦੇ) ਕਿ ਉਨ੍ਹਾਂ ਨੂੰ ਆਖਰ ਤਪਦਿਕ ਹੋ ਗਈ ਅਤੇ ਉਹ ਇਸੇ ਬੀਮਾਰੀ ਹਥੋਂ ਅੰਮ੍ਰਿਤਸਰ ਚਲਾਣਾ ਕਰ ਗਏ।

ਸ੍ਰੀ ਗੁਰਮੁਖ ਸਿੰਘ 'ਲਲਤੋਂ', ਸ੍ਰੀ ਪਿਰਥੀ ਸਿੰਘ ਅਤੇ ਸ੍ਰੀ ਊਧਮ ਸਿੰਘ ਅੰਡੇਮਾਨ ਤੋਂ ਆ ਕੇ ਹਿੰਦ ਦੀਆਂ ਜੇਲ੍ਹਾਂ ਵਿਚੋਂ ਭੱਜ ਨਿਕਲਣ ਵਿਚ ਕਾਮਯਾਬ ਹੋ ਗਏ। ਇਹ ਤਿੰਨੇ ਅਫਗਾਨਸਤਾਨ ਚਲੇ ਗਏ ਅਤੇ ਕਾਬਲ ਨੂੰ ਅੱਡਾ ਬਣਾ ਕੇ ਆਪਣੇ ਇਨਕਲਾਬੀ ਯਤਨਾਂ ਵਿਚ ਸਾਲਾਂ ਬੱਧੀ ਜੁਟੇ ਰਹੇ। ਆਪਣੀ ਜਾਨ ਖਤਰੇ ਵਿਚ ਪਾ ਕੇ ਇਨ੍ਹਾਂ ਕਈ ਵੇਰ ਸਰਹੱਦ ਪਾਰ ਕਰਕੇ ਇਨਕਲਾਬੀ ਮੰਤਵ ਲਈ ਹਿੰਦ ਫੇਰੀਆਂ ਪਾਈਆਂ। ਸ੍ਰੀ ਊਧਮ ਸਿੰਘ ਸਰਹੱਦ ਪਾਰ ਕਰਦੇ ਹੋਏ ਇਕ ਲਾਲਚੀ ਪਠਾਣ ਹੱਥੋਂ ਗੋਲੀ ਦਾ ਨਿਸ਼ਾਨਾ ਬਣ ਗਏ। ਸ੍ਰੀ ਗੁਰਮੁਖ ਸਿੰਘ 'ਲਲਤੋਂ' ਦੀਆਂ ਗੁਪਤ ਸਰਗਰਮੀਆਂ ਨੂੰ ਅੰਗਰੇਜ਼ੀ ਸਰਕਾਰ ਕਿਤਨੀ ਅਹਿਮੀਅਤ ਦੇਂਦੀ ਸੀ, ਇਹ ਇਸ ਤੋਂ ਜ਼ਾਹਰ ਹੁੰਦਾ ਹੈ ਕਿ ਪੰਜਾਬ ਪੁਲਸ ਦੀ ਸੰਨ 1936 ਦੀ ਸਾਲਾਨਾ ਰੀਪੋਰਟ ਵਿਚ ਲਿਖਿਆ ਹੈ ਕਿ, "ਇਸ ਸਾਲ ਦੀ ਸਭ ਤੋਂ ਵੱਡੀ ਕਾਮਯਾਬੀ ਇਹ ਸੀ ਕਿ ਗੁਰਮੁਖ ਸਿੰਘ ਫੜਿਆ ਗਿਆ, ਜਿਸ ਨੂੰ 1914-15 ਦੀ ਸਾਜ਼ਸ਼ ਦੇ ਮੁਕੱਦਮੇ ਵਿਚ ਸਜ਼ਾ ਹੋਈ ਸੀ ਅਤੇ ਜੋ 1923 ਵਿਚ ਭੱਜ ਗਿਆ ਸੀ।" ਸ੍ਰੀ ਗੁਰਮੁਖ ਸਿੰਘ ਅਤੇ ਸ੍ਰੀ ਪਿਰਥੀ ਸਿੰਘ ਅਜੇ ਤੱਕ ਕਮਿਊਨਿਸਟ ਪਾਰਟੀ ਦੇ ਸਰਗਰਮ ਵਰਕਰ ਹਨ, ਅਤੇ ਜਦ ਪੰਜਾਬ ਵਿਚਲੀ ਕਮਿਊਨਿਸਟ ਲਹਿਰ ਦਾ ਇਤਿਹਾਸ ਲਿਖਿਆ ਜਾਵੇਗਾ ਤਾਂ ਇਨ੍ਹਾਂ ਦੀ ਇਸ ਵਿਚ ਵਿਸ਼ੇਸ਼ ਥਾਂ ਹੋਵੇਗੀ।

ਗਦਰ ਪਾਰਟੀ ਦੇ ਪ੍ਰਧਾਨ ਸ੍ਰੀ ਸੋਹਣ ਸਿੰਘ 'ਭਕਨਾ', ਮੀਤ-ਪ੍ਰਧਾਨ, ਸ੍ਰੀ ਜਵਾਲਾ ਸਿੰਘ 'ਠਟੀਆਂ' ਅਤੇ ਸ੍ਰੀ ਕੇਸਰ ਸਿੰਘ 'ਠਠਗੜ੍ਹ' ਨੇ ਜੇਲ੍ਹੋਂ ਰਿਹਾ ਹੋ ਕੇ ਅੰਗਰੇਜ਼ ਵਿਰੋਧੀ ਲਗੇ ਤਕਰੀਬਨ ਹਰ ਇਕ ਮੋਰਚੇ ਵਿਚ ਹਿਸਾ ਲਿਆ ਅਤੇ ਕਈ ਵੇਰ ਜੇਲ੍ਹ ਯਾਤਰਾ ਕੀਤੀ। ਸ੍ਰੀ ਜਵਾਲਾ ਸਿੰਘ 'ਠਟੀਆਂ' ਨੇ ਪੰਜਾਬ ਵਿਚ

ਬਾਕੀ ਪੰਨਾ 17 ਉਤੇ

ਪੰਨਾ 16 ਤੋਂ ਅੱਗੇ

ਕਿਸਾਨ ਲਹਿਰ ਦਾ ਮੁਢ ਬੰਨ੍ਹਿਆ ਅਤੇ ਪੰਜਾਬ ਕਿਸਾਨ ਕਮੇਟੀ ਦੇ ਪਹਿਲੇ ਪ੍ਰਧਾਨ ਬਣੇ। ਸ੍ਰੀ ਕੇਸਰ ਸਿੰਘ 'ਠਠਗੜ੍ਹ' ਵੀ ਪੰਜਾਬ ਕਿਸਾਨ ਕਮੇਟੀ ਦੇ ਪ੍ਰਧਾਨ ਰਹੇ। ਸ੍ਰੀ ਰੂੜ ਸਿੰਘ 'ਚੂਹੜ ਚੱਕ' ਕਮਿਊਨਿਸਟ ਲਹਿਰ ਵਿਚ ਗੁਪਤ ਪ੍ਰਵੇਸ਼ ਕਰਨ ਵਾਸਤੇ ਮਜ਼ਬੂਰ ਹੋ ਗਏ ਅਤੇ ਇਸੇ ਹਾਲਤ ਵਿਚ ਚਲਾਣਾ ਕਰ ਗਏ। ਇਸੇ ਤਰ੍ਹਾਂ ਸੰਨ 1934 ਵਿਚ ਪੰਜਾਬ ਵਿਚ ਕਮਿਊਨਿਸਟ ਜਥੇਬੰਦੀਆਂ ਗੈਰ-ਕਾਨੂੰਨੀ ਕਰਾਰ ਦਿਤੇ ਜਾਣ ਸਮੇਂ, ਸੰਨ 1938 ਤੇ ਸੰਨ 1939 ਵਿਚ ਅੰਮ੍ਰਿਤਸਰ ਅਤੇ ਲਾਹੌਰ ਜ਼ਿਲਿਆਂ ਵਿਚ ਮਾਲੀਏ ਸੰਬੰਧੀ ਹੋਈਆਂ ਐਜੀਟੇਸ਼ਨਾਂ ਦੇ ਸਿਲਸਿਲੇ ਵਿਚ, ਅਤੇ ਦੂਸਰੇ ਸੰਸਾਰ ਯੁਧ ਛਿੜਨ ਸਮੇਂ ਹੋਈਆਂ ਨਜ਼ਰਬੰਦੀਆਂ ਸਮੇਂ, ਗਦਰੀ ਇਨਕਲਾਬੀਆਂ ਵਿਚੋਂ ਬਹੁਤਿਆਂ ਨੂੰ ਜੇਲ੍ਹ ਯਾਤਰਾ ਕਰਨੀ ਪਈ। ਖਾਸ ਕਰ ਪੰਜਾਬ ਵਿਚ ਕਿਸਾਨ ਲਹਿਰ ਦੀ ਜਿੰਦ ਜਾਨ ਗਦਰੀ ਇਨਕਲਾਬੀ ਸਨ। ਸੰਨ 1939 ਦੀ ਪੰਜਾਬ ਪੁਲਸ ਦੀ ਰੀਪੋਰਟ ਵਿਚ ਲਿਖਿਆ ਹੈ ਕਿ, "(ਕਿਸਾਨ) ਕਮੇਟੀ ਉਤੇ ਪਿਛੇ ਵੀ ਅਤੇ ਹੁਣ ਵੀ ਸਜ਼ਾ ਯਾਫਤਾ ਤਰਾਸਵਾਦੀਆਂ ਅਤੇ ਗਦਰ ਪਾਰਟੀ ਦੇ ਮੈਂਬਰਾਂ ਦਾ ਗੱਲਬਾ ਰਿਹਾ ਹੈ; ਜਿਹੜੇ ਸਭ ਰੂਸ ਤੋਂ ਪਰੇਰਨਾ ਲੈਂਦੇ ਹਨ, ਅਤੇ ਜਿਨ੍ਹਾਂ ਦੀ ਪਲੈਨ, ਆਰਥਕ, ਚੋਣਾਂ, ਫਿਰਕੂ, ਸੋਸ਼ਲਿਸਟ ਅਤੇ ਕਮਿਊਨਿਸਟ ਕਾਰਨਾਂ ਤੋਂ ਉਪਜੀਆਂ ਬਨਾਵਟੀ ਅਤੇ ਠੀਕ ਸ਼ਿਕਾਇਤਾਂ ਨੂੰ ਬਿਨਾ ਛਾਣ ਬੀਣ ਕੀਤੇ ਆਪਣੇ ਮਕਸਦ ਲਈ ਵਰਤਣ ਦੀ ਹੈ।" ਗਦਰੀ ਇਨਕਲਾਬੀਆਂ ਦੀਆਂ ਗਦਰ ਪਾਰਟੀ ਲਹਿਰ ਪਿਛੋਂ ਸਭ ਇਨਕਲਾਬੀ ਸਰਗਰਮੀਆਂ ਦਾ ਜ਼ਿਕਰ ਕਰਨਾ ਇਸ ਲਿਖਤ ਦਾ ਮਨੋਰਥ ਨਹੀਂ। ਇਹ ਚੋਣਵੀਆਂ ਮਿਸਾਲਾਂ ਕੇਵਲ ਗਦਰੀ ਇਨਕਲਾਬੀਆਂ ਦੀ ਇਨਕਲਾਬੀ ਲਗਨ ਅਤੇ ਤਰੱਕੀ-ਪਸੰਦ ਰੁਚੀਆਂ ਨੂੰ ਦਰਸਾਉਣ ਲਈ ਦਿੱਤੀਆਂ ਗਈਆਂ ਹਨ, ਜੋ ਦੱਸਦੀਆਂ ਹਨ ਕਿ ਉਨ੍ਹਾਂ ਵਿਚੋਂ ਬਹੁਤਿਆਂ ਨੇ ਆਪਣੀ ਜ਼ਿੰਦਗੀ ਨੂੰ ਸਦਾ ਲਈ 'ਆਜ਼ਾਦੀ ਤੇ ਬਰਾਬਰੀ' ਦੇ ਆਦੱਰਸ਼ ਲਈ ਅਰਪਣ ਕਰ ਦੇਣ ਦੇ ਪ੍ਰਣ ਨੂੰ ਕਿਵੇਂ ਨਿਭਾਇਆ।

ਕਿਸੇ ਸੱਚੀ ਲਗਨ ਦੀ ਸ਼ਾਇਦ ਸਭ ਤੋਂ ਵੱਡੀ ਪਰਖ ਇਹ ਹੈ ਕਿ ਉਸ ਵਿਚ ਮਗਨ ਹੋ ਕੇ ਆਦਮੀ ਕਿਸ ਹੱਦ ਤੱਕ ਆਪਣੀ ਹਉਮੈਂ ਨੂੰ ਭੁਲਾ ਸਕਦਾ ਹੈ। ਗਦਰ ਪਾਰਟੀ ਦੀਆਂ ਅਹੁਦੇਦਾਰੀਆਂ ਵਲ ਇਤਨਾ ਘੱਟ ਧਿਆਨ ਦਿਤਾ ਗਿਆ ਕਿ ਇਸ ਦੇ ਅਹੁਦੇਦਾਰਾਂ ਨੂੰ ਸਬੂਤ ਦੇਕੇ ਨਿਸਚਿਤ ਕਰਨਾ ਮੁਸ਼ਕਲ ਹੋ ਗਿਆ ਹੈ। ਗਦਰ ਪਾਰਟੀ ਦੇ ਸੈਂਟਰ ਉਤੇ ਕਿਸ ਦਾ ਕੰਟਰੋਲ ਰਹਿੰਦਾ ਹੈ, ਉਨ੍ਹਾਂ ਇਸ ਦਾ ਵੀ ਫਿਕਰ ਨਾ ਕੀਤਾ। ਗਦਰ ਪਾਰਟੀ ਦੇ ਸਭ ਚੀਦਾ ਵਰਕਰ ਤੇ ਅਹੁਦੇਦਾਰ ਹਿੰਦ ਅਤੇ ਸਿਆਮ-ਬਰਮਾ ਦੀਆਂ ਗਦਰੀ ਮੁਹਿੰਮਾਂ ਦੇ ਮੂਹਰੇ ਲਗਕੇ ਆ ਗਏ, ਜਿਸ ਕਰਕੇ 'ਪੰਡਤ' ਰਾਮ ਚੰਦ ਨੂੰ ਗਦਰ ਪਾਰਟੀ ਦੇ ਇਨਕਲਾਬੀਆਂ ਹੋਰਨਾਂ ਦੀ ਕਮਾਨ ਹੇਠਾਂ ਕੰਮ ਕਰਨੋਂ ਕਤੱਈ ਸੰਕੋਚ ਨਾ ਕੀਤੀ, ਅਤੇ ਸ਼੍ਰੀ ਰਾਸ ਬਿਹਾਰੀ ਬੋਸ ਨੂੰ ਲੱਭ ਕੇ ਹਿੰਦ ਵਿਚਲੀ ਗਦਰ ਪਾਰਟੀ ਲਹਿਰ ਦਾ ਲੀਡਰ ਬਣਾਇਆ ਗਿਆ। ਦੂਸਰੇ ਮੁਕੱਦਮੇਂ ਦੇ ਜੱਜਾਂ ਨੇ ਟਿਚਕਰ ਕੀਤੀ ਹੈ ਕਿ 'ਸੰਤ' ਰਣਧੀਰ ਸਿੰਘ, ਜਿਨ੍ਹਾਂ ਦੀ ਉਸ ਸਮੇਂ ਆਯੂ 38 ਸਾਲ ਸੀ, ਸ਼੍ਰੀ ਕਰਤਾਰ ਸਿੰਘ ਵਰਗੇ ਛੋਕਰੇ ਦੀ ਕਮਾਨ ਹੇਠਾਂ ਕੰਮ ਕਰਦੇ ਰਹੇ। ਜੱਜ ਗਦਰ ਪਾਰਟੀ ਲਹਿਰ ਦੀ ਸਪਿਰਟ ਨੂੰ ਨਹੀਂ ਸਨ ਸਮਝ ਸਕੇ ਕਿ ਗਦਰੀ ਇਨਕਲਾਬੀਆਂ ਨੇ ਆਪਣੀ ਲਗਨ ਦੀ ਮਸਤੀ ਵਿਚ ਆਪਣੀ ਹਉਮੈ ਅਤੇ ਸ਼ਖਸੀਅਤ ਪ੍ਰੱਸਤੀ ਨੂੰ ਕਿਸ ਹੱਦ ਤੱਕ ਭੁਲਾਇਆ ਹੋਇਆ ਸੀ। 'ਸੰਤ' ਰਣਧੀਰ ਸਿੰਘ ਹੀ ਨਹੀਂ, ਹੋਰ ਇਨਕਲਾਬੀ ਵੀ ਸ਼੍ਰੀ ਕਰਤਾਰ ਸਿੰਘ, ਜੋ ਸਭ ਤੋਂ ਛੋਟੀ ਉਮਰ ਦੇ ਸਨ, ਦੀ ਕਮਾਨ ਹੇਠ ਕੰਮ ਕਰਦੇ ਰਹੇ।



ਸ੍ਰੀ ਬਲਵੰਤ ਸਿੰਘ 'ਕੈਨੇਡੀਅਨ'

ਗਦਰ ਪਾਰਟੀ ਲਹਿਰ ਦੀ ਉਪਰੋਕਤ ਆਪਾ-ਭੁਲਾਊ ਸਪਿਰਟ ਅਤੇ ਇਨਕਲਾਬੀ ਲਗਨ ਦੇ ਮੇਲ ਦਾ ਇਕ ਚੋਣਵਾਂ ਨਮੂਨਾ 'ਸੰਤ' ਵਿਸਾਖਾ ਸਿੰਘ, ਪ੍ਰਧਾਨ, ਦੇਸ਼ ਭਗਤ ਪਰਵਾਰ ਸਹਾਇਕ ਕਮੇਟੀ ਹਨ। ਧਾਰਮਕ ਭਾਵਾਂ ਦੇ ਅਸਰ ਹੇਠ ਇਹ ਸਾਲਾਂ ਪ੍ਰਯੰਤ 'ਹੀਆਉ ਨਾ ਢਾਹੀਂ ਕਹੀ ਦਾ' ਦੇ ਆਦੱਰਸ਼ ਉਤੇ ਚਲਣ ਦਾ ਯਤਨ ਕਰਦੇ ਰਹੇ। ਗਦਰ ਪਾਰਟੀ ਲਹਿਰ ਵਿਚ ਹਿਸਾ ਲੈਣ ਕਰਕੇ ਇਨ੍ਹਾਂ ਕੋਮਲ ਭਾਵਾਂ ਨਾਲ ਇਨਕਲਾਬੀ ਸਪਿਰਟ ਦੀ ਇਕ ਅਨੋਖੀ ਪਿਉਂਦ ਲਗ ਗਈ। ਅੰਡੇਮਾਨ ਤੋਂ ਰਿਹਾਈ ਤੋਂ ਉਪਰੰਤ ਹੁਣ ਤਕ ਇਹ ਆਪਣੀ ਅਣਖ ਨੂੰ ਦਬਾਕੇ, ਦੇਸ਼ ਭਗਤਾਂ ਅਤੇ ਉਨ੍ਹਾਂ ਦੇ ਪਰਵਾਰਾਂ ਦੀ ਸਹਾਇਤਾ ਖਾਤਰ, 'ਮੰਗਣ ਗਿਆ ਸੋ ਮਰ ਰਿਹਾ' ਦੇ ਕਾਰਜ ਵਿਚ, ਅਤੇ ਜੇਲ੍ਹਾਂ ਵਿਚ ਆਪਣੇ ਡੱਕੇ ਹੋਏ ਸਾਥੀਆਂ ਦੀਆਂ ਮੁਸੀਬਤਾਂ ਵਿਚ ਸਹਾਇਤਾ ਕਰਨ ਅਤੇ ਉਨ੍ਹਾਂ ਨੂੰ ਛੁਡਾਉਣ ਦੇ ਯਤਨਾਂ ਵਿਚ, ਜੁਟੇ ਰਹੇ ਹਨ। ਪਹਿਲੇ ਸੰਸਾਰ ਯੁਧ ਪਿਛੋਂ ਗਦਰੀ ਇਨਕਲਾਬੀਆਂ ਦੀਆਂ ਕਿਰਤੀ ਰੰਗਤ ਵਿਚ ਇਨਕਲਾਬੀ ਕੋਸ਼ਿਸ਼ਾਂ ਦਾ ਪੰਜਾਬ ਵਿਚ ਨਵਿਉਂ ਸਿਰਿਉਂ ਮੁਢ ਬੰਨਣ ਸਮੇਂ, ਇਨ੍ਹਾਂ ਦੀ ਸ਼ਖਸੀਅਤ ਕਈ ਸਾਲਾਂ ਤਕ ਕੇਂਦਰ (Nucleus) ਬਣੀ ਰਹੀ। ਕਿਉਂਕਿ ਇਨ੍ਹਾਂ ਦਾ ਪਬਲਿਕ ਵਿਚ ਬਹੁਤ ਅਸਰ ਰਸੂਖ ਸੀ ਜੋ ਗਦਰੀ ਇਨਕਲਾਬੀਆਂ ਦੇ ਕੰਮ ਆਉਂਦਾ; ਦੇਸ਼ ਭਗਤ ਪ੍ਰਵਾਰ ਸਹਾਇਕ ਕਮੇਟੀ ਇਨਕਲਾਬੀਆਂ ਲਈ 'ਕਮਸਰੇਟ' (Commissariat) ਦਾ ਕੰਮ ਦੇਂਦੀ ਰਹੀ, ਅਤੇ ਉਨ੍ਹਾਂ ਗਦਰੀ ਇਨਕਲਾਬੀਆਂ ਨੂੰ ਮੁੜ ਲੜੀ ਵਿਚ ਪਰੋਣ ਦਾ ਵਸੀਲਾ ਬਣੀ ਜੋ ਗਦਰ ਪਾਰਟੀ ਲਹਿਰ ਦੇ ਸੰਬੰਧ ਵਿਚ ਹੋਈਆਂ ਲੰਮੀਆਂ ਸਜ਼ਾਵਾਂ ਭੁਗਤਣ ਮਗਰੋਂ ਅਗੋਂ ਪਿਛੋਂ ਰਿਹਾ ਹੁੰਦੇ ਰਹੇ; ਅਤੇ ਇਨ੍ਹਾਂ ਦੀ ਮਿਠਾਸ, ਨਿਮਰਤਾ ਅਤੇ ਆਪਣੀ ਸ਼ਖਸੀਅਤ ਨੂੰ ਸੰਕੋਚ ਕੇ ਕੰਮ ਕਰਨ ਦੇ ਗੁਣ ਇਨਕਲਾਬੀਆਂ ਵਿਚ ਮਿਲਾਪ ਪੈਦਾ ਕਰਨ ਅਤੇ ਜੋੜੀ ਰੱਖਣ ਵਿਚ ਸਹਾਇਕ ਹੁੰਦੇ। 'ਭਾਈ' ਸੰਤੋਖ ਸਿੰਘ ਨੇ ਇਨ੍ਹਾਂ ਦੀ ਸਹਾਇਤਾ ਨਾਲ 'ਕਿਰਤੀ' ਰਸਾਲਾ ਸ਼ੁਰੂ ਕੀਤਾ, ਅਤੇ ਇਹ ਸ਼੍ਰੀ ਗੁਰਮੁਖ ਸਿੰਘ 'ਲਲਤੋਂ' ਅਤੇ ਉਸ ਸਮੇਂ ਦੇ ਹੋਰ ਗੁਪਤ ਪ੍ਰਵੇਸ਼ ਕਰਨ ਵਾਲੇ ਇਨਕਲਾਬੀਆਂ ਦੇ ਬਜ਼ਾਹਰਾ ਕੰਮ ਦਾ ਚੰਗਾ ਵਸੀਲਾ ਸਨ। ਅਤਯੰਤ ਨਿਮਰਤਾ ਭਾਵ ਅਤੇ ਮਿਠਾਸ ਦੇ ਨਾਲ ਲਗਵੀਂ ਇਨ੍ਹਾਂ ਵਿਚ ਦ੍ਰਿੜ੍ਹਤਾ ਕਿਸ ਦਰਜੇ ਦੀ ਹੈ, ਇਹ ਦਿਓਲੀ ਕੈਂਪ (ਜਿਥੇ ਦੂਸਰੇ ਸੰਸਾਰ ਯੁਧ ਦੇ ਦੌਰਾਨ ਵਿਚ ਇਨ੍ਹਾਂ ਨੂੰ ਹੋਰ ਇਨਕਲਾਬੀ ਸਾਥੀਆਂ ਨਾਲ ਨਜ਼ਰਬੰਦ ਕੀਤਾ ਗਿਆ) ਵਿਚ ਨਜ਼ਰਬੰਦ ਇਨਕਲਾਬੀਆਂ ਵਲੋਂ ਕੀਤੀ ਭੁਖ ਹੜਤਾਲ ਸਮੇਂ ਉਘੜਵੇਂ ਰੂਪ ਵਿਚ ਜ਼ਾਹਰ ਹੋਈ। ਇਨ੍ਹਾਂ ਦੀ ਨਾਜ਼ਕ ਸਿਹਤ ਨੂੰ ਮੁਖ ਰੱਖ ਕੇ ਸਭ ਇਨਕਲਾਬੀਆਂ ਨੇ ਫੈਸਲਾ ਕਰਕੇ ਇਨ੍ਹਾਂ ਨੂੰ ਭੁਖ ਹੜਤਾਲ ਵਿਚ ਸ਼ਾਮਲ ਹੋਣੋਂ ਵਰਜ ਦਿਤਾ ਸੀ; ਪਰ ਇਨ੍ਹਾਂ ਨੇ ਆਪਣੇ ਸਾਥੀਆਂ ਤੋਂ ਚੋਰੀ ਭੁਖ ਹੜਤਾਲ ਕਰ ਦਿੱਤੀ, ਅਤੇ ਪਤਾ ਤਦ ਹੀ ਲੱਗਾ ਜਦ ਇਕ ਦਿਨ ਗਸ਼ੀ ਖਾ ਕੇ ਡਿੱਗ ਪਏ।

('ਗਦਰ ਪਾਰਟੀ ਲਹਿਰ' ਵਿਚੋਂ)

ਕਿੰਨਾ ਅਨੁਭਵ-ਹੀਣ ਮਨੁੱਖ ਹੈ ਸੁਫਨੇ ਹੈ ਜੋ ਬੀਜ ਰਿਹਾ,
ਕੌਣ ਕਹੇ ਇਸ ਦੀਵਾਨੇ ਨੂੰ ਇਹ ਧਰਤੀ ਤਾਂ ਹੈ ਬੰਜਰ।

ਰਾਤ ਦੀ ਬੋਝਲ ਖਾਮੋਸ਼ੀ ਨੂੰ ਤੋੜੇ ਜਦ ਪੰਛੀ ਦੀ ਹੂਕ,
ਸੋਚਾਂ ਦਾ ਦਾਇਰਾ ਖੜ ਜਾਂਦੈ ਬਿੰਦੂ ਤੇ ਆ ਕੇ ਅਕਸਰ।

ਜੀਵਨ ਵਿਚ ਇਕ ਤਲਖ ਹਾਦਸਾ ਕਿੰਨੀ ਵਾਰੀ ਵਾਪਰਿਆ,
ਜੋ ਆਇਆ ਘੁੱਟ ਭਰਕੇ ਤੁਰ ਗਿਆ ਮੈਂ ਜਿੰਦਾਂ ਹੋਵਾਂ ਸਾਗਰ।

ਦੱਸ 'ਬਰਜਿੰਦਰ' ਭੇਤ ਕਿਸੇ ਨੇ ਕਦ ਪਾਇਆ ਤਕਦੀਰਾਂ ਦਾ,
ਇਹ ਵੀ ਤਾਂ ਇਕ ਘਰ ਹੁੰਦਾ ਸੀ ਹੁਣ ਜੋ ਜਾਪ ਰਿਹਾ ਖੰਡਰ।

'ਕੌਮਾ ਗਾਟਾ ਮਾਰੂ' ਅਤੇ ਗਦਰ ਪਾਰਟੀ

'ਕੌਮਾ ਗਾਟਾ ਮਾਰੂ' ਘਟਨਾ ਦਾ ਗਦਰ ਪਾਰਟੀ ਲਹਿਰ ਨਾਲ ਸਿੱਧਾ ਸੰਬੰਧ ਨਹੀਂ, ਪਰ ਇਸ ਦਾ ਮੁਖਤਸਰ ਜ਼ਿਕਰ ਕਰਨਾ ਇਸ ਵਾਸਤੇ ਜ਼ਰੂਰੀ ਹੈ ਕਿ, "ਇਸ ਵਿਚ ਸ਼ੱਕ ਨਹੀਂ, ਹਿੰਦ ਨੂੰ ਆਉਣ ਦੀ ਤਿਆਰੀ ਵਿਚ ਇਸ ਹਾਦਸੇ ਨੇ ਹਿੱਸਾ ਪਾਇਆ।"

ਕੈਨੇਡਾ ਵਿਚ ਹਿੰਦੀਆਂ ਨੂੰ ਦਾਖਲ ਹੋਣੋਂ ਰੋਕਣ ਵਾਸਤੇ ਕੈਨੇਡਾ ਸਰਕਾਰ ਨੇ ਹੁਕਮ ਜਾਰੀ ਕਰ ਦਿੱਤਾ ਸੀ, ਕਿ ਕੈਨੇਡਾ ਵਿਚ ਸਿਰਫ ਉਹ ਆਦਮੀ ਦਾਖਲ ਹੋ ਸਕਣਗੇ, ਜੋ ਆਪਣੇ ਮੁਲਕ, ਜਿਸਦੇ ਉਹ ਸ਼ਹਿਰੀ ਹੋਣ, ਤੋਂ ਸਿੱਧੀ ਕੈਨੇਡਾ ਦੀ ਟਿਕਟ ਲੈ ਕੇ ਲਗਾਤਾਰ (continuous) ਜਹਾਜ਼ੀ ਸਫਰ ਰਾਹੀਂ ਕੈਨੇਡਾ ਪੁਜਣ। ਹਿੰਦੁਸਤਾਨ ਦੇ ਆਪਣੇ ਜਹਾਜ਼ ਨਹੀਂ ਸਨ, ਅਤੇ ਨਾ ਹੀ ਹੋਰ ਦੇਸਾਂ ਦੇ ਜਹਾਜ਼ ਹਿੰਦ ਅਤੇ ਕੈਨੇਡਾ ਵਿਚਕਾਰ ਸਿੱਧੇ ਚਲਦੇ ਸਨ। ਇਸ ਵਾਸਤੇ ਕੈਨੇਡਾ ਸਰਕਾਰ ਨੇ ਇਸ ਢੁਚਰ ਦੀ ਵਰਤੋਂ ਕੀਤੀ ਤਾਕਿ ਕੈਨੇਡਾ ਵਿਚ ਹਿੰਦੀ ਆਉਣੋਂ ਹੀ ਰੁਕ ਜਾਣ, ਅਤੇ ਕੈਨੇਡਾ ਸਰਕਾਰ ਸਿਰ ਇਹ ਵੀ ਨਾ ਮੜ੍ਹਿਆ ਜਾਏ ਕਿ ਓਹ ਨਸਲੀ ਵਿਤਕਰੇ ਦੇ ਕਾਰਨ ਹਿੰਦੀਆਂ ਨੂੰ ਆਉਣੋਂ ਰੋਕਦੀ ਹੈ।

ਸ੍ਰੀ ਗੁਰਦਿੱਤ ਸਿੰਘ 'ਸਰਹਾਲੀ' ਪੰਦਰਾਂ ਸਾਲ ਪਹਿਲਾਂ ਹਿੰਦ ਤੋਂ ਬਾਹਰ ਗਏ ਹੋਏ ਸਨ ਅਤੇ ਸਿੰਘਾਪੁਰ ਅਤੇ ਮਲਾਇਆ ਵਿਚ ਠੇਕੇਦਾਰੀ ਦਾ ਕੰਮ ਕਰਦੇ ਸਨ। ਸੰਨ 1909 ਵਿਚ ਉਹ ਵਾਪਸ ਦੇਸ ਆਏ। ਸਿੰਘਾਪੁਰ ਨੂੰ ਵਾਪਸ ਜਾਂਦਿਆਂ ਹੋਇਆਂ ਉਨ੍ਹਾਂ ਪੰਜਾਬੀਆਂ ਨੂੰ ਕੈਨੇਡਾ ਲੈ ਜਾਣ ਵਾਸਤੇ ਜਹਾਜ਼ ਠੇਕੇ ਉਤੇ ਲੈਣ ਦਾ ਉਦਮ ਸ਼ੁਰੂ ਕਰ ਦਿੱਤਾ। ਸ੍ਰੀ ਸ਼ੇਰ ਸਿੰਘ 'ਵੇਈਂ ਪੁਈਂ', ਜੋ ਕੈਨੇਡਾ ਵਿਚੋਂ ਹਿੰਦ ਨੂੰ ਆਉਣ ਵਾਲੇ ਗਦਰੀਆਂ ਦੇ ਪਹਿਲੇ ਜਥੇ ਦੇ ਲੀਡਰ ਸਨ, ਦਾ ਬਿਆਨ ਹੈ ਕਿ ਸ੍ਰੀ ਬਲਵੰਤ ਸਿੰਘ 'ਗਰੰਥੀ' ਵੈਨਕੋਵਰ ਵਾਲੇ ਸ੍ਰੀ ਗੁਰਦਿੱਤ ਸਿੰਘ 'ਸਰਹਾਲੀ' ਨੂੰ ਇਤਫਾਕੀਆ ਦੇਸ ਮਿਲੇ, ਅਤੇ ਉਨ੍ਹਾਂ ਸ੍ਰੀ ਗੁਰਦਿੱਤ ਸਿੰਘ ਨੂੰ ਕੈਨੇਡਾ ਜਹਾਜ਼ ਲੈ ਜਾਣ ਦੀ ਪ੍ਰੇਰਨਾ ਕੀਤੀ ਅਤੇ ਮਾਲੀ ਸਹਾਇਤਾ ਦਾ ਭਰੋਸਾ ਦਿਤਾ। ਜਹਾਜ਼ ਲੈ ਜਾਣ ਦਾ ਮਕਸਦ ਇਹ ਸੀ ਕਿ ਕੈਨੇਡਾ ਸਰਕਾਰ ਦੇ ਹੁਕਮ ਦੀ ਪਾਲਣਾ ਹੋ ਜਾਣ ਕਾਰਨ ਹਿੰਦੀਆਂ ਨੂੰ ਜਾਂ ਤਾਂ ਕੈਨੇਡਾ ਵਿਚ ਦਾਖਲ ਹੋ ਜਾਣ ਦਿੱਤਾ ਜਾਵੇਗਾ। ਜੇ ਫਿਰ ਵੀ ਹਿੰਦੀਆਂ ਨੂੰ ਕੈਨੇਡਾ ਵਿਚ ਦਾਖਲ ਨਾ ਹੋਣ ਦਿਤਾ ਗਿਆ ਤਾਂ ਕੈਨੇਡਾ ਸਰਕਾਰ ਦੇ ਢੁਚਰ ਦਾ ਪੋਲ ਉਘੜ ਜਾਵੇਗਾ।

ਸ੍ਰੀ ਗੁਰਦਿੱਤ ਸਿੰਘ ਕਲਕੱਤੇ ਵਿਚ ਜਹਾਜ਼ ਠੇਕੇ ਉਤੇ ਲੈਣ ਵਿਚ ਕਾਮਯਾਬ ਨਾ ਹੋਏ ਅਤੇ ਹਾਂਗਕਾਂਗ ਚਲੇ ਗਏ, ਜਿਥੇ ਉਨ੍ਹਾਂ ਇਕ ਜਰਮਨ ਏਜੰਟ ਰਾਹੀਂ ਇਕ ਜਾਪਾਨੀ ਜਹਾਜ਼ ਠੇਕੇ ਉਤੇ ਲੈ ਲਿਆ। ਇਸ ਜਹਾਜ਼ ਦਾ ਨਾਮ 'ਕੌਮਾ ਗਾਟਾ ਮਾਰੂ' ਸੀ।

'ਕੌਮਾ ਗਾਟਾ ਮਾਰੂ' 4 ਅਪ੍ਰੈਲ ਸੰਨ 1914 ਨੂੰ ਹਾਂਗਕਾਂਗ ਤੋਂ ਰਵਾਨਾ ਹੋਇਆ। ਸ਼ੰਘਾਈ ਅਤੇ ਨਾਗਾਸਾਕੀ(ਜਾਪਾਨ) ਹੁੰਦਾ ਹੋਇਆ ਇਹ ਜਹਾਜ਼ 351 ਸਿਖ ਅਤੇ 21 ਪੰਜਾਬੀ ਮੁਸਲਮਾਨ ਮੁਸਾਫਰਾਂ ਸਮੇਤ 23 ਮਈ 1914 ਨੂੰ ਵੈਨਕੋਵਰ ਪੁਜਾ। ਕੁਰਾਟੀਨ ਛਡਣ ਪਿਛੋਂ ਜਹਾਜ਼ ਨੂੰ ਇਮੀਗਰੇਸ਼ਨ ਮਹਿਕਮੇ ਦੇ ਹੁਕਮ ਅਨੁਸਾਰ ਘਾਟ ਉਤੇ ਨਾ ਲਗਣ ਦਿਤਾ ਗਿਆ, ਅਤੇ ਘਾਟ ਤੋਂ ਦੂਰ ਪਾਣੀ ਵਿਚ ਖੜ੍ਹੇ ਰਹਿਣ ਵਾਸਤੇ ਮਜ਼ਬੂਰ ਕੀਤਾ ਗਿਆ। ਪਹਿਰੇਦਾਰ ਅਤੇ ਸਰਕਾਰੀ ਗਸ਼ਤੀ ਕਿਸ਼ਤੀਆਂ ਕਰੜਾਈ ਨਾਲ ਜਹਾਜ਼ ਦੀ ਨਿਗਰਾਨੀ ਕਰਦੀਆਂ, ਅਤੇ ਕਿਸੇ ਨੂੰ ਜਹਾਜ਼ ਉਤੇ ਨਾ ਜਾਣ ਦਿਤਾ ਗਿਆ। ਜਹਾਜ਼ ਦੇ ਠੇਕੇ ਦੀ ਮਿਆਦ, ਜਦ ਇਸ ਨੂੰ ਹਾਂਗਕਾਂਗ ਮਾਲਕਾਂ ਦੇ ਵਾਪਸ ਹਵਾਲੇ ਕਰਨਾ ਸੀ, ਅਤੇ ਠੇਕੇ ਦਾ ਬਕਾਇਆ ਅਦਾ ਕਰਨ ਦੀ ਤਾਰੀਖ ਨੇੜੇ ਢੁਕਦੀ ਜਾਂਦੀ ਸੀ, ਪਰ ਪੁਛ ਪੜਤਾਲ ਦੀ ਕਮੇਟੀ ਪੜਤਾਲ ਨੂੰ ਲਮਕਾ ਰਹੀ ਸੀ।

ਮਿਸਜ਼ ਐਨਾ ਰੋਸ ਨੇ ਟੋਰਾਂਟੋ ਦੇ ਅਖਬਾਰ ਵਿਚ ਕੁਝ ਮਜ਼ਮੂਨ ਲਿਖੇ। ਇਸ ਨਿਰਪੱਖ ਲਿਖਾਰੀ ਦੇ ਆਪਣੇ ਲਫਜ਼ਾਂ ਵਿਚ, "ਪਰ ਇਹ ਆਦਮੀ, ਜਿਨ੍ਹਾਂ ਕੈਨੇਡੀਅਨ ਕਾਇਦੇ ਦੀ ਪਾਲਣਾ ਕੀਤੀ ਸੀ, ਜਿਹੜੇ ਤਕਰੀਬਨ ਸਤਵੰਜਾਂ ਹਜ਼ਾਰ ਡਾਲਰ ਖਰਚ ਕੇ ਲਗਾਤਾਰ ਸਫਰ ਰਾਹੀਂ ਪੁਜੇ ਸਨ, ਜਿਹੜੇ ਨਿਮਰਤਾ ਨਾਲ ਬਰਤਾਨਵੀਂ ਸ਼ਹਿਰੀ ਦੀ ਹੈਸੀਅਤ ਵਿਚ ਦਾਖਲਾ ਮੰਗਦੇ ਸਨ ਅਤੇ ਇਸ ਦੀ ਆਸ ਰਖਦੇ ਸਨ, ਦਾਖਲੇ ਦੀ ਇਜਾਜ਼ਤ ਦੀ ਬਜਾਏ ਜ਼ਲਾਲਤ ਦਰ ਜ਼ਲਾਲਤ ਦਾ ਸ਼ਿਕਾਰ ਹੋਏ। ਇਨ੍ਹਾਂ ਮਜ਼ਬੂਤ, ਸ੍ਵੈਮਾਨ ਵਾਲੇ ਅਤੇ ਆਜ਼ਾਦ ਆਦਮੀਆਂ ਨਾਲ ਜਿਸ ਹੱਦ ਤਕ ਸਰਕਾਰੀ ਨਿਰਾਦਰੀ ਨੇ ਵਰਤਾਓ ਕੀਤਾ, ਉਸ ਦਾ ਤਕਰੀਬਨ ਅੰਦਾਜ਼ਾ ਲਾਉਣਾ ਮੁਸ਼ਕਲ ਹੈ। ਕੰਢੇ ਉਤੇ ਸਿਖਾਂ ਨਾਲ ਉਨ੍ਹਾਂ ਨੂੰ ਬਿਲਕੁਲ ਮੇਲ ਮਿਲਾਪ ਜਾਂ ਗੱਲ ਬਾਤ ਨਾ ਕਰਨ ਦਿੱਤੀ ਗਈ। ਉਨ੍ਹਾਂ ਨੂੰ ਆਪਣੇ ਵਕੀਲ ਨਾਲ ਵੀ ਮੁਲਾਕਾਤ ਨਾ ਕਰਨ ਦਿੱਤੀ ਗਈ। ਜਦੋਂ ਦਾਖਲੇ ਸਬੰਧੀ ਉਨ੍ਹਾਂ ਦਾ ਮੁਕੱਦਮਾ ਅਦਾਲਤ ਵਿਚ ਸੀ, ਉਨ੍ਹਾਂ ਦੇ ਵਕੀਲ ਮਿਸਟਰ ਬਰਡ ਨੂੰ ਉਨ੍ਹਾਂ ਵਿਚੋਂ ਕਿਸੇ ਨਾਲ ਵੀ ਜ਼ਾਤੀ ਮੁਲਾਕਾਤ ਕਰਨ ਦੀ ਆਗਿਆ ਨਾ ਦਿਤੀ ਗਈ, ਜਿਸ ਕਰਕੇ ਉਹ ਉਨ੍ਹਾਂ ਦਾ ਮੁਕੱਦਮਾ ਅੰਨ੍ਹੇਰੇ ਵਿਚ ਲੜਦਾ ਰਿਹਾ। ਇਨ੍ਹਾਂ ਹਾਲਾਤ ਵਿਚ ਜਦ ਮੁਕੱਦਮੇਂ ਦਾ ਫੈਸਲਾ ਉਨ੍ਹਾਂ ਦੇ ਬਰਖਲਾਫ ਹੋ ਗਿਆ, ਮਿਸਟਰ ਬਰਡ ਨੂੰ ਉਨ੍ਹਾਂ ਨੂੰ ਜਹਾਜ਼ ਉਤੇ ਜਾ ਕੇ ਮਿਲਣ ਦਿਤਾ ਗਿਆ, ਅਤੇ ਉਸ (ਮਿਸਟਰ ਬਰਡ) ਨੂੰ ਪਤਾ ਲੱਗਾ ਕਿ ਮੁਕਦਮੇ ਦੇ ਕਈ ਜ਼ਰੂਰੀ ਪੱਖ ਉਹ ਸਮਝਾ ਹੀ ਨਹੀਂ ਸੀ ਸਕਿਆ ਅਤੇ ਨਾ ਉਹ ਪੇਸ਼ ਕੀਤੇ ਗਏ। ਜੇ ਇਹ ਕੈਨੇਡੀਅਨ ਇਨਸਾਫ ਹੈ ਤਾਂ ਇਹ ਬਰਤਾਨਵੀਂ ਇਨਸਾਫ ਨਹੀਂ।

ਜਦੋਂ ਮੁਕਦੱਮੇਂ ਦਾ ਫੈਸਲਾ ਉਨ੍ਹਾਂ ਦੇ ਬਰਖਲਾਫ ਹੋ ਗਿਆ, ਉਨ੍ਹਾਂ ਓਥੋਂ ਤੁਰ ਜਾਣ ਦੀ ਇਛਿਆ ਪ੍ਰਗਟ ਕੀਤੀ। ਉਨ੍ਹਾਂ ਸਿਰਫ ਵਾਪਸੀ ਸਫਰ ਵਾਸਤੇ ਰਾਸ਼ਨ ਪਾਣੀ ਦਿਤੇ ਜਾਣ ਦੀ ਮੰਗ ਕੀਤੀ। ਇੰਮੀਗਰੇਸ਼ਨ ਦੇ ਅਫਸਰਾਂ ਰਾਸ਼ਨ ਦੇਣੋਂ ਨਾਂਹ ਕਰ ਦਿੱਤੀ, ਅਤੇ ਕਪਤਾਨ ਨੂੰ ਇਕਦਮ ਜਹਾਜ਼ ਤੋਰਨ ਲਈ ਮਜ਼ਬੂਰ ਕਰਨ ਦੀ ਕੋਸ਼ਿਸ਼ ਕੀਤੀ। ਭਾਵੇਂ ਉਨ੍ਹਾਂ ਨੂੰ ਅਕਾਰਨ ਛੇ ਹਫਤੇ ਅਟਕਾਇਆ ਗਿਆ ਸੀ, ਇਨ੍ਹਾਂ ਅਫਸਰਾਂ ਨੇ ਬਗੈਰ ਰਾਸ਼ਨ ਦੇ ਉਨ੍ਹਾਂ ਨੂੰ ਆਪਣਾ ਲੰਮਾ ਸਫਰ ਸ਼ੁਰੂ ਕਰਨ ਵਾਸਤੇ ਮਜ਼ਬੂਰ ਕਰਨ ਦੀ ਕੋਸ਼ਿਸ਼ ਕੀਤੀ। ਇਸ ਗੱਲ ਨੇ ਸਿੱਖਾਂ ਦੀ ਅਣਖ ਅਤੇ ਬਹਾਦਰੀ ਨੂੰ ਚਮਕਾਇਆ ਅਤੇ ਉਨ੍ਹਾਂ ਕਪਤਾਨ ਨੂੰ ਹੁਕਮ ਮੰਨਣੋਂ ਰੋਕ ਦਿੱਤਾ। 135 ਪੁਲਸੀਆਂ ਅਤੇ ਅੱਗ ਬੁਝਾਣ ਵਾਲੇ ਇੰਜਨਾਂ ਰਾਹੀਂ ਜੋ ਉਨ੍ਹਾਂ ਉਤੇ ਪਾਣੀ ਸੁਟਿਆ ਗਿਆ, ਇਸ ਨੇ ਉਨ੍ਹਾਂ ਨੂੰ ਹੋਰ ਵੀ ਭੜਕਾਇਆ। ਉਨ੍ਹਾਂ ਨੇ ਇੱਟਾਂ ਅਤੇ ਕੋਲੇ ਦੇ ਵਟਿਆਂ ਨਾਲ ਪੁਲਸ ਨੂੰ ਪਿਛਾੜ ਦਿਤਾ। ਫਿਰ ਆਪਣੀ ਤਾਕਤ ਦੇ ਘੁਮੰਡ ਵਿਚ ਕੈਨੇਡਾ ਨੇ ਆਪਣੇ ਜੰਗੀ ਜਹਾਜ਼ 'ਰੇਨਬੋ' ਨੂੰ ਹੁਕਮ ਦਿਤਾ ਕਿ ਉਹ 'ਕੌਮਾ ਗਾਟਾ ਮਾਰੂ' ਦੇ ਕੋਲ ਜਾ ਕੇ ਉਸ ਨੂੰ ਹੁਕਮ ਮੰਨਣ ਵਾਸਤੇ ਮਜ਼ਬੂਰ ਕਰੇ। ਇਸ ਦੌਰਾਨ ਵਿਚ 350 ਆਦਮੀਆਂ ਨੂੰ ਭੁਖਿਆਂ ਪੈਸੇਫਿਕ ਸਮੁੰਦਰ ਦੇ ਪਾਰ ਭੇਜਣ ਦੀ ਗੈਰ-ਇਨਸਾਨੀ ਕੋਸ਼ਿਸ਼ ਛੱਡ ਦਿਤੀ ਗਈ ਅਤੇ ਖੁਲ੍ਹੇ ਰਾਸ਼ਨਾਂ ਦੀ ਪੇਸ਼ਕਸ਼ ਕੀਤੀ ਗਈ। ਪਰ ਹੁਣ ਸਿੱਖਾਂ ਦਾ ਲੜਾਕਾ ਖੂਨ ਉਬਾਲਾ ਖਾ ਚੁਕਾ ਸੀ। ਉਨ੍ਹਾਂ ਨੂੰ ਪਤਾ ਸੀ ਕਿ ਕੈਨੇਡਾ ਸਰਕਾਰ ਦੇ ਪ੍ਰਤੀਨਿਧਾਂ ਉਨ੍ਹਾਂ ਨਾਲ ਵਹਿਸ਼ੀਆਨਾ ਵਰਤਾਰਾ ਕੀਤਾ, ਅਤੇ ਉਨ੍ਹਾਂ ਨੇ ਇਹ ਫੈਸਲਾ ਕਰ ਲਿਆ ਕਿ ਕਿਸੇ ਪੇਸ਼ਕਸ਼ ਉਤੇ ਹੁਣ ਇਤਬਾਰ ਨਾ ਕੀਤਾ ਜਾਏ। ਬਲਕਿ ਲੜਿਆ ਜਾਏ ਅਤੇ ਜੇ ਲੋੜ ਪਏ ਤਾਂ ਸ਼ਹੀਦੀਆਂ ਪਾਈਆਂ ਜਾਣ।

22 ਜੁਲਾਈ 1914 ਨੂੰ ਕੈਨੇਡਾ ਨੇ ਆਪਣੇ ਆਪ ਨੂੰ ਇਸ ਪੋਜ਼ੀਸ਼ਨ ਵਿਚ ਪਾਇਆ। 'ਰੇਨਬੋ' ਜਹਾਜ਼ ਦੀਆਂ ਤੋਪਾਂ ਨੇ ਵਿਚਾਰੇ 'ਕੌਮਾ ਗਾਟਾ ਮਾਰੂ' ਦਾ ਨਿਸ਼ਾਨਾ ਬੰਨ੍ਹਿਆ ਹੋਇਆ ਸੀ। ਜਹਾਜ਼ ਉਤੇ ਸਿੱਖਾਂ ਨੇ ਲੱਕੜਾਂ ਨਾਲ ਲੜਨ ਵਾਸਤੇ ਓਟਾਂ ਬਣਾ ਲਈਆਂ ਸਨ, ਅਤੇ ਉਨ੍ਹਾਂ ਵਿਚੋਂ ਲੁਹਾਰ ਰਾਤ ਦਿਨ ਤਲਵਾਰਾਂ ਅਤੇ ਨੇਜ਼ੇ ਬਣਾ ਰਹੇ ਸਨ। ਤਦੋਂ ਇਸ ਮੁਸ਼ਕਲ ਵਿਚ ਸਰਕਾਰ ਨੇ ਕੰਢੇ ਦੇ ਸਿਖਾਂ ਦੀ ਮਦਦ ਲਈ, ਅਤੇ ਭਾਵੇਂ ਉਨ੍ਹਾਂ ਨੂੰ ਪਹਿਲਾਂ 'ਕੌਮਾ ਗਾਟਾ ਮਾਰੂ' ਦੇ ਆਦਮੀਆਂ ਨਾਲ ਮਿਲਣ ਨਹੀਂ ਸੀ ਦਿਤਾ ਗਿਆ, ਹੁਣ ਕੰਢੇ ਦੇ ਸਿਖਾਂ ਦਾ ਖੁਸ਼ੀ ਨਾਲ ਡੈਪੂਟੇਸ਼ਨ ਭੇਜਿਆ ਗਿਆ ਕਿ ਓਹ ਉਨ੍ਹਾਂ ਨੂੰ ਯਕੀਨ ਦਿਵਾਉਣ ਕਿ ਸਰਕਾਰ ਨੇਕਨੀਯਤੀ ਨਾਲ ਰਾਸ਼ਨ ਦੀ ਪੇਸ਼ਕਸ਼ ਕਰਦੀ ਹੈ ਜਿਸ ਨੂੰ ਲੈ ਕੇ ਓਹ ਚਲੇ ਜਾਣ। ਆਖਰ ਵਿਚ ਉਹ ਕਾਮਯਾਬ ਹੋਏ ਅਤੇ ਨਿੱਕਾ ਜਿਹਾ ਜਹਾਜ਼ ਤੁਰਦਾ ਬਣਿਆ।"

ਸਰ ਮਾਈਕਲ ਓਡਵਾਇਰ ਨੇ ਅਤੇ ਰੌਲਟ ਰੀਪੋਰਟ ਵਿਚ ਵੀ ਇਸ ਗੱਲ ਨੂੰ ਮੰਨਿਆ ਗਿਆ ਹੈ ਕਿ ਜਹਾਜ਼ ਨੂੰ ਤੁਰਨ ਵਾਸਤੇ ਮਜ਼ਬੂਰ ਕਰਨ ਲਈ ਪਹਿਲੋਂ ਪੁਲਸ ਦੀ ਵਰਤੋਂ ਕੀਤੀ ਗਈ, ਜਿਸ ਨੂੰ ਜਹਾਜ਼ ਦੇ ਮੁਸਾਫਰਾਂ ਪਛਾੜ ਦਿਤਾ, ਅਤੇ ਫਿਰ ਇਕ ਜੰਗੀ ਜਹਾਜ਼ ਦੀ ਮਦਦ ਲਈ ਗਈ।

'ਕੌਮਾ ਗਾਟਾ ਮਾਰੂ' ਦੇ ਇਸ ਵਾਕਿਆ ਨੇ ਬਲਦੀ ਉਤੇ ਤੇਲ ਪਾਉਣ ਦਾ ਕੰਮ ਕੀਤਾ। ਕੈਨੇਡਾ, ਅਮਰੀਕਾ ਅਤੇ ਧੁਰ ਪੂਰਬ ਦੇ ਹਿੰਦੀਆਂ ਦੇ ਜੋਸ਼ ਦਾ ਪਾਰਾ ਉਬਲਨ ਦੇ ਤਾਪਮਾਨ ਤਕ ਜਾ ਪੁਜਾ। ਕੈਨੇਡਾ ਵਿਚ ਹਿੰਦੀਆਂ ਨੂੰ ਨਾ ਦਾਖਲ ਹੋਣ ਦੇਣ ਦੀ ਨੀਤੀ, ਹਿੰਦੀਆਂ ਦੇ ਜ਼ਾਤੀ ਲਾਭਾਂ ਅਤੇ ਸ੍ਵੈਮਾਨ ਦੋਹਾਂ ਨੂੰ ਸੱਟ ਮਾਰਦੀ ਸੀ, ਅਤੇ ਇਸ ਦੀ ਚੋਟ ਦੇ ਸ਼ਿਕਾਰ ਹੋਏ ਅਨੇਕਾਂ ਹਿੰਦੀ ਧੁਰ ਪੂਰਬ ਅਤੇ ਅਮਰੀਕਾ ਵਿਚ ਖਿਲਰੇ ਹੋਏ ਸਨ। ਜ਼ਾਤੀ ਲਾਭਾਂ ਅਤੇ ਸ੍ਵੈਮਾਨ ਤੋਂ ਵੀ ਵੱਧ, ਕੈਨੇਡਾ, ਅਮਰੀਕਾ ਅਤੇ ਧੁਰ ਪੂਰਬ ਦੇ ਹਿੰਦੀਆਂ ਵਿਚ ਕੌਮੀ ਅਣਖ ਦਾ ਜਜ਼ਬਾ ਭਰ ਚੁਕਾ ਸੀ। ਕੌਮੀ ਮਾਨ ਅਪਮਾਨ ਦਾ ਸਵਾਲ ਹੁਣ ਉਨ੍ਹਾਂ ਵਾਸਤੇ ਜ਼ਿੰਦਗੀ ਮੌਤ ਦਾ ਸਵਾਲ ਬਣ ਗਿਆ ਸੀ। 'ਕੌਮਾ ਗਾਟਾ ਮਾਰੂ' ਦੇ ਵਾਕਿਆ ਨੇ ਹਿੰਦੀਆਂ ਦੀ ਕੌਮੀ ਨਿਰਾਦਰੀ ਅਤੇ ਉਨ੍ਹਾਂ ਦੀ ਗੁਲਾਮੀ (ਕਿਉਂਕਿ ਕੈਨੇਡਾ, ਅਮਰੀਕਾ ਅਤੇ ਧੁਰ ਪੂਰਬ ਦੇ ਹਿੰਦੀ ਆਪਣੀ ਕੌਮੀ ਨਿਰਾਦਰੀ ਦਾ ਕਾਰਨ ਹਿੰਦ ਦੀ ਗੁਲਾਮੀ ਨੂੰ ਸਮਝਦੇ ਸਨ) ਦੇ ਸਵਾਲ ਨੂੰ ਪਰਤੱਖ ਰੂਪ ਵਿਚ ਉਨ੍ਹਾਂ ਦੇ ਸਾਹਮਣੇ ਲੈ ਆਂਦਾ। ਕੈਨੇਡਾ, ਅਮਰੀਕਾ ਅਤੇ ਧੁਰ ਪੂਰਬ ਦੇ ਹਿੰਦੀਆਂ ਦਾ ਖੂਨ ਹੁਣ ਉਬਾਲੇ ਮਾਰਨ ਲਗ ਪਿਆ। ਪਹਿਲੇ ਮੁਕਦਮੇਂ ਦੇ ਫੈਸਲੇ ਦੇ ਲਫਜ਼ਾਂ ਵਿਚ, "ਇਸ ਵਿਚ ਸ਼ੱਕ ਨਹੀਂ ਕਿ ਗਦਰ ਅਖਬਾਰ ਨੇ ਜਿਹੜੇ ਜਜ਼ਬਾਤ ਭੜਕਾਏ ਹੋਏ ਸਨ, ਉਨ੍ਹਾਂ ਨੂੰ ਹੋਰ ਭਾਂਬੜ ਬਾਲਣ ਵਾਸਤੇ ਇਸ ਵਾਕਿਆ ਨੂੰ ਵਰਤਿਆ ਗਿਆ।" ਗਦਰ ਅਖਬਾਰ ਨੇ 'ਕੌਮਾ ਗਾਟਾ ਮਾਰੂ' ਬਾਰੇ ਸਪੈਸ਼ਲ ਨੰਬਰ ਕਢਿਆ। ਅਮਰੀਕਾ ਅਤੇ ਕੈਨੇਡਾ ਵਿਚ ਥਾਂ ਥਾਂ ਜਲਸੇ ਕੀਤੇ ਗਏ, ਅਤੇ 'ਕੌਮਾ ਗਾਟਾ ਮਾਰੂ' ਦੇ ਜਹਾਜ਼ੀਆਂ ਨੂੰ ਉਤਾਰਨ ਲਈ ਮੁਕੱਦਮਾ ਲੜਨ ਵਾਸਤੇ ਚੰਦੇ ਇਕੱਠੇ ਕਰਕੇ ਭੇਜੇ ਗਏ। ਜਦ ਸਭ ਕਾਨੂੰਨੀ ਕਾਰਗੁਜ਼ਾਰੀ ਨਿਸਫਲ ਰਹੀ, ਤਾਂ 'ਕੌਮਾ ਗਾਟਾ ਮਾਰੂ' ਦੇ ਜਹਾਜ਼ੀਆਂ ਨੂੰ ਹਥਿਆਰ ਪੁਚਾਣ ਦੀ ਕੋਸ਼ਿਸ਼ ਕੀਤੀ ਗਈ। ਹਿੰਦ ਵਿਚ ਜਾ ਕੇ ਅੰਗਰੇਜ਼ਾਂ ਨੂੰ ਹਥਿਆਰਬੰਦ ਬਗਾਵਤ ਰਾਹੀਂ ਕੱਢਣ ਦੀ ਖੁਲਮ ਖੁਲ੍ਹੀ ਚਰਚਾ ਹੋਣ ਲਗ ਪਈ। ਅਤੇ ਭਾਈ ਪਰਮਾਨੰਦ ਮੁਤਾਬਕ ਵੈਨਕੋਵਰ ਅਤੇ ਇਸ ਦੇ ਨੇੜੇ ਤੇੜੇ ਦੇ ਹਿੰਦੀਆਂ ਨੇ ਸਹਿਰ ਨੂੰ ਲੁੱਟਣ ਦੀ ਤਿਆਰੀ ਕਰ ਲਈ, ਅਤੇ ਕੈਨੇਡਾ ਵਿਚ ਕੋਈ ਫੌਜ ਨਹੀਂ ਸੀ ਜੋ ਇਸ ਨੂੰ ਬਚਾਉਣ ਵਾਸਤੇ ਪੁਜਦੀ।"

ਗਦਰ ਪਾਰਟੀ ਨੇ 'ਕੌਮਾ ਗਾਟਾ ਮਾਰੂ' ਦੇ ਮੁਸਾਫਰਾਂ ਦੇ ਹੱਕ ਵਿਚ ਪਰਚਾਰ ਕਰਨ ਅਤੇ ਉਨ੍ਹਾਂ ਵਾਸਤੇ ਵੈਨਕੋਵਰ ਗੁਰਦੁਆਰਾ ਕਮੇਟੀ ਨੂੰ ਮਾਲੀ ਸਹਾਇਤਾ ਭੇਜਣ ਤੋਂ ਇਲਾਵਾ, ਕੁਦਰਤੀ ਤੌਰ ਉਤੇ ਆਪਣੇ ਪਾਰਟੀ ਪਰੋਗਰਾਮ ਨੂੰ ਵਧਾਉਣ ਖਾਤਰ ਇਸ ਸਮੇਂ ਦੀ ਯੋਗ ਵਰਤੋਂ ਕੀਤੀ। ਸ੍ਰੀ ਸੋਹਣ ਸਿੰਘ 'ਭਕਨਾ' ਦਾ ਬਿਆਨ ਹੈ ਕਿ 'ਕੌਮਾ ਗਾਟਾ ਮਾਰੂ' ਦੇ ਜਹਾਜ਼ੀਆਂ ਨੂੰ ਗਦਰ ਅਖਬਾਰ ਗੁਪਤ ਵਸੀਲਿਆਂ ਰਾਹੀਂ, ਖਾਸ ਕਰ ਰਾਸ਼ਨ ਦੇ ਬੋਰਿਆਂ ਵਿਚ, ਪੁਚਾਇਆ ਜਾਂਦਾ। ਜਦ ਪਤਾ ਲੱਗਾ ਕਿ 'ਕੌਮਾ ਗਾਟਾ ਮਾਰੂ' ਕੈਨੇਡਾ ਤੋਂ ਵਾਪਸ ਜਾਣ ਵਾਸਤੇ ਮਜ਼ਬੂਰ ਹੋ ਰਿਹਾ ਹੈ, ਤਾਂ ਗਦਰ ਪਾਰਟੀ ਦੇ ਗੁਪਤ ਕਮੀਸ਼ਨ ਦੀ ਮੀਟਿੰਗ ਸੱਦੀ ਗਈ। ਗੁਪਤ ਕਮੀਸ਼ਨ ਨੇ ਫੈਸਲਾ ਕੀਤਾ ਕਿ ਗਦਰ ਪਾਰਟੀ ਦੇ ਪ੍ਰਧਾਨ, ਸ੍ਰੀ ਸੋਹਣ ਸਿੰਘ 'ਭਕਨਾ' ਨੂੰ ਤੁਰਤ ਯੋਕੋਹਾਮਾ (ਜਾਪਾਨ) ਰਾਹੀਂ ਦੇਸ ਭੇਜਿਆ ਜਾਏ। ਸ੍ਰੀ ਸੋਹਣ ਸਿੰਘ ਨੂੰ ਭੇਜਣ ਦੇ ਇਹ ਮਕਸਦ ਸਨ :—

ਬਾਕੀ ਪੰਨਾ 19 'ਤੇ

ਪੰਨਾ 18 ਦੀ ਬਾਕੀ

1. 'ਕੌਮਾ ਗਾਟਾ ਮਾਰੂ' ਦੇ ਜਹਾਜ਼ੀਆਂ ਦੇ ਲੀਡਰਾਂ ਨੂੰ ਯੋਕੋਹਾਮਾ (ਜਾਪਾਨ) ਮਿਲ ਕੇ ਉਨ੍ਹਾਂ ਨੂੰ ਗਦਰ ਪਾਰਟੀ ਦਾ ਪਰੋਗਰਾਮ ਸਮਝਾਇਆ ਜਾਏ, ਤਾਂਕਿ ਓਹ ਦੇਸ ਜਾਕੇ ਇਸ ਉਤੇ ਵਰਤੋਂ ਕਰਨ।

2. 'ਕੌਮਾ ਗਾਟਾ ਮਾਰੂ' ਦੇ ਜਹਾਜ਼ੀਆਂ ਨੂੰ ਹਥਿਆਰ ਪੁਚਾਉਣੇ।

3. ਧੁਰ ਪੂਰਬ ਅਤੇ ਦੇਸ ਵਿਚ ਗਦਰ ਪਾਰਟੀ ਦੀਆਂ ਸ਼ਾਖਾਂ ਖੋਲ੍ਹਣੀਆਂ, ਅਤੇ ਗਦਰ ਪਾਰਟੀ ਦੇ ਪਰੋਗਰਾਮ ਵਾਸਤੇ ਜ਼ਮੀਨ ਤਿਆਰ ਕਰਨੀ।

'ਕੌਮਾ ਗਾਟਾ ਮਾਰੂ' ਨੇ ਵੈਨਕੋਵਰ ਤੋਂ ਵਾਪਸੀ ਸਫਰ ਵਾਸਤੇ 23 ਜੁਲਾਈ 1914 ਨੂੰ ਤੁਰਨਾ ਸੀ, ਅਤੇ ਸ੍ਰੀ ਸੋਹਣ ਸਿੰਘ 'ਭਕਨਾ' 21 ਜੁਲਾਈ 1914 ਨੂੰ ਸੈਨਫਰਾਂਸਿਸਕੋ ਤੋਂ ਰਵਾਨਾ ਹੋ ਗਏ। ਸ੍ਰੀ ਸੋਹਣ ਸਿੰਘ 'ਭਕਨਾ' ਦਸਦੇ ਹਨ ਕਿ ਜਹਾਜ਼ ਵਿਚ ਕਮਰਾ ਪਹਿਲਾਂ ਹੀ ਰੀਜ਼ਰਵ ਕਰਵਾ ਲਿਆ ਗਿਆ ਸੀ, ਅਤੇ ਸ੍ਰੀ ਕਰਤਾਰ ਸਿੰਘ 'ਸਰਾਭਾ' 100 ਪਸਤੌਲ ਗੋਲੀ ਗਠੇ ਸਮੇਤ ਇਸ ਵਿਚ ਰੱਖ ਆਏ। ਸੀ. ਆਈ. ਡੀ. ਦੀਆਂ ਨਜ਼ਰਾਂ ਤੋਂ ਬਚਕੇ ਸ੍ਰੀ ਸੋਹਣ ਸਿੰਘ ਜਹਾਜ਼ ਤੁਰਨ ਦੇ ਸਮੇਂ ਤੋਂ ਕੇਵਲ ਪੰਦਰਾਂ ਮਿੰਟ ਪਹਿਲਾਂ ਜਹਾਜ਼ ਵਿਚ ਦਾਖਲ ਹੋਏ, ਅਤੇ ਸਿੱਧਾ ਆਪਣੇ ਰੀਜ਼ਰਵ ਕਮਰੇ ਵਿਚ ਜਾ ਕੇ ਬੈਠ ਗਏ। ਸ੍ਰੀ ਸੋਹਣ ਸਿੰਘ ਦੀ ਰਵਾਨਗੀ ਦਾ ਸਿਰਫ ਕਮੀਸ਼ਨ ਅਤੇ ਸ੍ਰੀ ਕਰਤਾਰ ਸਿੰਘ 'ਸਰਾਭਾ' ਨੂੰ ਪਤਾ ਸੀ।

ਜਹਾਜ਼ ਅਜੇ ਅਮਰੀਕਾ ਅਤੇ ਜਾਪਾਨ ਦੇ ਸਮੁੰਦਰ ਵਿਚਕਾਰ ਸੀ ਜਦ ਪਹਿਲੇ ਵੱਡੇ ਸੰਸਾਰ ਯੁਧ ਦੇ ਛਿੜਨ ਦਾ ਬੇਤਾਰ ਬਰਕੀ ਰਾਹੀਂ ਪਤਾ ਲੱਗਾ। ਗੁਪਤ ਕਮੀਸ਼ਨ ਨੇ ਸ੍ਰੀ ਸੋਹਣ ਸਿੰਘ ਦੀ ਰਵਾਨਗੀ ਦੀ ਇਤਲਾਹ ਜਾਪਾਨ ਦੀ ਸ਼ਾਖ ਨੂੰ ਦੇ ਰੱਖੀ ਸੀ, ਜਿਸ ਕਰਕੇ ਯੋਕੋਹਾਮਾ (ਜਾਪਾਨ) ਜਹਾਜ਼ ਪੁਜਣ ਉਤੇ ਪਾਰਟੀ ਦੇ ਦੋ ਮੈਂਬਰ ਅਗੋਂ ਘਾਟ ਉਤੇ ਪੁਜੇ ਹੋਏ ਸਨ। ਹਥਿਆਰਾਂ ਦੀਆਂ ਪੇਟੀਆਂ ਉਨ੍ਹਾਂ ਦੇ ਹਵਾਲੇ ਕਰ ਦਿਤੀਆਂ ਗਈਆਂ, ਜਿਨ੍ਹਾਂ ਨੇ ਚੁੰਗੀ ਦੇ ਪ੍ਰਬੰਧਕਾਂ ਨਾਲ ਮਿਲ ਕੇ ਪੇਟੀਆਂ ਸੰਭਾਲ ਲਈਆਂ।

ਜਦ 'ਕੌਮਾ ਗਾਟਾ ਮਾਰੂ' ਯੋਕੋਹਾਮਾ ਪੁਜਾ ਤਾਂ ਗਦਰ ਪਾਰਟੀ ਦਾ ਇਕ ਮੈਂਬਰ ਜਹਾਜ਼ ਉਤੇ ਸ੍ਰੀ ਗੁਰਦਿੱਤ ਸਿੰਘ 'ਸਰਹਾਲੀ' ਅਤੇ ਉਨ੍ਹਾਂ ਦੇ ਸਕੱਤਰ ਸ੍ਰੀ ਰਾਏ ਸਿੰਘ ਨੂੰ ਮਿਲਿਆ। ਇਸ ਪੁਰ ਸ੍ਰੀ ਰਾਏ ਸਿੰਘ ਅਤੇ ਸ੍ਰੀ ਹਰਨਾਮ ਸਿੰਘ (ਉਰਫ 'ਕੌਮਾ ਗਾਟਾ ਮਾਰੂ') ਸ੍ਰੀ ਸੋਹਨ ਸਿੰਘ 'ਭਕਨਾ' ਨੂੰ ਯੋਕੋਹਾਮਾ ਦੇ ਇਸ ਹੋਟਲ ਵਿਚ ਮਿਲਣ ਆਏ। ਅਗਲੇ ਦਿਨ ਸ੍ਰੀ ਸੋਹਨ ਸਿੰਘ ਖੁਦ ਜਹਾਜ਼ ਉਤੇ ਜਾ ਕੇ ਸ੍ਰੀ ਗੁਰਦਿਤ ਸਿੰਘ ਅਤੇ ਜਹਾਜ਼ ਕਮੇਟੀ ਨੂੰ ਮਿਲੇ, ਅਤੇ ਉਨ੍ਹਾਂ ਗਦਰ ਪਾਰਟੀ ਦਾ ਸੰਦੇਸ਼ ਦਿਤਾ। ਹਥਿਆਰ ਅਤੇ ਗਦਰ ਪਾਰਟੀ ਦਾ ਲਿਟਰੇਚਰ ਵੀ 'ਕੌਮਾ ਗਾਟਾ ਮਾਰੂ' ਵਿਚ ਪੁਚਾਇਆ ਗਿਆ।

ਉਨੀਂ ਦਿਨੀਂ ਜਰਮਨੀ ਦਾ ਐਮਡਨ ਨਾਮੀ ਗਸ਼ਤੀ ਜੰਗੀ ਜਹਾਜ਼ (Cruiser) ਧੁਰ ਪੂਰਬ ਦੇ ਸਮੁੰਦਰਾਂ ਵਿਚ ਇਤਹਾਦੀਆਂ ਦੇ ਤਜਾਰਤੀ ਜਹਾਜ਼ ਡੋਬ ਰਿਹਾ ਸੀ। ਜਾਪਾਨ ਵੀ ਇਤਹਾਦੀਆਂ ਦਾ ਹਿਮਾਇਤੀ ਸੀ ਅਤੇ 'ਕੌਮਾ ਗਾਟਾ ਮਾਰੂ' ਜਾਪਾਨੀ ਜਹਾਜ਼ ਹੋਣ ਕਰਕੇ ਖਤਰੇ ਵਿਚ ਸੀ। ਯੋਕੋਹਾਮਾ ਵਿਚ ਜਰਮਨ ਕੌਂਸਲ ਨਿਗਰਾਨੀ ਹੇਠ ਸੀ, ਪਰ ਜਾਪਾਨ ਦੀ ਗਦਰ ਪਾਰਟੀ ਦੇ ਮੈਂਬਰਾਂ ਦੀ ਸੂਝ ਬੂਝ ਅਤੇ ਹੁਸ਼ਿਆਰੀ ਦਾ ਸਦਕਾ ਸ੍ਰੀ ਸੋਹਨ ਸਿੰਘ ਜਰਮਨ ਕੌਂਸਲ ਨੂੰ ਮਿਲਣ ਵਿਚ ਕਾਮਯਾਬ ਹੋ ਗਏ। ਜਰਮਨ ਕੌਂਸਲ ਨੇ ਇਸ ਗੱਲ ਦਾ ਜ਼ਿਮਾ ਲਿਆ ਕਿ 'ਕੌਮਾ ਗਾਟਾ ਮਾਰੂ' ਨੂੰ ਆਂਚ ਨਹੀਂ ਆਵੇਗੀ, ਅਤੇ ਉਸਨੇ ਇਹ ਵੀ ਪੇਸ਼ਕਸ਼ ਕੀਤੀ ਕਿ ਐਮਡਨ ਜਹਾਜ਼ 'ਕੌਮਾਗਾਟਾ ਮਾਰੂ' ਦੇ ਮੁਸਾਫਰਾਂ ਨੂੰ ਸਮੁੰਦਰ ਵਿਚ ਹਥਿਆਰ ਵੀ ਪੁਚਾ ਸਕੇਗਾ। ਪਰ 'ਕੌਮਾ ਗਾਟਾ ਮਾਰੂ' ਦੇ ਸਾਰੇ ਅਫਸਰ ਜਾਪਾਨੀ ਹੋਣ ਕਰਕੇ ਇਸ ਪੇਸ਼ਕਸ਼ ਤੋਂ ਫਾਇਦਾ ਉਠਾਉਣਾ ਮੁਮਕਨ ਨਹੀਂ ਸੀ। ਕਿਹਾ ਜਾਂਦਾ ਹੈ ਕਿ ਸਮੁੰਦਰ ਵਿਚ 'ਐਮਡਨ' ਗਸ਼ਤੀ ਜਹਾਜ਼ 'ਕੌਮਾ ਗਾਟਾ ਮਾਰੂ' ਨੂੰ ਟਕਰਿਆ, ਪਰ ਝੰਡੀ ਸ਼ੀਸ਼ੇ ਵਾਲੇ ਹਿੰਦੀ ਜਹਾਜ਼ੀਆਂ ਨੇ ਜਦ ਆਪਣੀ ਨੀਯਤ ਨਿਸ਼ਾਨੀ ਦੱਸੀ ਤਾਂ ਉਹ ਰੂ ਪੋਸ਼ ਹੋ ਗਿਆ।

ਸ੍ਰੀ ਸੋਹਨ ਸਿੰਘ 'ਭਕਨਾ' ਦੀ ਦੱਸੀ ਉਪਰੋਕਤ ਵਾਰਤਾ ਦੀ ਪਹਿਲੇ ਮੁਕੱਦਮੇਂ ਵਿਚ ਹੋਈਆਂ ਸ਼ਹਾਦਤਾਂ ਤੋਂ ਵੀ ਇਸ ਹੱਦ ਤਕ ਪੁਸ਼ਟੀ ਹੁੰਦੀ ਹੈ ਕਿ ਸ੍ਰੀ ਸੋਹਨ ਸਿੰਘ ਦੇ ਅਮਰੀਕਾ ਤੋਂ ਰਵਾਨਾ ਹੋਣ ਦੇ ਕੀ ਮਕਸਦ ਸਨ, ਅਤੇ ਉਨ੍ਹਾ 'ਕੌਮਾ ਗਾਟਾ ਮਾਰੂ' ਦੇ ਲੀਡਰਾਂ ਨੂੰ ਯੋਕੋਹਾਮਾ ਮਿਲਕੇ 100 ਪਿਸਤੌਲ ਗੋਲੀ ਗਠੇ ਸਮੇਤ ਪੁਚਾਇਆ। ਗਦਰ ਪਾਰਟੀ ਅਤੇ 'ਕੌਮਾ ਗਾਟਾ ਮਾਰੂ' ਜਹਾਜ਼ੀਆਂ ਦੇ ਆਪਸ ਨਾਲ ਬਣੇ ਸੰਬੰਧ ਇਸ ਗੱਲ ਤੋਂ ਵੀ ਸਿੱਧ ਹੁੰਦੇ ਹਨ ਕਿ 'ਕੌਮਾ ਗਾਟਾ ਮਾਰੂ' ਦੇ ਚੰਦ ਇਕ ਮੁਸਾਫਰਾਂ, ਜਿਨ੍ਹਾਂ ਵਿਚੋਂ ਕਾਮਰੇਡ ਗੁਰਮੁਖ ਸਿੰਘ ਦਾ ਨਾਮ ਖਾਸ ਜ਼ਿਕਰ ਕਰਨ ਯੋਗ ਹੈ, ਨੇ ਬਜ ਬਜ ਘਾਟ ਦੀ ਘਟਨਾ ਪਿਛੋਂ ਹਿੰਦ ਵਿਚ ਗਦਰ ਪਾਰਟੀ ਲਹਿਰ ਵਿਚ ਹਿਸਾ ਲਿਆ।

ਸਮੁਚੀ ਗਦਰ ਪਾਰਟੀ ਲਹਿਰ ਉਤੇ ਅਸਰ ਪੈਣ ਤੋਂ ਇਲਾਵਾ, 'ਕੌਮਾ ਗਾਟਾ ਮਾਰੂ' ਘਟਨਾ ਦੇ ਕਾਰਨ ਕੈਨੇਡਾ ਵਾਸੀ ਹਿੰਦੀਆਂ ਦੀ ਮੁਕਾਮੀ ਜਦੋ ਜਹਿਦ ਦੀ ਵੀ ਸ਼ਕਲ ਬਦਲ ਗਈ। 'ਕੌਮਾ ਗਾਟਾ ਮਾਰੂ' ਦੇ ਕੈਨੇਡਾ ਪੁਜਣ ਤੋਂ ਪਹਿਲੋਂ ਵੀ ਸ੍ਰੀ ਭਗਵਾਨ ਸਿੰਘ ਨੇ ਕੈਨੇਡਾ ਵਾਸੀ ਹਿੰਦੀਆਂ ਨੂੰ 'ਤਲਵਾਰ ਫੜਨ' ਦਾ ਨਾਅਰਾ ਦਿਤਾ ਸੀ। ਪਰ 'ਕੌਮਾ ਗਾਟਾ ਮਾਰੂ' ਦੇ ਕੈਨੇਡਾ ਪੁਜਣ ਅਤੇ ਉਥੋਂ ਚਲੇ ਜਾਣ ਪਿਛੋਂ, ਗਦਰ ਅਤੇ ਇਨਕਲਾਬ ਬਾਰੇ ਕੈਨੇਡਾ ਵਾਸੀ ਹਿੰਦੀਆਂ ਵਿਚ ਚਰਚਾ ਆਮ ਹੋ ਗਈ। ਡੋਮੀਨੀਅਨ ਹਾਲ (ਵੈਨਕੋਵਰ) ਵਿਚ ਇਕ ਵੱਡੀ ਮੀਟਿੰਗ ਹੋਈ, ਜਿਸ ਵਿਚ "ਇਹ ਪ੍ਰਚਾਰ ਕੀਤਾ ਗਿਆ ਕਿ ਜੇ ਜਹਾਜ਼ ਨੂੰ ਵਾਪਸ ਤੋਰ ਦਿਤਾ ਗਿਆ ਤਾਂ ਹਿੰਦੀਆਂ ਨੂੰ ਵਾਪਸ ਹਿੰਦ ਜਾਣਾ ਚਾਹੀਦਾ ਹੈ, ਅੰਗਰੇਜ਼ਾਂ ਨੂੰ ਉਥੋਂ ਕੱਢਣਾ ਚਾਹੀਦਾ ਹੈ, ਅਤੇ ਉਨ੍ਹਾਂ ਦੇ ਸਿਰ ਹਦਵਾਣਿਆਂ ਵਾਂਗੂੰ ਫਿਹਣੇ ਚਾਹੀਦੇ ਹਨ।" ਪਹਿਲਾ ਸੰਸਾਰ ਯੁੱਧ ਸ਼ੁਰੂ ਹੋਣ ਵੇਲੇ ਤੱਕ ਗੁਰਦੁਵਾਰੇ ਵਿਚ ਹਰ ਸ਼ਨਿਚਰਵਾਰ ਮੀਟਿੰਗਾਂ ਹੁੰਦੀਆਂ, 'ਗਦਰ' ਅਖਬਾਰ ਮੰਗਵਾਇਆ ਜਾਂਦਾ ਅਤੇ 'ਗਦਰ ਦੀ ਗੂੰਜ' ਵਿਚੋਂ ਕਵਿਤਾ ਗਾਵੀਆਂ ਜਾਂਦੀਆਂ। ਇਹ ਇਨਕਲਾਬੀ ਜੋਸ਼ ਤਕਰੀਰਾਂ ਦੀ ਹੱਦ ਤੋਂ ਅਗੇ ਵੱਧ ਤੁਰਿਆ। ਅਮਰੀਕਾ ਵਿਚੋਂ ਹਥਿਆਰ ਪ੍ਰਾਪਤ ਕਰਨ ਦੀ ਕੋਸ਼ਿਸ਼ ਕੀਤੀ ਗਈ, ਅਤੇ ਕੈਨੇਡਾ ਦੇ ਕਰਮਚਾਰੀਆਂ ਪਾਸ ਮੁਖਬਰੀ ਕਰਨ ਵਾਲੇ ਕੁਝ ਹਿੰਦੀਆਂ ਨੂੰ ਖੁਫੀਆ ਤੌਰ ਉਤੇ ਜਾਨੋਂ ਮਾਰ ਦਿਤਾ ਗਿਆ।

ਦੂਸਰੇ ਬੰਨੇ ਹਿੰਦੀਆਂ ਵਿਰੋਧੀ ਤਾਕਤਾਂ ਵੀ ਚੁਪ ਨਹੀਂ ਸਨ। ਓਹ ਵੈਨਕੂਵਰ ਗੁਰਦੁਆਰੇ ਦੇ ਪ੍ਰਬੰਧਕਾਂ ਉਤੇ ਵਾਰ ਕਰਨ ਦਾ ਮੌਕਾ ਤਾੜਦੀਆਂ ਸਨ, ਕਿਉਂਕਿ ਵੈਨਕੋਵਰ ਗੁਰਦੁਆਰਾ ਕੈਨੇਡਾ ਵਾਸੀ ਹਿੰਦੀਆਂ ਦੀ ਜਦੋ ਜਹਿਦ ਦਾ ਕੇਂਦਰ ਸੀ, ਜਿਸ ਦੇ ਬਿਖਰਨ ਨਾਲ ਕੈਨੇਡਾ ਵਾਸੀ ਹਿੰਦੀਆਂ ਦੀ ਲਹਿਰ ਕਮਜ਼ੋਰ ਹੁੰਦੀ ਸੀ। 30 ਅਗਸਤ, 1914 ਨੂੰ ਬੇਲਾ ਸਿੰਘ (ਮਿਸਟਰ ਹਾਪਕਿਨਜ਼ ਦਾ ਵਡਾ ਮੁਖਬਰ) ਅਤੇ ਉਸ ਦੇ ਆਦਮੀ ਫਸਾਦ ਖੜਾ ਕਰਨ ਦੀ ਨੀਯਤ ਨਾਲ ਗੁਰਦੁਆਰੇ ਆਏ, ਪਰ ਅਗਾਊਂ ਪਤਾ ਲਗ ਜਾਣ ਕਰਕੇ ਪੁਲਸ ਨੂੰ ਇਤਲਾਹ ਦੇ ਦਿਤੀ ਗਈ, ਜਿਸ ਨੇ ਬੇਲਾ ਸਿੰਘ ਅਤੇ ਉਸ ਦੇ ਆਦਮੀਆਂ ਨੂੰ ਗੁਰਦੁਆਰੇ ਵਿਚੋਂ ਕੱਢ f ਦਤਾ। 5 ਸਤੰਬਰ, 1914 ਨੂੰ ਬੇਲਾ ਸਿੰਘ ਫਿਰ ਗੁਰਦੁਆਰੇ ਆਇਆ ਅਤੇ ਸ੍ਰੀ ਭਾਗ ਸਿੰਘ, ਪ੍ਰਧਾਨ, ਗੁਰਦੁਆਰਾ ਕਮੇਟੀ, ਦੇ ਪਿਛੇ ਆ ਕੇ ਬੈਠ ਗਿਆ। ਸ਼ਬਦ ਕੀਰਤਨ ਹੋ ਰਿਹਾ ਸੀ, ਜਦ ਬੇਲਾ ਸਿੰਘ ਨੇ ਅਚਾਨਕ ਸ੍ਰੀ ਭਾਗ ਸਿੰਘ ਦੀ ਪਿੱਠ ਵਿਚ ਪਸਤੌਲ ਨਾਲ ਗੋਲੀਆਂ ਮਾਰਕੇ ਉਨ੍ਹਾਂ ਨੂੰ ਓਥੇ ਹੀ ਸ਼ਹੀਦ ਕਰ ਦਿੱਤਾ। ਇਕ ਹੋਰ ਸਜਣ ਸ੍ਰੀ ਬਤਨ ਸਿੰਘ ਨੂੰ ਵੀ ਗੋਲੀਆਂ ਵੱਜੀਆਂ, ਜਿਸ ਕਾਰਨ ਉਹ ਪਿਛੋਂ ਚਲਾਣਾ ਕਰ ਗਏ। ਬੇਲਾ ਸਿੰਘ ਉਤੇ ਮੁਕੱਦਮਾ ਚਲਿਆ, ਪਰ ਉਹ ਇਸ ਬਿਆਨ ਦੇ ਆਧਾਰ ਉਤੇ ਬਰੀ ਕੀਤਾ ਗਿਆ ਕਿ ਸ੍ਰੀ ਭਾਗ ਸਿੰਘ ਨੇ ਉਸ ਉਤੇ ਪਹਿਲੋਂ ਵਾਰ ਕੀਤਾ ਸੀ, ਅਤੇ ਉਸ (ਬੇਲਾ ਸਿੰਘ) ਨੇ ਆਪਣੇ ਬਚਾਉ ਖਾਤਰ ਸ੍ਰੀ ਭਾਗ ਸਿੰਘ ਨੂੰ ਗੋਲੀਆਂ ਮਾਰੀਆਂ। ਪਰ ਸ੍ਰੀ ਭਾਗ ਸਿੰਘ ਨੂੰ ਭਰੇ ਦੀਵਾਨ ਵਿਚ ਸਾਰਿਆਂ ਦੇ ਸਾਹਮਣੇ ਪਿਛੋਂ ਅਚਾਨਕ ਗੋਲੀਆਂ ਮਾਰਕੇ ਸ਼ਹੀਦ ਕੀਤਾ ਗਿਆ ਸੀ। ਇਸ ਕਰਕੇ ਕੈਨੇਡਾ ਵਾਸੀ ਹਿੰਦੀਆਂ ਨੂੰ ਪ੍ਰਾਤੀ ਇਲਮ ਤੋਂ ਪਤਾ ਸੀ ਕਿ ਅਸਲ ਵਾਕਿਆਤ ਕੀ ਸਨ ਕੁਦਰਤੀ ਤੌਰ ਉਤੇ ਉਨ੍ਹਾਂ ਨੇ ਸ੍ਰੀ ਭਾਗ ਸਿੰਘ ਦੀ ਸ਼ਹੀਦੀ ਪਿਛੇ ਹਿੰਦੀਆਂ ਵਿਰੋਧੀ ਤਾਕਤਾਂ ਦਾ ਹੱਥ ਸਮਝਿਆ; ਜਿਸ ਦਾ ਬਦਲਾ ਲੈਣ ਵਾਸਤੇ ਸ੍ਰੀ ਮੇਵਾ ਸਿੰਘ ਨੇ 21 ਅਕਤੂਬਰ (ਜਿਸ ਦਿਨ ਸ੍ਰੀ ਭਾਗ ਸਿੰਘ ਦੀ ਸ਼ਹੀਦੀ ਦਾ ਸੁਪਰੀਮ ਕੋਰਟ ਵਿਚ ਮੁਕੱਦਮਾ ਸ਼ੁਰੂ ਹੋਇਆ) ਨੂੰ ਮਿਸਟਰ ਹਾਪਕਿਨਜ਼ (ਜੋ ਹਿੰਦੀਆਂ ਦੀਆਂ ਨਜ਼ਰਾਂ ਵਿਚ ਉਨ੍ਹਾਂ ਵਿਰੁੱਧ ਦਬਾਉ ਦਾ ਸਭ ਤੋਂ ਵੱਧ ਸਰਗਰਮ ਮੋਹਰਾ ਸੀ) ਨੂੰ ਭਰੀ ਕਚਹਿਰੀ ਵਿਚ ਉਸੇ ਤਰ੍ਹਾਂ ਗੋਲੀ ਮਾਰ ਕੇ ਮਾਰ ਦਿੱਤਾ, ਜਿਵੇਂ ਭਰੇ ਦੀਵਾਨ ਵਿੱਚ ਸ੍ਰੀ ਭਾਗ ਸਿੰਘ ਨੂੰ ਸ਼ਹੀਦ ਕੀਤਾ ਗਿਆ ਸੀ। ਸ੍ਰੀ ਮੇਵਾ ਸਿੰਘ ਨੇ ਖੜਕ ਕੇ ਬਿਆਨ ਦਿਤਾ ਅਤੇ ਇਸ ਬਦਲੇ ਉਨ੍ਹਾਂ ਨੂੰ ਫਾਂਸੀ ਉਤੇ ਲਟਕਣਾ ਪਿਆ।

ਸ੍ਰੀ ਭਾਗ ਸਿੰਘ, ਸ੍ਰੀ ਬਤਨ ਸਿੰਘ ਅਤੇ ਸ੍ਰੀ ਮੇਵਾ ਸਿੰਘ ਦੀਆਂ ਸ਼ਹੀਦੀਆਂ ਨੇ ਕੈਨੇਡਾ, ਅਮਰੀਕਾ ਅਤੇ ਦੂਰ ਪੂਰਬ ਦੇ ਹਿੰਦੀਆਂ ਦੇ ਜੋਸ਼, ਜੋ 'ਕੌਮਾ ਗਾਟਾ ਮਾਰੂ' ਦੀ ਘਟਨਾ ਕਰਕੇ ਅਗੇ ਹੀ ਬਹੁਤ ਚਮਕਿਆ ਹੋਇਆ ਸੀ, ਵਿਚ ਹੋਰ ਵਾਧਾ ਕੀਤਾ। 'ਕੌਮਾ ਗਾਟਾ ਮਾਰੂ' ਦੇ ਮੁਆਮਲੇ ਦਾ ਤਾਂ ਇਹ ਮਤਲਬ ਸੀ ਕਿ ਕੈਨੇਡਾ ਸਰਕਾਰ ਅਗੋਂ ਨਵੇਂ ਆਉਣ ਵਾਲੇ ਹਿੰਦੀਆਂ ਨੂੰ ਹਰ ਹਾਲਤ ਵਿਚ ਕੈਨੇਡਾ ਆਉਣੋਂ ਰੋਕਣ ਲਈ ਤੁਲੀ ਹੋਈ ਸੀ, ਪਰ ਉਪਰੋਕਤ ਸ਼ਹੀਦੀਆਂ ਨੇ ਸਪੱਸ਼ਟ ਤੌਰ ਉਤੇ ਜ਼ਾਹਿਰ ਕੀਤਾ ਕਿ ਅਗੇ ਆ ਚੁਕੇ ਹਿੰਦੀਆਂ ਉਤੇ ਦਬਾਉ ਪਾਉਣ ਲਈ ਕੈਨੇਡਾ ਦੀਆਂ ਕਈ ਤਾਕਤਾਂ ਕਿਵੇਂ ਅਖੀਰਲੀ ਹੱਦ ਤੱਕ ਪੁਜ ਗਈਆਂ।

ਬਾਬਾ ਨਿਰੰਜਨ ਸਿੰਘ ਪੰਡੋਰੀ ਦੀ ਕਵਿਤਾ

ਗ਼ਦਰੀ ਦੀ ਦਰਿੜ੍ਹਤਾ ਅਤੇ ਤਾਕਤ
ਬੈਂਤ

ਹਿੰਦੁਸਤਾਨੀਓ ਵਿਖਰੇ ਪਏ ਫਿਰਦੇ ਝੁੱਗਾ ਅਸਾਂ ਵਾਲਾ ਪਿਆ ਪੱਟ ਹੋਵੇ।
ਪਈ ਹਿੰਦ ਅੰਦਰ ਰਾਤ ਜ਼ੁਲਮ ਵਾਲੀ ਦੁਨੀਆਂ ਵਿਚ ਸਾਰੇ ਲਟ ਲਟ ਹੋਵੇ।
ਚੋਰਾਂ ਡਾਕੂਆਂ ਕਾਤਲਾਂ ਜ਼ੋਰ ਪਾਇਆ ਹਿੰਦੀ ਬਿਨਾਂ ਕਸੂਰ ਤੋਂ ਫੱਟ ਹੋਵੇ।
ਭੁਲ ਗਈ ਸੁਤੰਤਰਤਾ ਹਿੰਦੀਆਂ ਨੂੰ ਕੁਟ ਖਾਂਮਦੇ ਜਿਉਂ ਪਈ ਰੱਟ ਹੋਵੇ।
ਵਿਚ ਫਰਕ ਇਨਸਾਨ ਹਵਾਨ ਕੀ ਏ ਚੁਕੀ ਫਿਰੇ ਗੁਲਾਮੀ ਦੀ ਛੱਟ ਹੋਵੇ।
ਜਿੰਦ ਜਾਨ ਨੂੰ ਤੁਰਤ ਮਲੂਮ ਹੁੰਦਾ ਜੇਕਰ ਵਜਦੀ ਜ਼ਰਾ ਕੁ ਸੱਟ ਹੋਵੇ।
ਖੁਸੇ ਹੱਕ ਜਮਾਂਦਰੂ ਬਣੇ ਗੀਤੀ ਜਿਧਰ ਜਾਂਮਦੇ ਹੋ ਪਈ ਫੱਟ ਹੋਵੇ।
ਮਿਲੇ ਸ਼ਾਂਤੀ ਨਾਲ ਅਜ਼ਾਦੜੀ ਨਾ ਰਕੜ ਵਿਚ ਜ਼ਮੀਨ ਜਿਉਂ ਜੱਟ ਹੋਵੇ।
ਮਿਲੇ ਪੀਰ ਬਣਕੇ ਗੋਰਿਆਂ ਨੂੰ, ਨਹੀਂ ਜ਼ੁਲਮ ਫਰੰਗੀ ਦਾ ਘੱਟ ਹੋਵੇ।
ਕਦੇ ਮੰਨਦੇ ਇਹ ਪਲੋਸਿਆਂ ਤੋਂ, ਜਿਚਰ ਨਾਲ ਸ਼ਮੇਸ਼ਰ ਨਾ ਕੱਟ ਹੋਵੇ।
ਖੂਨਖਾਰ ਨੂੰ ਰਹਿਮ ਦੀ ਬਾਣ ਕਿਥੇ, ਪੀਂਦਾ ਖੂਨ ਜਿਹੜਾ ਗੱਟ ਗੱਟ ਹੋਵੇ।
ਭੰਨੇ ਬਿਨਾ ਬੁਥਾੜ ਨਾ ਸੂਤ ਆਵੇ, ਜਿਹੜਾ ਵਿਚ ਹੰਕਾਰ ਦੇ ਢੱਟ ਹੋਵੇ।
ਖੜਕੇ ਨਾਲ ਫਰੰਗੀਆਂ ਜ਼ਾਲਮਾਂ ਦੇ, ਗਲ ਏਸ ਹੀ ਤੋਂ ਖੱਟ ਖੱਟ ਹੋਵੇ।
ਮਾਰੋ ਵੈਰੀਆਂ ਨੂੰ ਬਬਰ ਸ਼ੇਰ ਵਾਂਗੂੰ, ਬਾਜ਼ੀ ਪਾਉਣ ਵੇਲੇ ਜਿਵੇਂ ਨੱਟ ਹੋਵੇ।
ਗ਼ਦਰ ਮਚਾ ਕਰੋ ਤੰਗ ਜ਼ਾਲਮਾਂ ਨੂੰ, ਜਿਧਰ ਜਾਣ ਪਟੱਕ ਪਟੱਕ ਹੋਵੇ।
ਆਉਣ ਸੂਤ ਫਰੰਗੜੇ "ਹਿੰਦ ਸੇਵਕ" ਜਦੋਂ ਚਾਰ ਚੁਫੇਰਿਓਂ ਲਟ ਲਟ ਹੋਵੇ।

ਗ਼ਦਰ ਪਾਰਟੀ ਦਾ ਜਨਮ ਦਿਨ
ਬੈਂਤ

ਜਨਮ ਦਿਨ ਗ਼ਦਰ ਪਾਰਟੀ ਦਾ, ਇਨਕਲਾਬੀਓ ਤੁਸਾਂ ਵਧਾਈ ਹੋਵੇ।
ਓਹੀ ਜਾਣਦਾ ਹੈ ਕਦਰ ਇਸ ਦਿਨ ਦੀ, ਸਿਰਾਂ ਧੜਾਂ ਦੀ ਜਿਸ ਨੇ ਲਾਈ ਹੋਵੇ।
ਬੇਹਲੜ ਜਾਣਦੇ ਕੀ ਕਦਰ ਕਾਮਿਆਂ ਦੀ, ਜਿਨ੍ਹਾਂ ਪੀਣੀ ਹੀ ਰੱਤ ਪਰਾਈ ਹੋਵੇ।
ਵਫਾਦਾਰ ਹਨ ਉਹ ਫਰੰਗੀਆਂ ਦੇ, ਜਿਨ੍ਹਾਂ ਕਪਟ ਦੀ ਸਫਾ ਬਛਾਈ ਹੋਵੇ।

ਗੁਝੇ ਭੇਦ ਪੀਂਦੇ ਖੂਨ ਗ਼ਦਰੀਆਂ ਦਾ, ਨਾਮ ਆਤਮਾ ਦਿਲੋਂ ਕਸਾਈ ਹੋਵੇ।
ਨਹੀਂ ਲੋੜ ਸਬੂਤ ਦੀ ਹੋਰ ਬਾਕੀ, ਅੱਖਾਂ ਸਾਹਮਣੇ ਜੋ ਅਜ਼ਮਾਈ ਹੋਵੇ।
ਨਾਲ ਦੁਸ਼ਮਣਾਂ ਗੁਫਤਗੂ ਹੋ ਰਹੀ ਹੈ, ਫਾਂਸੀ ਗ਼ਦਰੀਆਂ ਲਈ ਗੁਡਾਈ ਹੋਵੇ।
ਊਧਮ ਸਿੰਘ ਤੇ ਸਿੰਘ ਕਰਤਾਰ ਹੋਰਾਂ, ਕਾਂਸ਼ੀ ਰਾਮ ਹੀ ਕਰੀ ਚੜ੍ਹਾਈ ਹੋਵੇ।

ਝੰਡਾ ਚਾੜ੍ਹਕੇ ਕਪਟ ਦੀ ਸੁਲਾਹ ਵਾਲਾ, ਕੀਤੀ ਗ਼ਦਰੀਆਂ ਦਿਲੋਂ ਸਫਾਈ ਹੋਵੇ।
ਦਾਦ ਦੇਣ ਫਰੰਗੀਆਂ ਜ਼ਾਲਮਾਂ ਦੀ, ਵਤਨ ਦਰਦੀਆਂ ਵਾਸਤੇ ਧਾਈ ਹੋਵੇ।
ਕਤਰਾ ਕਤਰਾ ਨਚੋੜਕੇ ਗ਼ਦਰੀਆਂ ਦਾ, ਖੱਪਰ ਵਿਚ ਇੰਗਲੈਂਡ ਦੇ ਪਾਈ ਹੋਵੇ
ਐਸੇ ਲੋਕ ਪਾਪੀ ਸਾਡੇ ਨਹੀਂ ਦਰਦੀ, ਫਤਹ ਵੈਰੀਆਂ ਜਿਨ੍ਹਾਂ ਦੁਆਈ ਹੋਵੇ।
ਸਾਥੀ ਉਸ ਨੂੰ ਸਮਝ ਤੂੰ "ਹਿੰਦ ਸੇਵਕ", ਜਿਹੜਾ ਆਖਰੀ ਅੰਤ ਸਹਾਈ ਹੋਵੇ।

ਪਾਕਿਸਤਾਨ ਨਾਲ ਲਗਦੀ ਸਰਹੱਦ ਸੀਲ ਕੀਤੀ ਜਾਏ-ਪਾਂਧੀ

ਬੰਬਈ, —(ਪੀ. ਟੀ. ਆਈ.) ਪੰਜਾਬ ਦੇ ਸਮਾਜ ਭਲਾਈ ਮੰਤਰੀ ਸ: ਦਲੀਪ ਸਿੰਘ ਪਾਂਧੀ ਨੇ ਅੱਜ ਮੰਗ ਕੀਤੀ ਕਿ ਭਾਰਤ ਵਿਚ ਘੁਸਪੈਠ ਅਤੇ ਸਮਗਲਿੰਗ ਦੀਆਂ ਸਰਗਰਮੀਆਂ ਰੋਕਣ ਲਈ ਪਾਕਿਸਤਾਨ ਨਾਲ ਲਗਦੀ ਸਰਹੱਦ ਸੀਲ ਕੀਤੀ ਜਾਏ। ਭਗਤ ਨਾਮਦੇਵ ਦੀ 637ਵੀਂ ਬਰਸੀ ਦੇ ਸਬੰਧੀ ਸਮਾਗਮ ਵਿਚ ਬੋਲਦਿਆਂ ਸ: ਪਾਂਧੀ ਨੇ ਸੀਮਾ ਪਾਰ ਤੋਂ ਪੰਜਾਬ ਵਿਚ ਘੁਸਪੈਠ ਤੇ ਚਿੰਤਾ ਪ੍ਰਗਟਾਈ। ਉਹਨਾਂ ਕਿਹਾ ਕਿ ਪਾਕਿਸਤਾਨ ਨਾਲ ਲਗਦੀ ਸਾਰੀ ਸੀਮਾ ਨੂੰ 'ਵਿਸ਼ਾਲ ਚੀਨੀ ਕੰਧ ਦੀਆਂ ਲੀਹਾਂ ਤੇ ਹਮੇਸ਼ਾ ਲਈ ਕੀਤਾ ਜਾਣ ਚਾਹੀਦਾ ਹੈ। ਭਗਤ ਨਾਮਦੇਵ ਨੂੰ ਨਿੱਘੀ ਸ਼ਰਧਾਂਜਲ ਅਰਪਨ ਕਰਦਿਆਂ ਉਹਨਾਂ ਕਿਹਾ ਕਿ ਭਗਤ ਜੀ ਨੇ ਦਲਿਤ ਵਰਗ ਨੂੰ ਉਤਾਂਹ ਚੁਕਣ ਲਈ ਉਪਰਾਲਾ ਕੀਤਾ। ਮਹਾਰਾਸ਼ਟਰ ਪੰਜਾਬ ਏਕਤਾ ਫੋਰਸ ਵਲੋਂ ਆਯੋਜਤ ਸਮਾਗਮ ਵਿਚ ਗੋਆ ਦੇ ਲੈਫਟੀਨੈਂਟ ਗਵਰਨਰ ਡਾ: ਗੋਪਾਲ ਸਿੰਘ ਨੇ ਕਿਹਾ ਸਿੱਖ ਪੰਥ ਦੀ ਸਾਜਣਾ ਹਿੰਦੂ ਧਰਮ ਦੀ ਰਖਿਆ ਲਈ ਹੋਈ ਸੀ। ਉਹਨਾਂ ਮਰਾਠੀ ਭਾਸ਼ਾ ਵਿਚ ਗੁਰੂਆਂ ਦੇ ਜੀਵਨ ਸਬੰਧੀ ਡਾ: ਅਰਵਿੰਦ ਗਾਡਬਲ ਦੀ ਪੁਸਤਕ ਵੀ ਰਿਲੀਜ਼ ਕੀਤੀ।

ਮਧੂ ਕੇਸ਼ਵਰ ਦਾ ਮੀਡੀਆ ਸੈਂਟਰ ਵਿਚ ਭਾਸ਼ਨ

ਚਰਨਪਾਲ ਗਿੱਲ

ਵਰਲਡ ਸਿੱਖ ਆਰਗੇਨਾਈਜ਼ੇਸ਼ਨ ਦੇ ਸੱਦੇ ਤੇ ਆਈ ਮਧੂ ਕੇਸ਼ਵਰ, ਮਨੁੱਖੀ ਅਤੇ ਜਮਹੂਰੀ ਹੱਕਾਂ ਦੀ ਕਿਰਿਆਵਾਦੀ, ਨੇ ਬਡੀ ਦਲੇਰੀ ਤੇ ਨਿਰਪਖਤਾ ਨਾਲ ਨਿੱਡਰ ਹੋ ਕੇ ਭਾਰਤ ਦੀ ਸਰਕਾਰ ਦੀ ਜ਼ੋਰਦਾਰ ਸ਼ਬਦਾਂ ਵਿਚ ਨਿਖੇਧੀ ਕੀਤੀ। ਉਸਨੇ ਕਿਹਾ ਕਿ ਲਹੂ ਪੀਣੀ ਸਰਕਾਰ ਤੇ ਇਸਦੇ ਕਰਮਚਾਰੀ ਏਨੇ ਰਿਸ਼ਵਤਖੋਰ ਹੋ ਚੁਕੇ ਹਨ ਕਿ ਉਹ ਭਾਰਤੀਆਂ ਦੀ ਰੱਖਿਆ ਕਰਨ ਦੇ ਕਾਬਲ ਨਹੀਂ ਹਨ।

ਆਪਦੇ ਰਸਾਲੇ ਮਾਨੁਸ਼ੀ ਤੇ ਆਪਦੀ ਜਾਣਕਾਰੀ ਤੋਂ ਬਾਅਦ ਉਸਨੇ ਭਾਰਤ ਵਿਚ ਘੋਰ ਅਤਿਆਚਾਰ ਦਾ ਪਾਜ ਉਘੇੜਿਆ। ਦਾਜ ਪਿੱਛੇ ਔਰਤਾਂ ਨਾਲ ਅਤਿਆਚਾਰ ਤੇ ਉਨ੍ਹਾਂ ਨੂੰ ਜਿੰਦਾ ਜਾਲਣ ਦੀਆਂ ਮਿਸਾਲਾਂ ਭਾਰਤ ਵਿਚ ਆਮ ਹਨ। ਉਹ ਕਰਮਚਾਰੀ, ਜਿਨ੍ਹਾਂ ਨੇ ਆਮ ਸ਼ਹਿਰੀਆਂ ਦੀ ਰੱਖਿਆ ਕਰਨੀ ਹੈ ਖੁਦ ਹਰਾਮਜਾਦੀ ਤੇ ਕੁਕਰਮ ਕਰਦੇ ਹਨ। ਉਸਨੇ ਦੱਸਿਆ ਕਿ ਮਜ਼ਦੂਰ ਔਰਤਾਂ ਜੋ ਫੈਕਟਰੀਆਂ ਤੇ ਖੇਤਾਂ ਵਿਚ ਕੰਮ ਕਰਦੀਆਂ ਹਨ ਉਨ੍ਹਾਂ ਦੀ ਦਿਨ ਦਿਹਾੜੇ ਇਜ਼ਤ ਲੁਟੀ ਜਾਂਦੀ ਹੈ। ਭਾਵੇਂ ਥੋੜੀ ਆਵਾਜ਼ ਹੈ ਪਰ ਮਾਨੁਸ਼ੀ ਇਨ੍ਹਾਂ ਪਾਪਾਂ ਦਾ ਪਾਜ ਉਘੇੜਦੀ ਹੈ ਤੇ ਆਪਣੇ ਅਖਬਾਰ ਰਾਹੀਂ ਲੋਕਾਂ ਤੱਕ ਸੁਨੇਹਾ ਪਹੁੰਚਾਉਂਦੀ ਹੈ ਜਦ ਦੀ ਇਹ ਸੰਸਥਾ ਬਣੀ ਹੈ ਇਸਨੇ ਆਵਾਜ਼ ਬਹੁਤ ਬੁਲੰਦ ਕਰ ਦਿੱਤੀ ਹੈ ਤੇ ਲੋਕਾਂ ਵਿਚ ਚੇਤੰਨਤਾ ਪੈਦਾ ਕੀਤੀ ਹੈ।

ਮਧੂ ਕੇਸ਼ਵਰ ਨੇ ਕਿਹਾ ਕਿ ਉਨ੍ਹਾਂ ਨੇ ਵਿਧਵਾ ਔਰਤਾਂ, ਬੇਘਰੇ ਤੇ ਬੇਜ਼ਮੀਨੇ ਲੋਕਾਂ ਦੇ ਹੱਕਾਂ ਬਾਰੇ ਆਵਾਜ਼ ਉਠਾਈ। ਜਦ ਆਸਾਮ ਵਿਚ ਤੇ ਹੈਦਰਾਬਾਦ ਵਿਚ ਮੁਸਲਮਾਨ ਮਾਰੇ ਗਏ ਜਿਨ੍ਹਾਂ ਤੇ ਹਿੰਦੂ ਸ਼ਿਵ ਸੈਨਾ ਨੇ ਜਥੇਬੰਦਕ ਹਮਲੇ ਕੀਤੇ ਤਾਂ ਕੇਸ਼ਵਰ ਦੇ ਗਰੁਪ ਨੇ ਇਸਦੀ ਵਿਰੋਧਤਾ ਕੀਤੀ। ਇਸਨੂੰ ਚਿੱਤ ਚੇਤੇ ਭੀ ਨਹੀਂ ਸੀ ਕਿ ਕਦੇ ਇਨ੍ਹਾਂ ਨੂੰ ਸਿੱਖਾਂ ਦੇ ਮਨੁੱਖੀ ਅਤੇ ਜਮਹੂਰੀ ਹੱਕਾਂ ਵਾਰੇ ਭੀ ਆਵਾਜ਼ ਉਠਾਉਣੀ ਪਵੇਗੀ ਕਿਉਂਕਿ ਸਿੱਖ ਭਾਰਤ ਵਿਚ ਭਾਵੇਂ ਗਿਣਤੀ ਦੇ ਥੋੜੇ ਹਨ ਪਰ ਆਰਥਕ ਸਮਾਜਕ ਤੇ ਸਿਆਸੀ ਤੌਰ ਤੇ ਇਨ੍ਹਾਂ ਦੀ ਪੁਜ਼ੀਸ਼ਨ ਚੰਗੀ ਹੈ। ਦਿੱਲੀ ਦੇ ਘੱਲੂਘਾਰੇ ਵਿਚ ਜੋ ਸਿੱਖਾਂ ਤੇ ਅਤਿਆਚਾਰ ਹੋਇਆ, ਖਾਸ ਕਰਕੇ ਕਾਂਗਰਸ ਸਰਕਾਰ ਦੀ ਸਰਕਰਦਾ ਥੱਲੇ ਹੋਇਆ, ਮੁਆਫ ਨਹੀਂ ਕੀਤਾ ਜਾ ਸਕਦਾ। ਇਸ ਵਿਚ ਹੱਥ ਬਹੁਤ ਸਾਰੇ ਉਚ ਦਰਜੇ ਵਾਲੇ ਮਨਿਸਟਰਾਂ ਦਾ ਸੀ। ਉਨ੍ਹਾਂ ਦੀ ਪੜਤਾਲ ਕਰਨੀ, ਬਹੁਤ ਮੁਸ਼ਕਲ ਹੈ ਕਿਉਂਕਿ ਉਨ੍ਹਾਂ ਕੋਲ ਗੱਦੀਆਂ ਤਕੜੀਆਂ ਹਨ। ਮਧੂ ਕੇਸ਼ਵਰ ਨੇ ਇਸ ਹਾਦਸੇ ਵਾਰੇ ਬੜੀ ਖੋਜ ਕਰਕੇ ਦਲੇਰੀ ਨਾਲ ਲੇਖ ਲਿਖਿਆ ਜਿਸ ਵਿਚ ਨਿਧੱੜਕ ਹੋ ਕੇ ਕਾਂਗਰਸ ਸਰਕਾਰ ਦੀ ਛਿੱਲ ਲਾਹੀ ਤੇ ਅਪਰਾਧੀਆਂ ਵੱਲ ਉਂਗਲ ਸਿੱਧੀ ਕੀਤੀ।

ਮਧੂ ਕੇਸ਼ਵਰ ਦੀ ਸਪੀਚ ਮਨੁੱਖੀ ਹੱਕਾਂ ਦੇ ਵਾਰੇ ਹੀ ਰਹੀ। ਉਸਨੇ ਜ਼ੋਰ ਦਿਤਾ ਕਿ ਸਭ ਤੋਂ ਵੱਧ ਤਰਜੀਹ ਵਿਅਕਤੀਆਂ ਦੇ ਮਨੁਖੀ ਤੇ ਜਮਹੂਰੀ ਹਿਤਾਂ ਨੂੰ ਦਿਤੀ ਜਾਵੇ। ਮਨੁੱਖੀ ਹੱਕ ਸਭ ਤੋਂ ਪਰਮੁਖ ਰਖੇ ਜਾਣ। ਦੱਬੇ ਕੁਚਲੇ ਲੋਕਾਂ ਨੂੰ ਭੁਲਕੇ ਭੀ ਕਿਸੇ ਵਿਅਕਤੀ ਦੇ ਹੱਕਾਂ ਤੇ ਹਮਲਾ ਨਹੀਂ ਕਰਨਾ ਚਾਹੀਦਾ ਕਿਉਂਕਿ



ਇਸ ਨਾਲ ਉਨ੍ਹਾਂ ਦੇ ਆਪਦੇ ਹੱਕਾਂ ਦੀ ਕਾਟ ਹੋ ਜਾਂਦਾ ਹੈ ਤੇ ਉਹ ਆਪਣੇ ਹੱਕ ਮੰਗਣ ਦੇ ਕਾਬਲ ਨਹੀਂ ਰਹਿ ਜਾਂਦੇ।

ਕੇਸ਼ਵਰ ਖਾਲਿਸਤਾਨ ਵਾਰੇ ਗੱਲ ਨਹੀਂ ਸੀ ਕਹਿਣਾ ਚਾਹੁੰਦੀ ਪਰ ਕੁਝ ਖਾਲਿਸਤਾਨੀ ਅੰਸਰਾਂ ਨੇ ਉਸਨੂੰ ਬੋਲਣ ਤੇ ਮਜ਼ਬੂਰ ਕਰ ਦਿਤਾ। ਸਟੇਜ ਤੋਂ ਭੀ ਬੇਨਤੀ ਕੀਤੀ ਗਈ ਸੀ ਕਿ ਸਵਾਲ ਸਿਰਫ ਮਨੁੱਖੀ ਤੇ ਜਮਹੂਰੀ ਹੱਕਾਂ ਬਾਬਤ ਹੀ ਕੀਤੇ ਜਾਣ ਪਰ ਕਈ ਭਰਾਵਾਂ ਨੇ ਦਖਲ ਅੰਦਾਜ਼ੀ ਹੀ ਨਹੀਂ, ਸਵਾਲ ਪੁਛਣ ਦੀ ਬਜਾਏ ਦਸ ਪੰਦਰਾਂ ਮਿੰਟ ਦੀ ਸਪੀਚ ਹੀ ਠੋਕ ਦਿਤੀ।

ਕੇਸ਼ਵਰ ਨੇ ਹਰ ਸਵਾਲ ਦਾ ਜਵਾਬ ਬੜਾ ਠੋਸ, ਸੋਚ ਸਮਝਕੇ ਤੇ ਨਿੱਡਰ ਹੋ ਕੇ ਦਿਤਾ। ਉਸਨੇ ਇਹ ਭੀ ਕਿਹਾ ਕਿ ਖੂਨ ਖਰਾਬੇ ਨਾਲ ਜਾਂ ਬਿਆਨ ਬਾਜ਼ੀ ਕਰਕੇ ਸਰਕਾਰ ਨਹੀਂ ਬਦਲੇਗੀ। ਜਿਸ ਵਿਅਕਤੀ ਨੇ ਸਰਕਾਰ ਨੂੰ ਬਦਲਾਉਣਾ ਹੈ ਤਾਂ ਉਹ ਦਿੱਲੀ ਆ ਕੇ ਸਾਡੇ ਨਾਲ ਰਲਕੇ ਜਦੋ ਜਹਿਦ ਕਰੇ। ਖਾਲਿਸਤਾਨ ਤੋਂ ਪਹਿਲਾਂ ਮਨੁੱਖੀ ਹੱਕਾਂ ਨੂੰ ਬਰਕਰਾਰ ਰੱਖਿਆ ਜਾਵੇ। ਤੇ ਉਸਨੇ ਕਿਹਾ ਨਾ ਹੀ ਮੈਂ ਖਾਲਿਸਤਾਨੀ ਹਾਂ ਤੇ ਨਾ ਹੀ ਹਿੰਦੋਸਤਾਨੀ, ਮੈਂ ਤਾਂ ਇਕ ਇਨਸਾਨੀਅਤ ਤੇ ਮਨੁੱਖੀ ਹੱਕਾਂ ਦੀ ਪੁਜਾਰੀ ਹਾਂ। ਅੱਜ ਅਸੀਂ ਰਾਜੀਵ ਦੇ ਡੰਡੇ ਥੱਲੇ ਰਹਿ ਰਹੇ ਹਾਂ ਤੇ ਕੱਲ ਨੂੰ ਅਸੀਂ ਕਿਸੇ ਹੋਰ ਦੇ ਡੰਡੇ ਥੱਲੇ ਰਹਾਂਗੇ। ਮੈਨੂੰ ਮੇਰੇ ਸਿਰ ਤੇ ਡੰਡੇ ਦੀ ਲੋੜ ਨਹੀਂ, ਆਜ਼ਾਦੀ ਦੀ ਲੋੜ ਹੈ। ਉਸਨੇ ਕਿਹਾ ਕਿ ਮੈਨੂੰ ਕੋਈ ਪਰਵਾਹ ਨਹੀਂ ਜੇ ਹਿੰਦੁਸਤਾਨ ਦੇ ਪੰਜਾਹ ਟੁਕੜੇ ਹੋ ਜਾਣ। ਪਰ ਕੀ ਲੋਕ ਖੁਲੀ ਤਰ੍ਹਾਂ ਤੁਰ ਫਿਰ ਸਕਣਗੇ, ਕੀ ਉਹ ਸ਼ਹਿਰੀ ਆਜ਼ਾਦੀ ਮਾਣ ਸਕਣਗੇ। ਜੋ ਅੱਜ ਕੱਲ੍ਹ ਪੰਜਾਬ ਵਿਚ ਅਤਿਵਾਦੀ ਕਰ ਰਹੇ ਹਨ, ਹਿੰਦੂਆਂ ਨੂੰ ਮਾਰ ਰਹੇ ਹਨ — ਇਨ੍ਹਾਂ ਹਾਲਾਤਾਂ ਨੂੰ ਵੇਖਕੇ ਕੋਈ ਗਰੰਟੀ ਨਹੀਂ ਕਿ ਲੋਕਾਂ ਨੂੰ ਖਾਲਿਸਤਾਨ ਵਿਚ ਸ਼ਹਿਰੀ ਆਜ਼ਾਦੀ ਹੋਵੇਗੀ। ਆਮ ਸਿੱਖ ਕਹਿੰਦੇ ਹਨ ਕਿ ਇਹੋ ਜਿਹੇ ਕੰਮ ਸਰਕਾਰ ਕਰਾ ਰਹੀ ਹੈ ਪਰ ਕੁਝ ਸਿੱਖ ਗਰੁਪ ਇਹੋ ਜਿਹੀਆਂ ਵਾਰਦਾਤਾਂ ਲਈ ਹੱਲਾਸ਼ੇਰੀ ਦਿੰਦੇ ਹਨ ਤੇ ਪਰੋੜਤਾ ਕਰਦੇ ਹਨ ਕਿ ਚੰਗਾ ਹੋਇਆ। ਦੋਨੋਂ ਹੱਥ ਲੱਡੂ ਲੈਣਾ ਮੰਗਦੇ ਹਨ, ਇਹ ਗੱਲ ਬਹੁਤੀ ਦੇਰ ਨਹੀਂ ਚਲੇਗੀ। ਕਸੂਰ ਇਕ ਧਿਰ ਦਾ ਨਹੀਂ। ਦਿੱਲੀ ਦੇ ਘੱਲੂਘਾਰੇ ਪਿਛੋਂ ਬਹੁਤ ਹਿੰਦੂਆਂ ਦੇ ਵਿਚਾਰਾਂ ਵਿਚ ਇਹ ਸੀ ਕਿ ਸਿੱਖਾਂ ਨੂੰ ਸਬਕ ਸਿਖਾਉਣਾ ਹੀ ਚਾਹੀਦਾ ਸੀ। ਹਮਲਾ ਕਰਨ ਵਾਲੇ ਸਾਰੇ ਬਦਮਾਸ਼ ਬਾਹਰੋਂ ਟਰੱਕ ਭਰਕੇ ਲਿਆਂਦੇ ਗਏ ਸਨ, ਜਿਨ੍ਹਾਂ ਨੂੰ ਬੱਚਿਆਂ ਦਾ, ਭੈਣਾਂ ਦਾ ਜਾਂ ਮਾਵਾਂ ਦਾ ਕੋਈ ਤਰਸ ਨਹੀਂ ਸੀ। ਬਹੁਤੇ ਸਾਰੇ ਹਿੰਦੂ ਗਵਾਂਢੀਆਂ ਨੇ ਆਪਦੇ ਸਿੱਖ ਪੜੋਸੀ ਆਪਦੇ ਘਰੇ ਲਕੋਕੇ ਬਚਾਏ। ਫਿਰਕੂ ਲੋਕਾਂ ਤੇ ਅਖਬਾਰਾਂ ਨੇ ਖਿਚੋਤਾਣ ਬਹੁਤ ਵਧਾ ਦਿਤੀ ਹੈ।

ਉਸਨੇ ਇਹ ਭੀ ਚਿੰਤਾ ਪ੍ਰਗਟ ਕੀਤੀ ਕਿ ਖਾਲਿਸਤਾਨ ਦਾ ਨਾਅਰਾ ਲਾਉਣ ਵਾਲਿਆਂ ਨੇ ਪੰਜਾਬ ਤੋਂ ਬਾਹਰ ਰਹਿਣ ਵਾਲੇ ਸਿੱਖਾਂ ਦੇ ਮਨੁੱਖੀ ਤੇ ਜਮਹੂਰੀ ਹੱਕਾਂ ਵਾਰੇ ਤੇ ਪੰਜਾਬ ਵਿਚ ਹਿੰਦੂ ਤੇ ਹੋਰ ਜਾਤੀਆਂ ਵਾਲਿਆਂ ਦੇ ਹਿਤਾਂ ਵਾਰੇ ਬਹੁਤ ਹੀ ਘੱਟ ਸੋਚਿਆ ਹੈ। ਇਹ ਕੋਈ ਗਰੰਟੀ ਨਹੀਂ ਖਾਲਿਸਤਾਨ ਵਿਚ ਚੰਗਾ ਰਾਜ ਹੋਵੇਗਾ ਤੇ ਦਾਜ ਦੀ ਅਣਹੋਂਦ ਸਦਕਾ ਜਨਾਨੀਆਂ ਨੂੰ ਜਲਾਇਆ ਨਹੀਂ ਜਾਵੇਗਾ। ਕੀ ਮਜ਼ਹਬੀ ਸਿੱਖਾਂ ਨੂੰ ਬਰਾਬਰਤਾ ਮਿਲੇਗੀ। ਖਾਲਿਸਤਾਨੀ ਤਾਂ ਆਪਦੇ ਸਿੱਖ ਭਰਾਵਾਂ ਨੂੰ ਮਾਰ ਰਹੇ ਹਨ ਤੇ ਉਨ੍ਹਾਂ ਦੇ ਹੱਕ ਖੋਹੇ ਜਾ ਰਹੇ ਹਨ। ਜੇ ਸਿੱਖ ਮਨੁੱਖੀ ਹੱਕਾਂ ਬਾਰੇ ਸੋਚਦੇ ਹਨ ਕੀ ਜਦ ਨਸਲੀ ਹਿੰਦੂਆਂ ਨੇ ਮੁਸਲਮਾਨ ਆਸਾਮ ਵਿਚ ਤੇ ਅਹਿਮਦਾਬਾਦ ਦੇ ਘੱਲੂਘਾਰੇ ਵਿਚ ਜੋ ਔਰਤਾਂ ਰੰਡੀਆਂ ਹੋਈਆਂ ਸਨ ਉਨ੍ਹਾਂ ਨੂੰ ਅੱਜ ਤੱਕ ਘਰ ਨਹੀਂ ਮਿਲੇ। ਦਿੱਲੀ ਵਿਚ ਸਿੱਖ ਔਰਤਾਂ ਨੂੰ ਘਰ ਮਿਲ ਚੁਕੇ ਹਨ। ਮੁਸਲਮਾਨ ਭਾਵੇਂ ਗਿਣਤੀ ਵਿਚ ਜ਼ਿਆਦਾ ਹਨ ਪਰ ਉਨ੍ਹਾਂ ਦੀ ਹਾਲਤ ਸਭ ਤੋਂ ਪਤਲੀ ਹੈ। ਇਕ ਤਾਂ ਉਨ੍ਹਾਂ ਪਾਸ ਲੀਡਰਸ਼ਿਪ ਦੀ ਊਣਤਾਈ ਹੈ ਦੂਸਰੇ ਉਨ੍ਹਾਂ ਦੇ ਬਰਖਲਾਫ ਨਾਅਰਾ ਲੱਗ ਜਾਂਦਾ ਹੈ ਕਿ ਤੁਸੀਂ ਆਪਦੇ ਘਰ ਪਾਕਿਸਤਾਨ ਜਾਓ। ਸਾਦੇ ਨਾਅਰਿਆਂ ਦਾ ਜਵਾਬ ਦੇਣਾ ਬੜਾ ਮੁਸ਼ਕਲ ਹੋ ਜਾਂਦਾ ਹੈ।

ਜਦ ਖੂਨ ਦਾ ਬਦਲਾ ਖਨ ਵਰਗੇ ਜਜ਼ਬਾਤੀ ਨਾਅਰੇ ਲੱਗਦੇ ਹਨ ਤਾਂ ਮਸਲਾ ਹੋਰ ਭੀ ਗੁੰਝਲਦਾਰ ਬਣ ਜਾਂਦਾ ਹੈ। ਜੇ ਖਾਲਿਸਤਾਨੀ ਅਨਸਰ ਕੁਝ ਹਿੰਦੂ ਮਾਰ ਦੇਣ ਤਾਂ ਸਰਕਾਰ ਜ਼ੁਲਮ ਨੂੰ ਦਬਾਉਣ ਲਈ ਬੰਦਿਆਂ ਨੂੰ ਮਾਰਨਾ ਜ਼ਾਇਜ਼ ਸਮਝਦੀ ਹੈ। ਇਸ ਨਾਲ ਮਨੁਖੀ, ਜਮਹੂਰੀ ਤੇ ਸ਼ਹਿਰੀ ਆਜ਼ਾਦੀ ਦੇ ਹੱਕਾਂ ਦਾ ਘੋਲ ਹੋਰ ਭੀ ਔਖਾ ਹੋ ਜਾਂਦਾ ਹੈ। ਉਸਨੇ ਕਿਹਾ ਕਿ ਜਿਸ ਗਰੁਪ ਦੇ ਹੱਕਾਂ ਤੇ ਹਮਲਾ ਹੋਵੇ ਉਸਦੀ ਉਹ ਬੇਸ਼ਰਤ ਮਦਦ ਕਰੇਗੀ। ਜੇ ਕਿਸੇ ਦੀਆਂ ਸਿਆਸੀ ਮੰਗਾਂ ਦੂਸਰੇ ਲੋਕਾਂ ਦੇ ਹੱਕਾਂ ਵਿਚ ਦਖਲ-ਅੰਦਾਜ਼ੀ ਕਰਨ ਤਾਂ ਮੈਂ ਉਸਦਾ ਵਿਰੋਧ ਕਰਾਂਗੀ।

ਇਹ ਮੀਟਿੰਗ ਸਿੱਖ ਕਮਿਊਨਿਟੀ ਲਈ ਇਕ ਚਾਨਣਾ ਸੀ ਤੇ ਸਿਖਿਆ-ਦਾਇਕ ਸੀ। ਪਹਿਲੀ ਵਾਰੀ ਜਿਗਰਾ ਕਰਕੇ ਸਿੱਖ ਕਮਿਊਨਿਟੀ ਨੇ ਆਜ਼ਾਦ ਵਿਚਾਰ ਸੁਣੇ। ਅੱਜ ਲੋਕ ਗੱਲਕਾਤ ਕਰਨ ਲਈ ਤੇ ਸੁਨਣ ਲਈ ਤਿਆਰ ਹਨ। ਮਧੂ ਕੇਸ਼ਵਰ ਨੂੰ ਬੁਲਾਕੇ ਤੇ ਉਸਦੇ ਖੁਲ੍ਹੇ ਸਿਧੇ ਤੇ ਕੁਝ ਵਿਰੋਧੀ ਵਿਚਾਰ ਸੁਣਕੇ ਸਿਖ ਕਮਿਊਨਿਟੀ ਨੇ ਖੁਲ੍ਹ ਦਿਲੀ ਦਾ ਸਬੂਤ ਦਿਤਾ ਹੈ। ਜਿਥੇ ਉਸਨੇ ਕਾਂਗਰਸ ਸਰਕਾਰ ਨੂੰ ਥੱਲੇ ਲਾਹਿਆ ਤੇ ਉਸਦੇ ਪਾਜ ਉਘਾੜੇ ਉਸਦੇ ਨਾਲ ਹੀ ਸਿੱਖ ਅਤਿਵਾਦੀਆਂ ਦੀ ਨਿੱਡਰ ਹੋ ਕੇ ਨਿੰਦਿਆ ਕੀਤੀ।

ਠਰੀਆਂ ਧੁੱਪਾਂ, ਜਲਦੀਆਂ ਛਾਵਾਂ, ਵਸਦੇ ਖੰਡਰ, ਸੁੰਨੇ ਘਰ।
ਕਿੰਨੇ ਅਨੁਭਵ ਕੈਦ ਕਰੀ ਫਿਰਦਾ ਹਾਂ ਮੈਂ ਗ਼ਜ਼ਲਾਂ ਅੰਦਰ।

ਭਾਰਤੀ ਸੁਤੰਤਰਤਾ ਅਤੇ ਵੱਖਵਾਦੀ-ਫਿਰਕੂ ਝੱਖੜ



'ਸੂਫ਼ੀ' ਅਮਰਜੀਤ

15 ਅਗਸਤ ਨੂੰ ਜਦੋਂ ਭਾਰਤ ਆਪਣੀ ਆਜ਼ਾਦੀ ਦੇ 39 ਸਾਲ ਪੂਰੇ ਕਰਕੇ, ਚਾਲੀਵੇਂ ਸਾਲ ਵਿਚ ਦਾਖਲ ਹੋ ਰਿਹਾ ਹੈ ਤਾਂ ਉਸਦੇ ਰਾਜਨੀਤਕ ਵਾਤਾਵਰਨ ਵਿਚ ਵੱਖਵਾਦੀ ਅਤੇ ਫਿਰਕੂ ਝੱਖੜ ਝੁੱਲ ਰਹੇ ਦੇਖ ਰਹੇ ਹਾਂ। ਜਿਸ ਨਾਲ ਭਾਰਤ ਦੀ ਭੂਗੋਲਿਕ ਅਖੰਡਤਾ ਅਤੇ ਭਾਰਤੀ ਲੋਕਾਂ ਦੀ ਏਕਤਾ ਨੂੰ ਜੋ ਵੱਡੇ ਖਤਰੇ ਪੈਦਾ ਹੋ ਗਏ ਹਨ, ਉਸ ਨੇ ਭਾਰਤ ਦੀ ਰਾਜਨੀਤਕ ਸੁਤੰਤਰਤਾ ਨੂੰ ਵੀ ਵੱਡੀ ਵੰਗਾਰ ਪੈਦਾ ਕਰ ਦਿੱਤੀ ਹੈ।

ਹਰ ਕੋਈ ਭਾਰਤ ਦੀ ਏਕਤਾ ਦਾ ਚਾਹਵਾਨ ਭਾਵੇਂ ਉਹ ਦੇਸ਼ ਵਿਚ ਹੈ ਜਾਂ ਬਦੇਸ਼ ਵਿਚ, ਇਸ ਤਰ੍ਹਾਂ ਦੇ ਹਾਲਾਤ ਨੂੰ ਦੇਖ ਕੇ ਡਾਢਾ ਚਿੰਤਾਵਾਨ ਹੈ। ਉਹ ਸੋਚਦਾ ਹੈ ਕਿ ਦੇਸ਼ ਦੀ ਆਜ਼ਾਦੀ ਦੇ ਉਨਤਾਲੀ ਸਾਲ ਲੰਘਣ ਉਪਰੰਤ ਅਜਿਹਾ ਵਿਸਫੋਟਕ ਵਾਤਾਵਰਨ ਕਿਉਂ ਹੈ? 1947 ਤੋਂ ਲਗਾਤਾਰ ਰਾਜ ਕਰ ਰਹੀ ਪਾਰਟੀ ਨੇ ਦੇਸ਼ ਦੇ ਲੋਕਾਂ ਵਿਚ ਦੇਸ਼ ਭਗਤਕ ਭਾਵਨਾਵਾਂ ਨੂੰ ਕਿਉਂ ਪਰਫੁੱਲਤ ਨਾ ਹੋਣ ਦਿੱਤਾ? ਆਦਿ ਸਵਾਲ ਭਾਰਤ ਹਿਤੈਸ਼ੀ ਲੋਕਾਂ ਦੇ ਮਨਾਂ ਵਿਚ ਪੈਦਾ ਹੁੰਦੇ ਹਨ।

ਇਸ ਦਾ ਉਤਰ ਇਹੋ ਹੀ ਹੈ ਕਿ ਇਹ ਸਵਾਲ ਭਾਰਤ ਦੀ ਆਰਥਕਤਾ ਨਾਲ ਜੁੜੇ ਹੋਏ ਹਨ। ਇਹ ਹਾਕਮ ਪਾਰਟੀ ਦੀਆਂ ਉਨ੍ਹਾਂ ਨੀਤੀਆਂ ਦਾ ਨਤੀਜਾ ਹਨ ਜਿਹੜੀਆਂ ਲਗਾਤਾਰ ਆਮ ਲੋਕਾਂ ਦੀ ਹਾਲਤ ਨੂੰ ਅਣਗੌਲਿਆ ਕਰਕੇ, ਪੂੰਜੀਪਤੀਆਂ, ਵਪਾਰੀਆਂ ਜਾਗੀਰਦਾਰਾਂ ਅਤੇ ਉਨ੍ਹਾਂ ਦੇ ਬਦੇਸ਼ੀ ਸਾਮਰਾਜੀ ਭਿਆਲਾਂ ਨਾਲ ਰਲਕੇ ਲੋਕਾਂ ਦੀ ਮਿਹਨਤ ਨੂੰ ਹਰ ਢੰਗ ਨਾਲ ਲੁਟਣ ਦਾ ਨਤੀਜਾ ਹੈ। ਜੇਕਰ ਲੋਕਾਂ ਦੀ ਪੈਦਾ ਕੀਤੀ ਅਥਾਹ ਦੌਲਤ ਦਾ ਉਨ੍ਹਾਂ ਵਿਚ ਠੀਕ ਵੰਡਾਰਾ ਹੁੰਦਾ ਤਾਂ ਅਜਿਹੀ ਹਾਲਤ ਨਾ ਹੁੰਦੀ। ਪ੍ਰੰਤੂ ਇਕ ਜਾਗੀਰੂ-ਸਰਮਾਏਦਾਰ ਹਿਤਾਂ ਦੀ ਰਾਖੀ ਵਾਲੀ ਸਰਕਾਰ ਤੋਂ ਅਜਿਹੀ ਆਸ ਕੀਤੀ ਵੀ ਨਹੀਂ ਜਾ ਸਕਦੀ ਸੀ।

ਜਿੰਨ੍ਹਾਂ ਦੀਵਾਲੀਆ ਨੀਤੀਆਂ ਉਪਰ ਸਰਕਾਰ ਚਲਦੀ ਰਹੀ ਹੈ, ਉਸ ਨੇ ਆਮ ਲੋਕਾਂ ਨੂੰ ਉਨ੍ਹਾਂ ਦੇ ਨਿਤ ਦੇ ਜੀਵਨ ਦੇ ਕੰਮਾਂ ਕਾਰਾਂ ਵਿਚ ਬੜੇ ਚਾਲਾਕ ਢੰਗ ਨਾਲ, ਰਿਸ਼ਵਤਾਂ, ਸਫਾਰਸ਼ਾਂ, ਧੱਕਾ ਅਤੇ ਰਾਜਨੀਤਕ ਲਿਹਾਜਦਾਰੀਆਂ ਦੇ ਜਾਲ ਵਿਚ ਜਕੜ ਦਿਤਾ ਹੈ ਕਿ ਉਨ੍ਹਾਂ ਵਿਚ ਹੀ ਸਰਕਾਰੀ - ਗੈਰ ਸਰਕਾਰੀ ਨੌਕਰੀਆਂ ਉਤੇ ਲੱਗੇ, ਵੱਡੀ ਗਿਣਤੀ ਵਿਚ ਲੋਕਾਂ ਨੂੰ ਭਰਿਸ਼ਟ ਕਰ ਦਿਤਾ ਹੈ। ਤਾਂ ਜੋ ਉਹ ਪ੍ਰਬੰਧਕੀ ਮਸ਼ੀਨ ਦਾ ਹਿਸਾ ਹੀ ਬਣ ਜਾਵੇ। ਉਹ ਉਨ੍ਹਾਂ ਪ੍ਰਤੀ ਕੋਈ ਗਿਲਾ-ਸ਼ਿਕਵਾ ਨਾ ਕਰ ਸਕਣ। ਪੁਲਸ ਅਤੇ ਦਫਤਰੀ ਅਫਸਰ ਰਿਸ਼ਵਤਾਂ ਦੇ ਦੌਰ ਵਿਚ ਜ਼ਮੀਰਾਂ ਕਲੰਕਤ ਕਰਕੇ ਐਸ਼ਾਂ ਕਰ ਰਹੇ ਹਨ। ਜੋ ਕੁਝ ਵਜ਼ੀਰ ਲੋਕ ਕਰਦੇ ਹਨ ਉਹ ਇਨ੍ਹਾਂ ਤੋਂ ਭਿੰਨ ਨਹੀਂ ਹਨ।

ਇਸ ਤਰ੍ਹਾਂ ਸਰਕਾਰ ਨੇ ਆਪਣੇ ਨਾਲ ਸਾਰੇ ਪ੍ਰਬੰਧ ਨੂੰ ਹੀ ਭਰਿਸ਼ਟ ਕਰ ਦਿਤਾ ਹੈ, ਜਿਸ ਦੀ ਸਜ਼ਾ ਲੋਕ ਭੁਗਤ ਰਹੇ ਹਨ। ਅਜੋਕਾ ਵਾਤਾਵਰਨ ਇਸ ਪ੍ਰਬੰਧ ਦੀ ਉਪਜ ਹੈ।

ਵੱਖਵਾਦੀ-ਫਿਰਕੂ ਉਭਾਰ

ਸਰਕਾਰ ਦੇ ਅਜਿਹੇ ਲੋਕ ਵਿਰੋਧੀ ਪ੍ਰਬੰਧ ਦੇ ਕਾਰਨ ਲੋਕਾਂ ਨੂੰ ਜੋ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਉਸ ਨਾਲ ਉਨ੍ਹਾਂ ਵਿਚ ਸਰਕਾਰ ਵਿਰੁਧ ਨਫਰਤ ਅਤੇ ਵਿਰੋਧ ਪੈਦਾ ਹੋਣਾ ਕੁਦਰਤੀ ਹੈ। ਇਸ ਨਫਰਤ ਅਤੇ ਵਿਰੋਧ ਨੂੰ ਸਰਕਾਰ ਦੀਆਂ ਨੀਤੀਆਂ ਵਿਰੁਧ ਅਤੇ ਹਾਕਮ ਪਾਰਟੀ ਵਿਰੁਧ ਦੋ ਢੰਗਾਂ ਨਾਲ ਸੇਧਤ ਕੀਤਾ ਜਾ ਸਕਦਾ ਹੈ। ਇਕ ਤਾਂ ਜਿਵੇਂ ਮਿਹਨਤੀ ਲੋਕਾਂ ਅਤੇ ਹੋਰ ਜਮਹੂਰੀ ਵਰਗਾਂ ਦੀ ਪ੍ਰਤੀਨਿਧ ਸੀ. ਪੀ. ਆਈ. (ਮ) ਅਤੇ ਹੋਰ ਖੱਬੀਆਂ ਪਾਰਟੀਆਂ, ਲੋਕਾਂ ਵਿਚ ਰਾਜਨੀਤਕ ਮੁਹਿੰਮਾਂ ਚਲਾ ਕੇ, ਉਨ੍ਹਾਂ ਨੂੰ ਸੂਝਵਾਨ ਕਰਕੇ ਕਰਦੀਆਂ ਹਨ ਕਿ ਹਾਕਮ ਕਾਂਗਰਸ ਪਾਰਟੀ ਦੀ ਥਾਂ ਜੇ ਕਰ ਹਾਕਮ ਜਮਾਤਾਂ ਦੀਆਂ ਹੋਰ ਪਾਰਟੀਆਂ ਜਨਤਾ ਪਾਰਟੀ ਜਾਂ ਭਾਰਤੀ ਜਨਤਾ ਪਾਰਟੀ ਆਦਿ ਕੌਮੀ ਪੱਧਰ ਉਪਰ ਅਤੇ ਤੇਲਗੂ ਦੇਸਮ, ਅਕਾਲੀ ਪਾਰਟੀ, ਡੀ. ਐਮ. ਕੇ., ਆਸਾਮ ਗਣਤੰਤਰ ਪ੍ਰੀਸ਼ਦ ਆਦਿ ਰਾਹੀਂ ਬਦਲੀ ਕੀਤੀ ਜਾਵੇਗੀ ਤਾਂ ਕੋਈ ਫਰਕ ਨਹੀਂ ਪਵੇਗਾ ਕਿਉਂਕਿ ਇਹ ਉਨ੍ਹਾਂ ਹੀ ਜਾਗੀਰੂ - ਪੂੰਜੀਵਾਦੀ ਨੀਤੀਆਂ ਉਪਰ ਚਲਣ ਵਾਲੀਆਂ ਪਾਰਟੀਆਂ ਹਨ। ਅਸਲੀ ਤਬਦੀਲੀ ਤਦੋਂ ਹੀ ਸੰਭਵ ਹੋਵੇਗੀ ਜਦੋਂ ਲੋਕਾਂ ਦੇ ਹਿਤਾਂ ਦੀ ਰਾਖੀ ਵਾਲੀ ਪਾਰਟੀ ਸੀ. ਪੀ. ਆਈ. (ਮ) ਜਾਂ ਉਸ ਦੀ ਅਗਵਾਈ ਵਿਚ ਬਣਿਆ ਖੱਬਾ ਫਰੰਟ ਉਸਰ ਕੇ ਜੇਤੂ ਹੁੰਦਾ ਹੈ। ਜਿਵੇਂ ਕਿ ਪੱਛਮੀ ਬੰਗਾਲ ਅਤੇ ਤਿਰੀਪੁਰਾ ਵਿਚ ਪਿਛਲੇ 9 ਸਾਲਾਂ ਤੋਂ ਸੀ. ਪੀ. ਆਈ. (ਮ) ਦੀ ਅਗਵਾਈ ਵਿਚ ਖਬੇ ਫਰੰਟ ਦੀਆਂ ਸਰਕਾਰਾਂ ਹਨ। ਭਾਵੇਂ ਕਿ ਮੌਜੂਦਾ ਸੰਵਿਧਾਨ ਦੇ ਢਾਂਚੇ ਵਿਚ ਉਨ੍ਹਾਂ ਕੋਲ ਸੀਮਤ ਅਧਿਕਾਰ ਹੀ ਹਨ।

ਕਿਉਂਕਿ ਅਜਿਹੀ ਤਬਦੀਲੀ ਬੁਨਿਆਦੀ ਤਬਦੀਲੀ ਲਈ ਠੋਸ ਆਧਾਰ ਤਿਆਰ ਕਰਦੀ ਹੈ ਇਸ ਲਈ ਇਹ ਹਾਕਮ ਜਮਾਤਾਂ ਨੂੰ ਮੌਤ ਵਾਂਗ ਦਿਸਦੀ ਹੈ, ਸੋ ਉਨ੍ਹਾਂ ਦੂਜੀ ਤਰੀਕਾ ਆਪ ਹੀ ਲੋਕਾਂ ਲਈ ਪੇਸ਼ ਕਰਨ ਵਿਚ ਸਹਾਇਤਾ ਕਰਨ ਵਿਚ ਕੋਈ ਸ਼ਰਮ ਮਹਿਸੂਸ ਨਹੀਂ ਕੀਤੀ ਕਿ ਵੱਖਵਾਦੀ ਟੋਲਿਆਂ ਨੂੰ ਥਾਪੀ ਦਿਤੀ ਜਾਵੇ ਜਿਵੇਂ ਪੰਜਾਬ ਬਾਰੇ ਪ੍ਰਸਿੱਧ ਹੈ ਕਿ ਮੁੱਢ ਵਿਚ ਇਸ ਨੂੰ ਗਿਆਨੀ ਜ਼ੈਲ ਸਿੰਘ ਵਰਗੇ ਵਿਅਕਤੀ ਦਾ ਆਸ਼ੀਰਵਾਦ ਪ੍ਰਾਪਤ ਸੀ। ਦੂਜੇ ਜਿਵੇਂ ਤਾਜ਼ੀ ਮਿਸਾਲ ਪੱਛਮੀ ਬੰਗਾਲ ਦੇ ਦਾਰਜੀਲਿੰਗ ਜ਼ਿਲੇ ਵਿਚ ਉਠੀ "ਗੋਰਖਾਲੈਂਡ" ਦੀ ਨਵੀਂ ਵਖਵਾਦੀ ਲਹਿਰ ਹੈ। ਜਿਸ ਨਾਲ ਪ: ਬੰਗਾਲ ਦੇ ਕਾਂਗਰਸੀ ਆਗੂ ਨੇੜੇ ਤੋਂ ਸੰਬੰਧਿਤ ਹਨ ਅਤੇ ਜਿਵੇਂ ਮੀਜ਼ੋਰਾਮ ਦੇ ਵੱਖਵਾਦੀ ਆਗੂ ਅਤੇ ਸਾਮਰਾਜੀਆਂ ਦੇ ਏਜੰਟ ਲਾਲਡੇਂਗਾ ਨਾਲ ਸਮਝੌਤਾ ਕਰਕੇ, ਉਸ ਨੂੰ ਚੁਣੀ ਹੋਈ ਸਰਕਾਰ ਦੀ ਥਾਂ ਬੈਠਾ ਦਿੱਤਾ ਹੈ।

ਇਸ ਤਰ੍ਹਾਂ ਇਹ ਵੱਖਵਾਦੀ ਟੋਲੇ ਲੋਕਾਂ ਦੀਆਂ ਦਰੁਸਤ ਸ਼ਕਾਇਤਾਂ ਨੂੰ ਭਟਕਾ ਕੇ, ਉਨ੍ਹਾਂ ਨੂੰ ਝਟਪਟ ਦਾ 'ਵਖਵਾਦੀ-ਨੁਸਖਾ' ਦਸਦੇ ਹਨ ਕਿ ਇਸ ਨਾਲ ਸਭ ਦੁਖ ਦੂਰ ਹੋ ਜਾਣਗੇ। ਪ੍ਰੰਤੂ ਪਹਿਲਾ ਕੰਮ ਤਾਂ ਉਹ ਲੋਕਾਂ ਨੂੰ ਧਰਮ ਦੇ ਆਧਾਰ ਉਤੇ ਜਾਂ ਬੋਲੀ ਦੇ ਆਧਾਰ ਉਪਰ ਵੰਡਦੇ ਹਨ। ਜਿਸ ਵੰਡ ਦਾ ਲਾਭ ਹਾਕਮ ਕਾਂਗਰਸ ਪਾਰਟੀ ਸੌਖਿਆਂ ਹੀ ਉਠਾ ਲੈਂਦੀ ਹੈ। ਜਿਵੇਂ ਪਿਛਲੀਆਂ ਲੋਕ ਸਭਾ ਦੀਆਂ ਚੋਣਾਂ ਸਮੇਂ ਹਾਕਮ ਕਾਂਗਰਸ ਪਾਰਟੀ ਨੇ ਅਤੇ ਉਸ ਦੇ ਆਗੂ ਸ੍ਰੀ ਰਾਜੀਵ ਗਾਂਧੀ ਨੇ ਇਹ ਪਰਚਾਰ ਜ਼ੋਰ ਸ਼ੋਰ ਨਾਲ ਕੀਤਾ ਕਿ ਦੇਸ਼ ਦੀ ਅਖੰਡਤਾ ਨੂੰ ਖਤਰਾ ਪੈਦਾ ਹੋ ਚੁਕਾ ਹੈ ਕਿ ਵਿਰੋਧੀ ਆਪੋਜ਼ੀਸ਼ਨ ਪਾਰਟੀਆਂ ਵੀ ਵੱਖਵਾਦੀਆਂ ਦੇ ਨਾਲ ਹਨ (ਜੋ ਕਿ ਕੋਰਾ ਝੂਠ ਸੀ) ਇਸ ਲਈ ਦੇਸ਼ ਦੀ ਏਕਤਾ ਦੀ ਰਾਖੀ ਲਈ ਕਾਂਗਰਸ ਨੂੰ ਵੋਟ ਦਿਓ।

ਲੋਕਾਂ ਦੇਸ਼ ਦੀ ਏਕਤਾ ਨੂੰ ਮੁੱਖ ਰੱਖਕੇ ਵੱਡੀ ਗਿਣਤੀ ਵਿਚ ਕਾਂਗਰਸ ਨੂੰ ਵੋਟ ਪਾਏ। ਪ੍ਰੰਤੂ ਅਮਲ ਵਿਚ ਕੀ ਹੋਇਆ। ਚੋਣਾਂ ਤੋਂ ਪਿਛੋਂ ਪੰਜਾਬ ਵਿਚ ਵੱਖਵਾਦੀਆਂ ਨੂੰ ਰਾਜਨੀਤਕ ਤੌਰ ਉਪਰ ਲੋਕਾਂ ਵਿਚੋਂ ਨਿਖੇੜਨ ਲਈ ਜੋ 'ਪੰਜਾਬ ਸਮਝੌਤਾ' ਕੀਤਾ ਗਿਆ ਸੀ, ਉਹ ਇਕ ਸਾਲ ਲੰਘਣ ਤੋਂ ਪਿਛੋਂ ਵੀ ਲਾਗੂ ਨਹੀਂ ਕੀਤਾ ਗਿਆ। ਜਿਸਦੇ ਕਾਰਨ ਸਮਝੌਤੇ ਦੇ ਹੋਂਦ ਵਿਚ ਆਉਣ ਦੇ ਕਾਰਨ ਲੋਕਾਂ 'ਚੋਂ ਨਿਖੜੇ ਹੋਏ ਵਖਵਾਦੀ-ਅਤਿਵਾਦੀ ਤੱਤ ਮੁੜ ਤੋਂ ਸਰਗਰਮ ਹੋ ਕੇ, ਬੇਗੁਨਾਹਾਂ ਦੇ ਕਤਲਾਂ ਦੀ ਮੁਹਿੰਮ ਸ਼ੁਰੂ ਕਰਕੇ ਆਪਣੇ ਨਿਸ਼ਾਨੇ ਦੀ ਪ੍ਰਾਪਤੀ ਵੱਲ ਵਧਣ ਲੱਗੇ ਕਿ ਪੰਜਾਬ ਵਿਚੋਂ ਡਰਦੇ ਮਾਰੇ ਕਈ ਹਿੰਦੂ ਪ੍ਰਵਾਰ ਪੰਜਾਬ ਛੱਡਣ ਲੱਗੇ। ਓਧਰ ਦਿੱਲੀ ਦੀਆਂ ਨਵੰਬਰ 1984 ਦੀਆਂ ਘਟਨਾਵਾਂ ਦੇ ਡਰ ਕਰਕੇ ਕੁਝ ਸਿੱਖ ਪੰਜਾਬ ਨੂੰ ਆਉਣ ਲੱਗੇ, ਬਾਕੀ ਇਸ ਬਾਰੇ ਸੋਚਣ ਲੱਗੇ ਹਨ।

ਅਜਿਹਾ ਤਦ ਹੀ ਸੰਭਵ ਹੋ ਸਕਿਆ ਕਿ ਕੇਂਦਰੀ ਸਰਕਾਰ ਨੂੰ ਹਰਿਆਣੇ ਵਿਚ ਆਪਣੇ ਰਾਜਸੀ ਹਿਤਾਂ ਦੀ ਰਾਖੀ ਲਈ ਪੰਜਾਬ ਸਮਝੌਤੇ ਨੂੰ ਅਮਲ ਵਿਚ ਨਾ ਲਿਆ ਕੇ, ਦੇਸ਼ ਦੀ ਅਖੰਡਤਾ ਦੇ ਵੱਡੇ ਹਿਤਾਂ ਨੂੰ ਅਣਦੇਖਿਆ ਕੀਤਾ ਹੈ।

ਸੋ ਅਜਿਹੀਆਂ ਨੀਤੀਆਂ ਹਨ, ਜਿਨ੍ਹਾਂ ਉਤੇ 1947 ਤੋਂ ਕਾਂਗਰਸ ਪਾਰਟੀ ਚਲਦੀ ਆਈ ਹੈ, ਜਿਸਦੇ ਸਿੱਟੇ ਵਜੋਂ ਵੱਖਵਾਦੀ ਟੋਲੇ ਪੈਦਾ ਹੋਣ ਵਿਚ ਇਹ ਨੀਤੀਆਂ ਸਹਾਇਕ ਸਿਧ ਹੋਈਆਂ ਹਨ।

ਸੂਬਿਆਂ ਨੂੰ ਵਧੇਰੇ ਅਧਿਕਾਰ

ਦੇਸ਼ ਦੇ ਸਾਰੇ ਸੂਬੇ ਇਹ ਜਮਹੂਰੀ ਮੰਗ ਕਰਦੇ ਆ ਰਹੇ ਹਨ ਕਿ ਉਨ੍ਹਾਂ ਨੂੰ ਵਧੇਰੇ ਅਧਿਕਾਰ ਦਿਤੇ ਜਾਣ ਤਾਂ ਜੋ ਕੇਂਦਰ ਨਾਲੋਂ ਵੱਖ ਵਿਚਾਰਾਂ ਦੀਆਂ

(ਬਾਕੀ ਪੰਨਾ 22 ਉਤੇ)

ਪੰਨਾ 21 ਦੀ ਬਾਕੀ

ਰਾਜਨੀਤਕ ਪਾਰਟੀਆਂ ਦੇ, ਸੂਬਿਆਂ ਵਿਚ ਰਾਜ ਸਤਾਂ ਵਿਚ ਆਉਣ ਦੀ ਹਾਲਤ ਵਿਚ ਉਹ ਆਪਣੇ ਆਰਥਕ ਪਰੋਗਰਾਮ ਅਮਲ ਵਿਚ ਲਿਆ ਸਕਣ। ਪ੍ਰੰਤੂ ਹਾਕਮ ਪਾਰਟੀ ਨੇ ਪਹਿਲਾਂ ਤਾਂ ਇਹ ਮੰਗ ਅਣਸੁਣੀ ਹੀ ਕਰ ਦਿੱਤੀ। ਫੇਰ ਜਦੋਂ ਪੱਛਮੀ ਬੰਗਾਲ ਦੀ ਖਬਾ ਮੋਰਚਾ ਸਰਕਾਰ ਨੇ ਬੜੀ ਮਿਹਨਤ ਨਾਲ ਇਕ ਮੈਮੋਰੰਡਮ ਕੇਂਦਰ ਸਰਕਾਰ ਨੂੰ ਪੇਸ਼ ਕੀਤਾ, ਜੋ ਕਿ ਵਿਰੋਧੀ ਪਾਰਟੀਆਂ ਦੀਆਂ ਕਾਨਫਰੰਸਾਂ ਵਿਚ ਵੀ ਸਾਂਝੇ ਤੌਰ ਉਪਰ ਵਿਚਾਰਿਆ ਗਿਆ ਅਤੇ ਦੇਸ਼ ਭਰ ਵਿਚ ਉਸ ਦੀ ਬੜੀ ਚਰਚਾ ਹੋਈ। ਦੂਜੇ ਪੰਜਾਬ ਵਿਚ ਅਕਾਲੀ ਮੋਰਚੇ ਦੀ ਮੰਗ ਕਾਰਨ, ਕੇਂਦਰੀ ਸਰਕਾਰ ਨੇ ਇਕ 'ਸਰਕਾਰੀਆ ਕਮਿਸ਼ਨ' ਰਾਜਾਂ ਨੂੰ ਵੱਧ ਅਧਿਕਾਰਾਂ ਬਾਰੇ ਜਾਂਚ ਕਰਨ ਲਈ ਬੈਠਾਇਆ ਉਸਦੀਆਂ ਕਈ ਮੀਟਿੰਗਾਂ ਵੀ ਹੋਈਆਂ ਪ੍ਰੰਤੂ ਪਤਾ ਨਹੀਂ ਹੁਣ ਉਹ ਕਿਹੜੇ ਖੂੰਜੇ ਸੁਟਿਆ ਗਿਆ ਹੈ।

ਅਸਲ ਵਿਚ ਕੇਂਦਰ ਸਰਕਾਰ ਸੂਬਿਆਂ ਨੂੰ ਵਧੇਰੇ ਅਧਿਕਾਰ ਦੇਣਾ ਹੀ ਨਹੀਂ ਚਾਹੁੰਦੀ। ਇਸਦੇ ਦੋ ਕਾਰਨ ਇਸ ਵੇਲੇ ਨੋਟ ਕੀਤੇ ਜਾ ਸਕਦੇ ਹਨ

(ੳ) ਇਸ ਨਾਲ ਭਾਰਤ ਦੀ ਵੱਡੀ ਸਰਮਾਏਦਾਰੀ ਨੂੰ ਲੁੱਟ ਕਰਨ ਵਿਚ ਵਿਘਨ ਪਵੇਗਾ। ਹੁਣ ਤਾਂ ਉਹ ਕੇਂਦਰੀ ਸਰਕਾਰ ਤੋਂ ਸਭੇ ਸਨਅਤੀ ਲਾਈਸੈਂਸ ਅਤੇ ਰਿਆਇਤਾਂ ਪ੍ਰਾਪਤ ਕਰ ਲੈਂਦੇ ਹਨ ਫਿਰ ਉਨ੍ਹਾਂ ਨੂੰ ਹਰ ਸੂਬੇ ਵਿਚ ਸੰਬੰਧਿਤ ਸਰਕਾਰ ਤੇ ਨਿਰਭਰ ਹੋਣਾ ਪਵੇਗਾ।

(ਅ) ਹਾਕਮ ਕਾਂਗਰਸ ਪਾਰਟੀ ਦੀ ਰਾਜਨੀਤਕ ਸ਼ਕਤੀ ਸੀਮਤ ਹੋ ਜਾਵੇਗੀ। ਜਿਵੇਂ ਕਿ ਅਜ ਦੀ ਕਾਂਗਰਸ ਦਾ ਕੋਈ ਜਮਹੂਰੀ ਜਥੇਬੰਦਕ ਰੂਪ ਨਹੀਂ ਹੈ। ਪਿਛਲੇ ਸੋਲਾਂ ਸਾਲਾਂ ਤੋਂ ਕਦੀ ਮੈਂਬਰਸ਼ਿਪ ਨਹੀਂ ਹੋਈ, ਨਾ ਹੀ ਕਦੀ ਕਾਂਗਰਸ ਪਾਰਟੀ ਦੀਆਂ ਜਥੇਬੰਦਕ ਚੋਣਾਂ ਹੀ ਹੋਈਆਂ ਹਨ। ਰਾਜ ਸੱਤਾ ਹੱਥ ਵਿਚ ਹੋਣ ਕਾਰਨ ਪਹਿਲਾਂ ਮਰਹੂਮ ਪ੍ਰਧਾਨ ਮੰਤਰੀ ਇੰਦਰਾ ਗਾਂਧੀ, ਹੁਣ ਸ੍ਰੀ ਰਾਜੀਵ ਗਾਂਧੀ ਜਿਸ ਨੂੰ ਮਰਜ਼ੀ ਪ੍ਰਧਾਨ, ਮੀਤ ਪ੍ਰਧਾਨ, ਜਨਰਲ ਸਕੱਤਰ ਅਤੇ ਇਸੇ ਤਰ੍ਹਾਂ ਸੂਬਿਆਂ ਦੇ ਪ੍ਰਧਾਨ - ਸਕੱਤਰ ਨਾਮਜ਼ਦ ਕਰ ਦਿੰਦਾ ਹੈ।

ਜਦੋਂ ਰਾਜ ਸੱਤਾ ਕੇਂਦਰ ਦੇ ਹੱਥੋਂ ਨਿਕਲ ਕੇ ਸੂਬਿਆਂ ਵਿਚ ਚਲੀ ਜਾਵੇਗੀ ਤਾਂ ਉਸ ਦਿਨ ਕਾਂਗਰਸ ਮੁੜਕੇ ਨਾ ਕਿਸੇ ਸੂਬੇ ਵਿਚ ਅਤੇ ਨਾ ਹੀ ਕੇਂਦਰ ਵਿਚ ਰਾਜ ਸੱਤਾ ਵਿਚ ਆਉਣ ਦੀ ਆਸ ਰੱਖ ਸਕਦੀ ਹੈ।

ਇਸ ਲਈ ਇਸ ਜਮਹੂਰੀ ਮੰਗ ਨੂੰ ਆਈ-ਗਈ ਕਰਨ ਲਈ ਵੀ ਵੱਖਵਾਦੀ ਲਹਿਰਾਂ ਦਾ ਵਾਤਾਵਰਣ ਉਸਾਰਨ ਵਿਚ ਚੇਤੰਨ ਤੌਰ ਉਤੇ ਕੇਂਦਰ ਦੀ ਹਾਕਮ ਪਾਰਟੀ ਪੋਜ਼ੀਸ਼ਨ ਲਈ ਬੈਠੀ ਹੈ।

ਵੱਖਵਾਦੀ ਫਿਰਕੂ ਲਹਿਰਾਂ ਵਿਰੁਧ ਆਵਾਜ਼

ਦੇਸ਼ ਭਰ ਵਿਚ ਉਠੀਆਂ ਵੱਖਵਾਦੀ-ਫਿਰਕੂ ਲਹਿਰਾਂ ਵਿਰੁਧ, ਸੀ. ਪੀ. ਆਈ. (ਮ) ਅਤੇ ਹੋਰ ਖਬੀਆਂ ਪਾਰਟੀਆਂ ਤੋਂ ਬਿਨਾ ਕਿਸੇ ਹੋਰ ਦੂਜੀ ਪਾਰਟੀ ਨੇ ਡਟਕੇ ਸਟੈਂਡ ਨਹੀਂ ਲਿਆ। ਨਾ ਹੀ ਇਸ ਦੇਸ਼ ਵਿਰੋਧੀ ਲਹਿਰਾਂ ਦੇ ਸੰਬੰਧ ਵਿਚ ਲੋਕਾਂ ਵਿਚ ਸਿਧਾਂਤਕ - ਰਾਜਨੀਤਕ ਪਰਚਾਰ ਹੀ ਕੀਤਾ। ਕੇਂਦਰ ਸਰਕਾਰ ਨੇ ਅਤੇ ਉਸ ਦੀ ਹਾਕਮ ਪਾਰਟੀ ਨੇ ਤਾਂ ਸਿਰਫ ਇਨ੍ਹਾਂ ਲਹਿਰਾਂ ਨੂੰ ਆਪਣੇ ਮਨੋਰਥ ਲਈ ਵਰਤਿਆ ਜਾਂ ਫਿਰ ਜੇ ਉਹ ਇਨ੍ਹਾਂ ਦੇ ਹੱਥੋਂ ਨਿਕਲ ਕੇ, ਸਾਮਰਾਜ ਦੇ ਹੱਥਾਂ ਵਿਚ ਚਲੀਆਂ ਗਈ ਤਦ ਹੀ ਇਨ੍ਹਾਂ ਨੇ ਕੁਝ ਪ੍ਰਬੰਧਕੀ ਕਦਮ ਚੁਕੇ ਜਾਂ ਫਿਰ ਉਨ੍ਹਾਂ ਨਾਲ ਆਪਣੇ ਰਾਜਸੀ ਸੁਆਰਥਾਂ ਨੂੰ ਪੂਰਨ ਵਾਲੇ ਸਮਝੌਤੇ ਕੀਤੇ ਜਿਵੇਂ ਕਿ ਅਸਾਮ ਅਤੇ ਮੀਜ਼ੋਲੈਂਡ ਵਿਚ ਕੀਤਾ ਗਿਆ ਹੈ।

ਇਨ੍ਹਾਂ ਵੱਖਵਾਦੀ ਲਹਿਰਾਂ ਵਿਰੁਧ ਦਰਿੜਤਾ ਨਾਲ ਸਟੈਂਡ ਸਿਰਫ ਦੇਸ਼ ਦੀ ਲੋਕ-ਜਮਹੂਰੀ ਲਹਿਰ ਨੇ ਹੀ ਲਿਆ ਹੈ, ਜਿਸ ਦੇ ਵਿਕਾਸ ਵਿਚ ਇਹ ਵਖਵਾਦੀ ਲਹਿਰਾਂ ਅਤੇ ਕੇਂਦਰ ਸਰਕਾਰ ਖੁਦ ਅੜਿਕੇ ਪੈਦਾ ਕਰ ਰਹੇ ਹਨ। ਪੰਜਾਬ ਵਿਚ ਸੀ. ਪੀ. ਆਈ. (ਮ) ਅਤੇ ਸੀ. ਪੀ. ਆਈ ਨੇ ਸਾਂਝੇ ਤੌਰ ਉਪਰ ਬਾਕਾਇਦਾ ਮੁਹਿੰਮਾਂ ਚਲਾਈਆਂ ਫਿਰਕੂ ਸਦਭਾਵਨਾ ਲਈ ਜਸਲੇ ਕੀਤੇ। ਪਿੰਡ ਪਿੰਡ ਝੰਡਾ ਮਾਰਚ ਕੀਤੇ। ਫਿਰਕੂ ਸਦਭਾਵਨਾ ਵਾਲੇ ਕਵੀ ਦਰਬਾਰ - ਡਰਾਮੇਂ ਆਦਿ ਕੀਤੇ। ਭਾਵੇਂ ਕਿ ਫਿਰਕੂ ਹਤਿਆਰੇ ਬੇਕਿਰਤੀ ਨਾਲ ਬੇਗੁਨਾਹ ਲੋਕਾਂ ਦੇ ਕਤਲ ਕਰਦੇ ਰਹੇ। ਪਰ ਇਨ੍ਹਾਂ ਮਜ਼ਦੂਰਾਂ - ਕਿਸਾਨਾਂ ਦੇ ਹਿਤਾਂ ਦੀ ਰਾਖੀ ਲਈ ਫਿਰਕੂ ਸਦਭਾਵਨਾ ਲਈ ਹਿੱਟ ਲਿਸਟਾਂ ਅਤੇ ਮੌਤ ਦੀਆਂ ਚਿਠੀਆਂ ਦੀ ਪਰਵਾਹ ਨਾ ਕਰਦਿਆਂ ਆਪਣੇ ਕੰਮ ਨੂੰ ਜਾਰੀ ਰੱਖਿਆ ਕਈ ਲੇਖਕਾਂ, ਵਰਕਰਾਂ ਅਤੇ ਆਗੂਆਂ ਨੇ ਇਸ ਕਾਜ ਲਈ ਕੰਮ ਕਰਦਿਆਂ ਜਾਨਾਂ ਵੀ ਦੇ ਦਿਤੀਆਂ, ਜਿਵੇਂ ਕਿ ਸੁਮੀਤ ਸਿੰਘ, ਅਰਜਨ ਸਿੰਘ ਮਸਤਾਨਾ ਆਦਿ।

ਵੱਖਵਾਦੀਆਂ ਦੇ ਔਰੰਗਜ਼ੇਬੀ-ਜ਼ੁਲਮ ਦੇ ਵਿਰੁਧ ਜੇ ਕਰ ਇਹ ਲੋਕ ਜਮਹੂਰੀ ਲਹਿਰ ਪੰਜਾਬ ਵਿਚ ਨਾਲੋਂ ਨਾਲ ਸਰਗਰਮ ਨਾ ਹੁੰਦੀ ਤਾਂ ਹੁਣ ਨੂੰ ਪੰਜਾਬ ਵਿਚ ਫਿਰਕੂ ਫਸਾਦਾਂ ਤੋਂ ਕੋਈ ਵੀ ਪਿੰਡ-ਸ਼ਹਿਰ ਬਚਿਆ ਨਾ ਹੁੰਦਾ। ਜਿਹੜੇ ਕੁਝ ਮਾਅਰਕੇਬਾਜ਼ ਖਬੂ-ਰੁਮਾਸਵਾਦੀ ਖਬੀ ਲਹਿਰ ਉਪਰ ਇਲਜ਼ਾਮ ਲਾਉਂਦੇ ਹਨ ਕਿ ਉਨ੍ਹਾਂ ਨੇ ਭਾਰਤ ਵਿਚ ਕੁਝ ਨਹੀਂ ਕੀਤਾ ਉਨ੍ਹਾਂ ਨੂੰ ਆਪਣੇ ਆਪ ਤੋਂ ਇਹ ਸਵਾਲ ਪੁਛਣਾ ਚਾਹੀਦਾ ਹੈ ਕੀ ਉਹ ਆਪਣੇ ਆਪ ਨੂੰ ਖਬੀ ਲਹਿਰ ਦਾ ਅੰਗ ਸਮਝਦੇ ਹਨ? ਜੇ ਸਮਝਦੇ ਹਨ ਤਾਂ ਉਨ੍ਹਾਂ ਕੁਝ ਨਹੀਂ ਕੀਤਾ ਹੈ, ਜੇ ਨਹੀਂ ਸਮਝਦੇ ਤਾਂ ਉਨ੍ਹਾਂ ਲਈ ਇਲਜ਼ਾਮਤਰਾਸ਼ੀ ਕਰਕੇ ਜ਼ਿਹਨੀ ਸਕੂਨ ਪ੍ਰਾਪਤ ਕਰਨ ਦਾ ਇਹ ਨੰਪੁਸਕ ਢੰਗ ਹੀ ਕਿਹਾ ਜਾ ਸਕਦਾ ਹੈ।

ਹੁਣ 9 ਅਗਸਤ ਤੋਂ 15 ਅਗਸਤ ਤੱਕ ਸੀ. ਪੀ. ਆਈ. (ਐਮ) ਨੇ ਦੇਸ਼ ਭਰ ਵਿਚ ਵੱਖਵਾਦ ਅਤੇ ਫਿਰਕੂਪੁਣੇ ਵਿਰੁੱਧ ਹਫਤਾ ਮਨਾਉਣ ਦਾ ਐਲਾਨ ਕੀਤਾ ਹੈ। ਇਸ ਸਮੇਂ ਦੌਰਾਨ ਦੇਸ਼ ਭਰ ਵਿਚ ਹਜ਼ਾਰਾਂ ਹੀ ਜਲਸੇ, ਜਲੂਸ, ਸੈਮੀਨਾਰ, ਝੰਡਾ ਮਾਰਚ ਅਤੇ ਮਜ਼ਦੂਰਾਂ, ਕਿਸਾਨਾਂ, ਮੁਲਾਜ਼ਮਾਂ, ਵਿਦਿਆਰਥੀਆਂ, ਨੌਜੁਆਨਾਂ, ਇਸਤਰੀਆਂ, ਲੇਖਕਾਂ ਆਦਿ ਦੇ ਸਮਾਰੋਹ ਕੀਤੇ ਜਾਣਗੇ ਜਿਸ ਵਿਚ ਕਾਂਗਰਸ ਸਰਕਾਰ ਦੀਆਂ ਲੋਕ ਵਿਰੋਧੀ ਨੀਤੀਆਂ ਦੇ ਉਪਰ ਵੀ ਵਿਚਾਰ ਵਟਾਂਦਰੇ ਕੀਤੇ ਜਾਣਗੇ ਜਿਨ੍ਹਾਂ ਨੇ ਇਹ ਵੱਖਵਾਦੀ-ਫਿਰਕੂ ਵਾਤਾਵਰਨ ਪੈਦਾ ਹੋਣ ਵਿਚ ਸਹਾਇਤਾ ਕੀਤੀ ਹੈ ਅਤੇ ਲੋਕਾਂ ਨੂੰ ਮੁਸ਼ਕਲਾਂ ਦੇ ਝੱਖੜਾਂ ਵਿਚ ਫਸਾ ਦਿਤਾ ਹੈ।

ਸਾਮਰਾਜੀ ਸਾਜ਼ਸ਼

ਭਾਰਤ ਵਿਚ ਅਜੋਕੇ ਵਾਤਾਵਰਨ ਨੂੰ ਪੈਦਾ ਕਰਨ ਵਿਚ ਜਿਥੇ ਕੇਂਦਰੀ ਕਾਂਗਰਸ ਸਰਕਾਰ ਨੇ ਹਿਸਾ ਪਾਇਆ ਹੈ ਉਥੇ ਇਸ ਤੋਂ ਲਾਭ ਉਠਾ ਕੇ ਅਤੇ ਗਿਣੀਮਿਣੀ ਸਾਜ਼ਸ਼ ਦੇ ਹੇਠ, ਸਾਮਰਾਜੀ ਦੇਸ਼ਾਂ ਖਾਸ ਕਰਕੇ ਅਮਰੀਕਾ ਨੇ ਅਸਥਿਰਤਾ ਪੈਦਾ ਕਰਨ ਲਈ ਸਭ ਕੁਝ ਕੀਤਾ ਹੈ। ਉਸ ਨੇ ਪਹਿਲਾਂ ਨਾਗਾਲੈਂਡ ਵਿਚ, ਫਿਰ ਮੀਜ਼ੋਰਾਮ ਵਿਚ, ਫਿਰ ਆਸਾਮ ਵਿਚ, ਫਿਰ ਪੰਜਾਬ ਵਿਚ, ਹੁਣ ਪੱਛਮੀ ਬੰਗਾਲ ਦੇ ਦਾਰਜੀਲਿੰਗ ਜ਼ਿਲੇ ਵਿਚ ਗੋਰਖਾਲੈਂਡ ਦੇ ਨਾਂ ਹੇਠਾਂ ਵੱਖਵਾਦੀਆਂ ਨੂੰ ਭਾਰਤ ਅੰਦਰ ਅਤੇ ਪਾਕਿਸਤਾਨ ਤੇ ਬੰਗਲਾ ਦੇਸ਼ ਵਿਚੋਂ ਆਪਣੀਆਂ ਪਿਠੂ ਸਰਕਾਰਾਂ ਰਾਹੀਂ ਟਰੇਨਿੰਗਾਂ ਦੁਆ ਕੇ ਸਭ ਕੁਝ ਕੀਤਾ ਹੈ। ਇਹੋ ਹੀ ਨਹੀਂ ਬਦੇਸ਼ਾਂ ਵਿਚ ਵੀ ਵਖਵਾਦੀ ਲਹਿਰਾਂ ਨੂੰ ਹਰ ਤਰ੍ਹਾਂ ਦੀ ਸਹਾਇਤਾ ਦਿਤੀ ਹੈ।

ਇਹੋ ਹੀ ਨਹੀਂ ਸੀ. ਆਈ. ਏ. ਨੇ ਭਾਰਤ ਦੀਆਂ ਫੌਜਾਂ ਵਿਚ ਵੀ ਆਪਣੇ ਸੈੱਲ ਬਣਾ ਲਏ ਹਨ, ਪ੍ਰਧਾਨ ਮੰਤਰੀ ਦੇ ਦਫਤਰਾਂ ਵਿਚ ਕੰਮ ਕਰਨ ਵਾਲੇ ਅਤੇ ਹੋਰ ਉਚ ਅਧਿਕਾਰੀ ਉਸ ਨੇ ਖਰੀਦ ਕੇ ਇਨ੍ਹਾਂ ਵੱਖਵਾਦੀ ਲਹਿਰਾਂ ਨੂੰ ਹੋਰ ਵਧਣ ਫੁਲਣ ਵਿਚ ਹਿਸਾ ਪਾਇਆ ਹੈ। ਜੋ ਕੁਝ ਉਚ ਅਧਿਕਾਰੀ ਗ੍ਰਿਫਤਾਰ ਕੀਤੇ ਗਏ ਸਨ ਕੀ ਉਨ੍ਹਾਂ ਤੋਂ ਬਿਨਾਂ ਹੋਰ ਸਾਮਰਾਜੀਆਂ ਲਈ ਜਾਸੂਸੀ ਕਰਨ ਵਾਲੇ ਮੁੱਕ ਗਏ ਹਨ? ਜ਼ਰਾ ਉਨ੍ਹਾਂ ਲੋਕਾਂ ਵੱਲ ਧਿਆਨ ਕਰਕੇ ਦੇਖੋ ਜੋ ਖਾਲਿਸਤਾਨ ਨੂੰ ਅਮਰੀਕਾ ਦੀ ਹਿਮਾਇਤ ਦੀਆਂ ਖੁਲੀਆਂ ਗੱਲਾਂ ਕਰ ਰਹੇ ਹਨ।

ਸੋ ਭਾਰਤ ਦੀ ਸੁਤੰਤਰਤਾ ਨੂੰ ਖਤਮ ਕਰਨ ਲਈ ਅਤੇ ਭਾਰਤ ਦੇ ਟੁਕੜੇ ਟੁਕੜੇ ਕਰਕੇ ਉਨ੍ਹਾਂ ਨੂੰ ਆਪਣੇ ਕਬਜ਼ੇ ਵਿਚ ਕਰਨ ਲਈ ਸਾਮਰਾਜੀ ਪੂਰੀ ਤਰ੍ਹਾਂ ਸਰਗਰਮ ਹਨ। ਉਹ ਵਖਵਾਦੀਆਂ ਦੀਆਂ ਇਨ੍ਹਾਂ ਦਿਨਾਂ ਵਿਚ ਹਾਰਾਂ ਸੰਬੰਧੀ ਲੋਕਾਂ ਵਿਚ ਭੁਲੇਖੇ ਪਾਉਣ ਲਈ ਵੱਡੇ ਤੋਂ ਵੱਡੇ ਐਕਸ਼ਨ ਵੀ ਕਰ ਸਕਦੇ ਹਨ। ਉਹ ਵਖਵਾਦੀਆਂ ਵਲੋਂ ਨਹੀਂ ਸਗੋਂ ਸਾਮਰਾਜੀ ਏਜੰਸੀਆਂ ਦੇ ਹੋਰਨਾਂ ਖਰੀਦੇ ਹੋਏ ਏਜੰਟਾਂ ਵਲੋਂ, ਵੱਖਵਾਦੀਆਂ ਦੇ ਨਾਂ ਉਪਰ ਕੀਤੇ ਜਾ ਸਕਦੇ ਹਨ।

ਅੱਜ ਭਾਰਤ ਦੇ ਮਿਹਨਤੀ ਲੋਕ ਅਤੇ ਉਥੋਂ ਦੀਆਂ ਦੇਸ਼ ਭਗਤ ਲੋਕ ਜਮਹੂਰੀ ਤਾਕਤਾਂ ਸਾਮਰਾਜੀਆਂ ਦੀਆਂ ਸਾਜ਼ਸ਼ਾਂ ਨੂੰ ਹਾਰ ਦੇਣ ਦੇ ਨਾਲ ਨਾਲ ਵਖਵਾਦੀ-ਫਿਰਕੂ ਟੋਲਿਆਂ ਵਿਰੁੱਧ ਲੋਕਾਂ ਨੂੰ ਲਾਮਬੰਦ ਕਰਕੇ, ਉਨ੍ਹਾਂ ਵਿਚ ਏਕਤਾ ਉਸਾਰਨ ਦੇ ਰਤਨ ਕਰ ਰਹੇ ਹਨ ਤਾਂ ਜੋ ਪਿਛਲੇ ਚਾਲੀ ਸਾਲਾਂ ਤੋਂ ਦੇਸ਼ ਦੇ ਲੋਕਾਂ ਦੀ ਲੁਟ ਖਸੁੱਟ ਕਰ ਰਹੀਆਂ ਜਾਗੀਰੂ - ਪੂੰਜੀਵਾਦੀ ਹਾਕਮ ਜਮਾਤਾਂ ਨੂੰ ਹਾਰ ਦੇ ਕੇ ਲੋਕ ਜਮਹੂਰੀ ਭਾਰਤ ਦੀ ਸਿਰਜਨਾ ਕੀਤੀ ਜਾ ਸਕੇ।

ਅਸੀਂ ਜੋ ਭਾਰਤ ਨਾਲ ਭਾਵਕ ਤੌਰ ਉਪਰ ਜੁੜੇ ਹੋਏ ਹਾਂ ਅਤੇ ਜੋ ਗ਼ਦਰੀ ਅਤੇ ਬਬਰ ਸੂਰਮਿਆਂ ਦੇ ਦਿਨਾਂ ਦੀਆਂ ਯਾਦਾਂ ਹਰ ਸਾਲ ਮਨਾਉਂਦੇ ਹਾਂ, ਤਾਂ ਸਾਨੂੰ ਉਨ੍ਹਾਂ ਬਾਬਿਆਂ ਦਾ ਇਹੋ ਸੰਦੇਸ਼ ਮਨ ਵਿਚ ਵਸਾਉਣਾ ਚਾਹੀਦਾ ਹੈ ਕਿ ਲੋਕਾਂ ਵਿਚ ਧਰਮ ਅਤੇ ਬੋਲੀ ਦੇ ਨਾਂ ਉਪਰ ਵਿਤਕਰੇ ਪਾਉਣ ਵਾਲੇ ਲੋਕਾਂ ਨੂੰ ਮੂੰਹ ਨਾ ਲਾਈਏ। ਆਪੋ ਆਪਣੇ ਥਾਵੀਂ ਧਰਮ ਵਿਚ ਵਿਸ਼ਵਾਸ਼ ਰਖਦੇ ਹੋਏ, ਸਾਂਝੇ ਦੁਸ਼ਮਣ ਨੂੰ ਹਾਰ ਦੇਣ ਲਈ ਏਕਤਾ ਉਸਾਰੀਏ।

ਦੇਸ਼ ਭਗਤ ਬਬਰਾਂ ਅਤੇ ਗ਼ਦਰੀਆਂ ਕਿਸੇ ਇਕ ਫਿਰਕੇ ਲਈ ਜਾਨਾਂ ਨਹੀਂ ਕੁਰਬਾਨ ਕੀਤੀਆਂ ਸਨ, ਉਨ੍ਹਾਂ ਸਮੁੱਚੇ ਦੇਸ਼ ਲਈ ਕੁਰਬਾਨੀਆਂ ਕੀਤੀਆਂ ਸਨ। ਜੋ ਅੱਜ ਉਨ੍ਹਾਂ ਦੇਸ਼ ਭਗਤਾਂ ਨੂੰ ਇਕ ਫਿਰਕੇ ਦੇ ਪਿੰਜਰੇ ਵਿਚ ਬੰਦ ਕਰਨਾ ਚਾਹੁੰਦੇ ਹਨ ਉਹ ਖੁਦ ਆਪਣੇ ਕੱਟੜਪੰਥੀ ਸਿਧਾਂਤਾਂ ਵਿਚ ਕੈਦ ਹੋ ਕੇ ਲੋਕਾਂ ਵਿਚੋਂ ਦਿਨੋਂ ਦਿਨ ਨਿਖੜ ਰਹੇ ਹਨ।

■ ਜਿਸ ਕਦੀ ਕੋਈ ਨੁਵਾਂ ਮਿੱਤਰ ਨਹੀਂ ਬਣਾਇਆ, ਮਾਨੋ ਉਸ ਜ਼ਿੰਦਗੀ ਦੇ ਹੁਨਰ ਨੂੰ ਗੁਆ ਲਿਆ ਹੈ।

ਗ਼ਦਰ ਦੀ ਕਹਾਣੀ ਚਰਨ ਸਿੰਘ ਪਢਾਣਾ ਦੀ ਜ਼ਬਾਨੀ

ਮੈਂ ਚਰਨ ਸਿੰਘ ਪਢਾਣਾ ਇਹ ਨੋਟ ਲਿਖਾਉਣ ਲੱਗਾ ਹਾਂ। ਮੈਂ ਚੀਨ ਵਿਚ 1907 ਵਿਚ ਆਇਆ ਸੀ ਤੇ ਉਦੋਂ ਮੇਰੀ ਉਮਰ 18 ਸਾਲ ਦੀ ਸੀ। ਮੈਂ ਵਾਚਮੈਨ ਦਾ ਕੰਮ ਸ਼ੁਰੂ ਕੀਤਾ। ਉਥੇ ਮੇਰੇ ਦੋ ਮਾਮੇ ਅਤੇ ਇਕ ਚਾਚਾ ਪਹਿਲਾਂ ਹੀ ਰਹਿੰਦੇ ਸਨ ਮੈਨੂੰ ਕੰਮ ਆਉਂਦੇ ਨੂੰ ਹੀ ਮਿਲ ਗਿਆ ਸੀ। ਮੈਨੂੰ ਨਾ ਹੀ ਉਥੇ ਦੀ ਬੋਲੀ ਆਉਂਦੀ ਸੀ ਤੇ ਨਾ ਹੀ ਪੜ੍ਹਣਾ ਲਿਖਣਾ ਆਉਂਦਾ ਸੀ। ਇਕ ਦਿਨ ਆਪਣੇ ਕੰਮ ਤੋਂ ਵਿਹਲਾ ਹੋ ਕੇ ਪੁਲੀਸ ਸਟੇਸ਼ਨ ਤੇ ਚਲਾ ਗਿਆ। ਉਥੇ ਮੇਰਾ ਮਾਮਾ ਕੰਮ ਕਰਦਾ ਸੀ ਉਨ੍ਹਾਂ ਨੇ ਉਥੇ ਲਿਖਕੇ ਲਾਇਆ ਹੋਇਆ ਸੀ ਕਿ ਕੋਈ ਅੰਦਰ ਨਹੀਂ ਆ ਸਕਦਾ। ਮੈਂ ਅੰਦਰ ਚਲਾ ਗਿਆ। ਉਥੇ ਬਰਟ ਨਾਮ ਦਾ ਗੋਰਾ ਪੁਲਸ ਅਫਸਰ ਸੀ। ਉਸਨੇ ਮੇਰੇ ਠੁੱਡ ਮਾਰਿਆ। ਮੇਰਾ ਮਨ ਬੜਾ ਖਰਾਬ ਹੋਇਆ ਤੇ ਮੈਂ ਬਾਹਰ ਨੂੰ ਆ ਗਿਆ। ਸੜਕ ਤੇ ਮੈਨੂੰ ਨਿਧਾਨ ਸਿੰਘ ਚੁੱਘਾ ਮਿਲਿਆ ਤੇ ਮੈਂ ਦੱਸਿਆ ਕਿ ਐਸ ਗੋਰੇ ਨੇ ਮੇਰੇ ਠੁੱਡ ਮਾਰਿਆ ਤਾਂ ਉਸ ਨੇ ਇਹੀ ਗੱਲ ਆਖੀ ਕਿ ਗੁਲਾਮਾਂ ਦੇ ਇਸੇ ਤਰ੍ਹਾਂ ਵੱਜਦੀ ਹੁੰਦੀ ਹੈ। ਬਰਟ ਦਾ ਸਾਰੀ ਪੁਲੀਸ ਵਿਚ ਬਹੁਤ ਬੋਲਬਾਲਾ ਸੀ। ਬਰਟ ਦੀ ਕਰਤੂਤ ਦਾ ਮੇਰੇ ਮਨ ਤੇ ਬਹੁਤ ਅਸਰ ਪਿਆ। ਇਸੇ ਗੱਲ ਤੋਂ ਮੇਰੇ ਮਨ ਵਿਚ ਗੋਰੇ ਰਾਜ ਲਈ ਨਫਰਤ ਹੋ ਗਈ। ਨਫਰਤ ਵੀ ਐਨੀ ਹੋਈ ਕਿ ਮੈਂ ਆ ਕੇ ਵੀ ਆਪਣੇ ਸਭ ਮਿੱਤਰਾਂ ਨਾਲ ਗੱਲ ਕੀਤੀ। ਪਾਰਟੀ ਬਰਟ ਨੂੰ ਮਾਰਨ ਲਈ ਸਲਾਹ ਕਰ ਹੀ ਚੁੱਕੀ ਸੀ ਪਰ ਉਹ ਛੇਤੀ ਹੀ ਬਦਲਕੇ ਕਿਧਰੇ ਲਾਂਭੇ ਹੋ ਗਿਆ। ਨਹੀਂ ਤਾਂ ਪਾਰਟੀ ਤੋਂ ਬਚਕੇ ਨਾ ਨਿਕਲਦਾ। ਇਸ ਨਾਲ ਮੇਰੇ ਮਨ ਵਿਚ ਲਗਨ ਸ਼ੁਰੂ ਹੋਈ।

ਮੈਂ ਨਿਰੰਜਨ ਸਿੰਘ ਨੂੰ 1917 ਦੇ ਸ਼ੁਰੂ ਵਿਚ ਸੈਕਰਾਮੈਂਟੋ ਦੇ ਸ਼ਹਿਰ ਇਕ ਮੀਟਿੰਗ ਵਿਚ ਮਿਲਿਆ। ਇਸਦੇ ਨਾਲ ਚੂਹੜ ਸਿੰਘ ਪਾਲਦੀ ਵਾਲਾ ਸੀ। ਉਸ ਵੇਲੇ ਇਹ ਲੂਮਸ ਸ਼ਹਿਰ, ਜੋ ਯੂਬਾ ਸਿਟੀ ਤੇ ਸੈਂਕਰਾਮੈਂਟੋ ਦੇ ਵਿਚਾਲੇ ਹੈ, ਵਿਚ ਰਹਿੰਦਾ ਸੀ। ਨਿਰੰਜਨ ਸਿੰਘ, ਚੂਹੜ ਸਿੰਘ ਤੇ ਸ਼ਾਮ ਸਿੰਘ ਖੇੜਾ ਇਹ ਤਿੰਨ ਸਾਂਝੀ ਸਨ। ਇਹ ਚੈਰੀ, ਪੀਚਸ, ਐਪਰੀਕੋਟ ਤੇ ਨਾਖਾਂ ਆਦਿ ਦੇ ਫਲ ਉਗਾਉਂਦੇ ਸਨ। ਫੇਰ ਇਨ੍ਹਾਂ ਸੈਕਰਾਮੈਂਟੋ ਮੁੰਜੀ ਦੀ ਫਸਲ ਬੀਜੀ। ਭਾਅ ਐਨਾ ਡਿਗ ਪਿਆ ਕਿ ਇਨ੍ਹਾਂ ਨੂੰ ਕੋਈ ਪੈਸਾ ਨਾ ਬਣਿਆ। ਉਸ ਵੇਲੇ ਇਨ੍ਹਾਂ ਨੂੰ ਦਲੀਪ ਸਿੰਘ ਫਾਹਲਾਂ ਤੇ ਰਤਨ ਸਿੰਘ ਡੱਬਾ ਆਦਿ ਤਕਰੀਬਨ ਸਾਰੀਆਂ ਮੀਟਿੰਗਾਂ ਵਿਚ ਆਉਂਦਾ ਤੇ ਪਾਰਟੀ ਨੂੰ ਇਸ ਉਤੇ ਭਰੋਸਾ ਹੋ ਗਿਆ ਕਿ ਇਹ ਆਦਮੀ ਆਪਣੀ ਜ਼ੁੰਮੇਂਵਾਰੀ ਚੰਗੀ ਤਰ੍ਹਾਂ ਨਿਭਾ ਸਕਦਾ ਹੈ।

ਫੇਰ ਯੂਬਾ ਸਿਟੀ ਦੀ ਇਕ ਮੀਟਿੰਗ ਵਿਚ ਨਿਰੰਜਨ ਸਿੰਘ ਨੂੰ ਸਟੇਟ ਕਮੇਟੀ ਲਈ ਚੁਣ ਲਿਆ ਗਿਆ। ਸਟੇਟ ਕਮੇਟੀ ਵਿਚੋਂ ਦੋ ਬੰਦੇ ਚੁਣੇ ਜਾਂਦੇ ਸਨ ਜੋ ਇੰਤਜ਼ਾਮ ਕਮੇਟੀ ਲਈ ਜਾਂਦੇ ਸਨ। ਇਸ ਇੰਤਜ਼ਾਮ ਕਮੇਟੀ ਤੋਂ ਬਾਅਦ ਤਿੰਨ ਬੰਦੇ ਕਮਿਸ਼ਨ ਲਈ ਲਏ ਜਾਂਦੇ ਸਨ। ਉਹ ਕਮਿਸ਼ਨ ਅੱਗੇ ਸਭ ਮੈਂਬਰਾਂ ਦੀਆਂ ਡਿਊਟੀਆਂ ਲਾਉਂਦਾ ਸੀ। ਉਸ ਵੇਲੇ ਦਲੀਪ ਸਿੰਘ ਫਾਹਲਾ ਵੀ ਨਿਰੰਜਨ ਸਿੰਘ ਦੇ ਨਾਲ ਸਟੇਟ ਕਮੇਟੀ ਦਾ ਮੈਂਬਰ ਯੂਬਾ ਸਿਟੀ ਤੋਂ ਸੀ। ਜੋ ਇੰਤਜ਼ਾਮ ਕਮੇਟੀ ਸੀ ਉਹ ਇਕੱਲੀ ਸਾਨਫਰਾਂਸਿਸਕੋ ਹੀ ਸੀ। ਇੰਤਜ਼ਾਮ ਕਮੇਟੀ ਸਟੇਟ ਕਮੇਟੀਆਂ ਨੂੰ ਹੁਕਮ ਦਿੰਦੀ ਸੀ। ਜੋ ਕੰਮ ਵੀ ਸਟੇਟ ਕਮੇਟੀ ਤੋਂ ਕਰਾਉਣਾ ਹੋਵੇ, ਤੇ ਜੇ ਕਿਸੇ ਵੀ ਸਟੇਟ ਕਮੇਟੀ ਦਾ ਝਗੜਾ ਹੋ ਜਾਵੇ, ਤਾਂ ਇੰਤਜ਼ਾਮ ਕਮੇਟੀ ਆ ਕੇ ਫੈਸਲਾ ਕਰਵਾਉਂਦੀ ਸੀ। ਗ਼ਦਰ ਪਾਰਟੀ ਦਾ ਇਹ ਫੈਸਲਾ ਸੀ ਕਿ ਜੇ ਕੋਈ ਵੀ ਕਮੇਟੀ ਲੜ ਪਵੇ ਤਾਂ ਅਸੀਂ ਕੋਰਟ ਰਾਹੀਂ ਫੈਸਲਾ ਨਹੀਂ ਕਰਾਉਣਾ ਸਗੋਂ ਇੰਤਜ਼ਾਮ ਕਮੇਟੀ ਫੈਸਲਾ ਕਰਾਵੇਗੀ।

ਸਟੇਟ ਕਮੇਟੀ ਤੋਂ ਸਾਲ ਕੁ ਹੀ ਮਗਰੋਂ ਫਾਹਲਾ ਤੇ ਨਿਰੰਜਨ ਸਿੰਘ ਦੋਵੇਂ ਜਣੇ ਇੰਤਜ਼ਾਮ ਕਮੇਟੀ ਵਿਚ ਸਾਨਫਰਾਂਸਿਸਕੋ ਚਲੇ ਗਏ ਤੇ ਮੁਨਸ਼ਾ ਸਿੰਘ (ਭੇਡਾਂ ਵਾਲਾ) ਨਗਰ, ਸੈਕਰਾਮੈਂਟੋ ਤੋਂ ਇੰਤਜ਼ਾਮ ਕਮੇਟੀ ਵਿਚ ਚੁਣਿਆ ਗਿਆ। ਤਕਰੀਬਨ 1918-1919 ਦੇ ਵਿਚ ਕਮਿਸ਼ਨ ਨੇ ਨਿਰੰਜਨ ਸਿੰਘ ਦੀ ਡਿਊਟੀ ਲਾਈ ਕਿ ਜਿੰਨਾ ਗ਼ਦਰ ਪਾਰਟੀ ਦਾ ਖੁਫੀਆ ਮਹਿਕਮਾ ਹੈ ਉਹ ਨਿਰੰਜਨ ਸਿੰਘ ਕਰੂਗਾ।

ਨਿਰੰਜਨ ਸਿੰਘ ਸੌ ਵਰਗਾ ਕੱਲਾ ਹੀ ਸੀ। ਇਕ ਵਾਰ ਪਾਰਟੀ ਦੇ ਦਫਤਰ ਉਤੇ ਵਿਰੋਧੀ ਗਰੁਪ ਕਬਜ਼ਾ ਕਰਨਾ ਚਾਹੁੰਦਾ ਸੀ। ਨਿਰੰਜਨ ਸਿੰਘ ਉਸ ਵੇਲੇ ਦਫਤਰ ਵਿਚ ਇਕੱਲਾ ਹੀ ਸੀ। ਕਹਿਣ ਲੱਗਾ ਕਿ ਇਕ ਮਸ਼ੀਨਗੰਨ ਤਾਂ ਸਾਡੇ ਪਾਸ ਹੈ ਤੇ ਇਕ ਹੋਰ ਲਿਆ ਦਿਓ। ਮੈਂ ਜੀਉਂਦੇ ਜੀ ਕਿਸੇ ਨੂੰ ਵੜਨ ਨਹੀਂ ਦੇਣਾ ਇਸ ਗੱਲ ਦਾ ਵਿਰੋਧੀਆਂ ਨੂੰ ਪਤਾ ਲੱਗ ਗਿਆ। ਕਿਸੇ ਦਾ ਹੌਂਸਲਾ ਹੀ ਨਾ ਪਿਆ ਉਥੇ ਆਉਣ ਦਾ।

ਵਿਰੋਧੀਆਂ ਦਾ ਮੁਕਾਬਲਾ ਕਰਨ ਲਈ ਨਿਰੰਜਨ ਸਿੰਘ ਨੇ ਇਕ ਹੋਰ ਮਸ਼ੀਨਗੰਨ ਤੇ ਇਕ ਬੰਦੇ ਦੀ ਮੰਗ ਕੀਤੀ ਸੀ। ਪਾਰਟੀ ਨੇ ਸਾਉਣ ਸਿੰਘ ਗ਼ਦਰੀ ਨੂੰ ਪਾਰਟੀ ਦਫਤਰ ਵਿਚ ਰਹਿ ਕੇ ਨਿਰੰਜਨ ਸਿੰਘ ਦਾ ਸਾਥ ਦੇਣ ਦਾ ਹੁਕਮ ਦੇ ਦਿਤਾ ਸੀ।

1927 ਵਿਚ ਮੈਂ ਮਰਸਿਡ ਸ਼ਹਿਰ ਵਿਚ ਖੇਤੀਬਾੜੀ ਕਰਦਾ ਸੀ ਤੇ ਨਿਰੰਜਨ ਸਿੰਘ ਯੂਬਾ ਸਿਟੀ ਰਹਿੰਦਾ ਸੀ। ਸਾਨੂੰ ਦੋਹਾਂ ਨੂੰ ਕਮਿਸ਼ਨ ਨੇ ਅਲੱਗ ਅਲੱਗ ਦੋ ਚਿੱਠੀਆਂ ਪਾਈਆਂ ਕਿ ਸਾਨੂੰ ਪਤਾ ਲੱਗਾ ਹੈ ਕਿ ਤੁਸੀਂ ਗੌਰਮਿੰਟ ਦੇ ਬੰਦੇ ਹੋ ਤੇ ਤੁਸੀਂ ਇੰਡੀਆ ਗੌਰਮਿੰਟ ਦਾ ਕੰਮ ਕਰਦੇ ਹੋ। ਮੀਟਿੰਗ ਗ਼ਦਰ ਆਸ਼ਰਮ ਸਾਨਫਰਾਂਸਿਸਕੋ ਸੱਦੀ ਗਈ ਤੇ ਸਾਨੂੰ ਦੋਹਾਂ ਨੂੰ ਹਾਜ਼ਰ ਹੋਣ ਲਈ ਕਿਹਾ ਗਿਆ। ਮੈਂ ਨਿਰੰਜਨ ਸਿੰਘ ਨੂੰ ਦੱਸਿਆ ਕਿ ਮੈਨੂੰ ਕਮਿਸ਼ਨ ਦੀ ਐਸ ਤਰ੍ਹਾਂ ਦੀ ਚਿੱਠੀ ਆਈ ਹੈ ਤੇ ਉਸ ਨੇ ਵੀ ਮੈਨੂੰ ਦੱਸਿਆ ਕਿ ਬਿਲਕੁਲ ਇਸੇ ਤਰ੍ਹਾਂ ਦੀ ਚਿੱਠੀ ਉਸਨੂੰ ਆਈ ਹੈ। ਇਹ ਗੱਲ ਅਸੀਂ ਮੀਟਿੰਗ ਤੋਂ ਪਹਿਲਾਂ ਹੀ ਕਰ ਲਈ ਤੇ ਸਾਨੂੰ ਦੋਹਾਂ ਨੂੰ ਪਤਾ ਲਗ ਗਿਆ। ਫੇਰ ਅਸੀਂ ਇਕ ਦੂਸਰੇ ਨੂੰ ਕਿਹਾ ਕਿ ਸਾਨੂੰ ਚੰਗੀ ਤਰ੍ਹਾਂ ਪਤਾ ਹੈ ਕਿ ਪਾਰਟੀ ਦਾ ਕੀ ਅਸੂਲ ਹੈ ਕਿ ਜੋ ਵੀ ਪਾਰਟੀ ਦਾ ਭੇਦ ਦੱਸੇ ਉਸ ਨੂੰ ਥਾਂ ਤੇ ਹੀ ਗੋਲੀ ਮਾਰ ਕੇ ਮਾਰ ਦੇਣ ਦਾ ਹੁਕਮ ਹੈ। ਨਿਰੰਜਨ ਸਿੰਘ ਕਹਿਣ ਲੱਗਾ ਕਿ ਹਾਂ ਮੈਨੂੰ ਬਿਲਕੁਲ ਚੰਗੀ ਤਰ੍ਹਾਂ ਪਤਾ ਹੈ। ਅਸੀਂ ਦੋਵੇਂ ਮੀਟਿੰਗ ਲਈ ਚਲੇ ਗਏ। ਅੱਗੇ ਗੁਰਮੁਖ ਸਿੰਘ ਲਲਤੋਂ ਵੀ ਆਇਆ ਹੋਇਆ ਸੀ। ਸਾਨੂੰ ਪੁੱਛਿਆ ਗਿਆ ਕਿ ਤੁਹਾਡੇ ਤੇ ਆਹ ਸ਼ਕਾਇਤ ਆਈ ਹੈ ਕਿ ਤੁਸੀਂ ਇੰਡੀਆ ਗੌਰਮਿੰਟ ਦੇ ਜਸੂਸ ਹੋ ਤਾਂ ਮੁਨਸ਼ਾ ਸਿੰਘ ਨਗਰ ਨੂੰ ਬੜਾ ਹੀ ਗੁੱਸਾ ਆਇਆ। ਉਸ ਨੇ ਆਖਿਆ ਕਿ ਜੇ ਇਹ ਬੰਦੇ ਇਹੋ ਜੇਹੇ ਹੋ ਸਕਦੇ ਹਨ ਤਾਂ ਸਾਰੀ ਗਦਰ ਪਾਰਟੀ ਹੀ ਜਸੂਸ ਸਮਝੋ। ਗੁਰਮੁਖ ਸਿੰਘ ਨੇ ਵੀ ਇਹੀ ਗੱਲ ਕਹੀ ਤੇ ਨਾਲੇ ਕਿਹਾ ਕਿ ਸਾਨੂੰ ਪਹਿਲਾਂ ਉਹ ਆਦਮੀ ਕੱਢਣਾ ਚਾਹੀਦਾ ਹੈ ਜਿਸ ਨੇ ਇਨ੍ਹਾਂ ਤੇ ਇਲਜ਼ਾਮ ਲਾਇਆ ਹੈ। ਫਿਰ ਕਿਹੜਾ ਮਾਈ ਦਾ ਲਾਲ ਸਾਹਮਣੇ ਆਵੇ। ਇਹ ਸਿਰਫ ਗਦਰ ਪਾਰਟੀ ਨੂੰ ਕਮਜ਼ੋਰ ਤੇ ਖੇਰੂੰ ਖੇਰੂੰ ਕਰਨ ਲਈ ਕਿਸੇ ਨੇ ਚਾਲ ਖੇਡੀ ਸੀ। ਮਗਰੋਂ ਚਿਰੀਂ ਜਾ ਕੇ ਪਤਾ ਲੱਗਾ ਕਿ ਆਪਣਾ ਇਕ ਬੰਦਾ ਕਰਿਸਚਨ ਬਣਿਆ ਹੋਇਆ ਸੀ ਉਸਨੇ ਚਿੱਠੀ ਪਾਈ ਸੀ। ਮਗਰੋਂ ਪਾਰਟੀ ਦਾ ਕਾਰੋਬਾਰ ਬਹੁਤ ਚੰਗੀ ਤਰ੍ਹਾਂ ਚਲਦਾ ਰਿਹਾ

ਅੰਗਰੇਜ਼ ਸਰਕਾਰ ਨੇ ਇਕ ਸੰਤ ਰਾਮ ਪਾਂਡੇ ਨਾਂ ਦਾ ਬੰਦਾ ਇਥੇ ਭੇਜਿਆ ਕਿ ਉਹ ਤੇਜਾ ਸਿੰਘ ਸੁਤੰਤਰ ਨੂੰ ਟੋਲਕੇ ਮਾਰੇ। ਨਿਰੰਜਨ ਸਿੰਘ ਦਾ ਸੁਭਾਅ ਬਹੁਤ ਠੰਡਾ ਤੇ ਮਿਲਾਪੜਾ ਸੀ। ਕਿਸੇ ਨੂੰ ਥੋੜ੍ਹੇ ਕੀਤੇ ਉਸ ਦੀ ਮਰਜ਼ੀ ਦਾ ਪਤਾ ਨਹੀਂ ਸੀ ਲੱਗ ਸਕਦਾ। ਦੋ ਚਾਰ ਵਾਰ ਪਾਂਡੇ ਨਿਰੰਜਨ ਸਿੰਘ ਨੂੰ ਮਿਲਿਆ ਤੇ ਉਸਨੇ ਇਹੀ ਕਹਿਣਾ ਕਿ ਜੇ ਕਿਤੇ ਤੂੰ ਸੁਤੰਤਰ ਮੈਨੂੰ ਮਿਲਾਵੇਂ। ਮੇਰਾ ਬੜਾ ਦਿਲ ਕਰਦਾ ਹੈ ਕਿ ਮੈਂ ਸੁਤੰਤਰ ਨੂੰ ਮਿਲਾਂ। ਫੇਰ ਇਕ ਦਿਨ ਅਚਾਨਕ ਹੀ ਨਿਰੰਜਨ ਸਿੰਘ ਨੂੰ ਪਾਂਡੇ ਮੈਰਿਜਵਿਲ ਸ਼ਹਿਰ ਮਿਲਿਆ। ਨਿਰੰਜਨ ਸਿੰਘ ਨੇ ਪੁਛਿਆ ਕਿ ਮੈਂ ਤਾਂ ਸੈਕਰਾਮੈਂਟੋ ਜਾਣਾ ਹੈ ਜੇ ਤੂੰ ਜਾਣਾ ਹੈ ਤਾਂ ਆ ਜਾ। ਤਰਕਾਲਾਂ ਹੋਣ ਵਾਲੀਆਂ ਸਨ, ਮੀਂਹ ਪੈ ਰਿਹਾ ਸੀ। ਸੰਤ ਰਾਮ ਪਾਂਡੇ ਨਾਲ ਬੈਠ ਗਿਆ। ਜਦ ਨਿਰੰਜਨ ਸਿੰਘ ਡੇਵਸ ਸ਼ਹਿਰ ਪੁਜਾ ਤਾਂ ਕਹਿਣ ਲੱਗਾ ਕਿ ਮੀਂਹ ਪੈਂਦਾ ਹੈ ਚਲ ਆਪਾਂ ਮੁਨਸ਼ਾ ਸਿੰਘ ਨੂੰ ਮਿਲ ਲੈਂਦੇ ਹਾਂ। ਉਥੇ ਮੁਨਸ਼ਾ ਸਿੰਘ ਦੇ ਕੋਲ ਲਿਜਾਕੇ ਸੰਤ ਰਾਮ ਪਾਂਡੇ ਦੀ ਕੀਰਤਨ ਸੋਹਲਾ ਪੜ੍ਹ ਦਿਤਾ।

ਨਿਰੰਜਨ ਸਿੰਘ ਸਾਰੀ ਉਮਰ ਪਾਰਟੀ ਦਾ ਕੰਮ ਬੜੀ ਵਫਾਦਾਰੀ ਨਾਲ ਕਰਦਾ ਰਿਹਾ। ਫੇਰ ਸਾਨਫਰਾਂਸਿਸਕੋ ਮੀਟਿੰਗ ਹੋਈ। ਉਦੋਂ ਨਿਰੰਜਨ ਸਿੰਘ ਕੰਮ ਤੋਂ ਵੇਹਲਾ ਸੀ। ਮੈਂ ਕਿਹਾ ਮੇਰੇ ਕੋਲ ਆ ਜਾ। ਨਾਲੇ ਗੱਲਾਂ ਕਰਾਂਗੇ।

ਉਦੋਂ ਮੈਂ ਹੇਲਮ ਰਹਿੰਦਾ ਸੀ। ਮੈਂ ਕਪਾਹ ਬੀਜੀ ਹੋਈ ਸੀ। ਅਸੀਂ ਦੋਵੇਂ ਜਣੇਂ ਕਾਰ ਵਿਚ ਹੇਲਮ ਆ ਗਏ। ਹਾਲੇ ਨਿਰੰਜਨ ਸਿੰਘ ਨੂੰ ਡੇਢ ਦੋ ਮਹੀਨੇ ਹੀ ਆਏ ਨੂੰ ਹੋਏ ਸਨ ਕਿ ਪਾਰਟੀ ਦੇ ਹੁਕਮ ਅਨੁਸਾਰ ਰਸ਼ੀਆ ਨੂੰ ਚਲਾ ਗਿਆ। ਮੇਰੇ ਕੋਲੋਂ ਉਸ ਨੂੰ ਮਹਿੰਦਰ ਸਿੰਘ ਸੋਢੀ ਲੈ ਕੇ ਗਿਆ ਸੀ।

ਉਸ ਤੋਂ ਮਗਰੋਂ ਮੈਨੂੰ 1967 ਵਿਚ ਪਤਾ ਲੱਗਾ ਕਿ ਨਿਰੰਜਨ ਸਿੰਘ ਫੇਰ ਕਨੇਡਾ ਵਾਪਸ ਆ ਗਿਆ ਹੈ ਤਾਂ ਫੇਰੇ ਮੈਂ ਉਸ ਨੂੰ ਇਕ ਵਾਰ 1967 ਵਿਚ ਤੇ ਦੂਜੀ ਵਾਰੀ 1970 ਵਿਚ ਮਿਲਿਆ।

ਕੈਲੇਪੈਟਰੀਆ — ਕੈਲੇਫੋਰਨੀਆ : 14-10-82

ਚਰਨ ਸਿੰਘ ਸੰਧੂ,
ਡਢਾਣਾ, ਕੈਲੇਪੈਟਰੀਆ, ਕੈਲੇਫੋਰਨੀਆ

ਚਰਨ ਸਿੰਘ ਭਢਾਣਾ ਦੀਆਂ ਚਿੱਠੀਆਂ ਵਿਚੋਂ ਕੁਝ ਟੂਕਾਂ

ਗੁਰਚਰਨ ਸਿੰਘ ਸਹਿਸਰਾ ਨੂੰ ਲਿਖੀ ਗਈ ਚਿੱਠੀ ਵਿਚੋਂ

1932 ਦੀ ਗੱਲ ਹੈ। ਗੋਪਾਲ ਸਿੰਘ ਖਾਲਸੇ ਦੀ ਪਾਰਟੀ ਨੇ ਸੈਕਰਾਮੈਂਟੋ ਵਿਚ ਕੇਸ ਦਾਇਰ ਕੀਤਾ ਸੀ। ਉਸਨੇ ਦੋਸ਼ ਲਾਇਆ ਸੀ ਕਿ ਲੱਖਾ ਸਿੰਘ, ਮੁਨਸ਼ਾ ਸਿੰਘ, ਪੂਰਨ ਸਿੰਘ, ਨਿਧਾਨ ਸਿੰਘ, ਕਿਸ਼ਨ ਸਿੰਘ, ਜੋਗਾ ਸਿੰਘ, ਦਲੀਪ ਸਿੰਘ ਫਾਹਲਾ, ਨਿਰੰਜਨ ਸਿੰਘ ਪੰਡੋਰੀ, ਤਾਰਾ ਸਿੰਘ ਤੇ ਚਰਨ ਸਿੰਘ ਭਢਾਣਾ ਪਾਰਟੀ ਵਿਚ ਫੁਟ ਪਾ ਕੇ ਗ਼ਦਰ ਪਾਰਟੀ ਦੇ ਦਫਤਰ ਉਤੇ ਕਬਜ਼ਾ ਜਮਾਉਣਾ ਚਾਹੁੰਦੇ ਹਨ ਅਮਰੀਕਨ ਸਰਕਾਰ ਗੋਪਾਲ ਸਿੰਘ ਵਖਾਲਸੇ ਦੀ ਪਿਠ ਉਤੇ ਸੀ। ਗੋਪਾਲ ਸਿੰਘ ਖਾਲਸਾ ਦੇ ਦੋ ਮੁਖੀ ਗਵਾਹ ਸਨ — ਸ਼ੇਰ ਸਿੰਘ ਪੱਬੀ ਤੇ ਅਮਰ ਸਿੰਘ ਸਟੂਡੈਂਟ। ਅਮਰ ਸਿੰਘ ਗ਼ਦਰੀਆ ਤੋਂ ਡਰਦਾ ਅਮਰੀਕਾ ਛੱਡਕੇ ਭੱਜ ਗਿਆ। ਗ਼ਦਰੀਆਂ ਤੋਂ ਡਰਦਿਆਂ ਸ਼ੇਰ ਸਿੰਘ ਵੀ ਗਵਾਹੀ ਦੇਣ ਤੋਂ ਫਿਰ ਗਿਆ। ਇਸ ਤਰ੍ਹਾਂ ਗੋਪਾਲ ਸਿੰਘ ਖਾਲਸੇ ਦੇ ਧੜੇ ਦੀ ਹਾਰ ਹੋ ਗਈ।

ਮੈਂ ਪਾਰਟੀ ਦਾ ਮੈਂਬਰ ਰਿਹਾ ਹਾਂ। ਪ੍ਰਤਾਪ ਸਿੰਘ ਕੈਰੋਂ ਕਦੇ ਵੀ ਪਾਰਟੀ ਦਾ ਮੈਂਬਰ ਨਹੀਂ ਰਿਹਾ।

ਸ਼ਹੀਦ ਊਧਮ ਸਿੰਘ, ਜਿਸਨੇ ਅਡਵਾਇਰ ਨੂੰ ਮਾਰਿਆ ਸੀ, 1927 ਵਿਚ ਇਥੋਂ ਗਿਆ ਸੀ। ਉਸ ਪਿਛੋਂ ਮੁੜ ਇਥੇ ਅਮਰੀਕਾ ਆਏ ਦਾ ਮੈਨੂੰ ਕੋਈ ਪਤਾ ਨਹੀਂ।

ਮੈਂ ਅਮਰੀਕਾ ਆਉਂਦਾ ਹੋਇਆ ਚੀਨ ਰਿਹਾ ਸੀ। ਮੁੜ ਚੀਨ ਨਹੀਂ ਗਿਆ। ਉਹ ਚਰਨ ਸਿੰਘ ਧੁਲੇਤੀਆ ਸੀ ਜੋ ਰਾਜਾ ਮਹਿੰਦਰੋ ਪ੍ਰਤਾਪ ਦੇ ਜਥੇ ਨਾਲ ਗਿਆ ਸੀ। ਉਹ ਉਥੇ ਹੀ ਬੀਮਾਰ ਹੋ ਕੇ ਮਰ ਗਿਆ ਸੀ।

ਬਾਬਾ ਨਿਰੰਜਨ ਸਿੰਘ ਦੀ ਜ਼ਬਾਨੀ ਮੈਨੂੰ ਪਤਾ ਲੱਗਾ ਸੀ ਕਿ ਉਨ੍ਹਾਂ ਨੂੰ ਦੋ ਬੰਗਾਲੀ ਮਾਸਕੋ ਮਿਲੇ ਸਨ। ਉਨ੍ਹਾਂ ਨੇ ਇੰਟਰਨੈਸ਼ਨਲ ਬ੍ਰੀਗੇਡ ਵਿਚ ਭਰਤੀ ਹੋ ਕੇ ਸਪੇਨ ਦੀ ਸਿਵਲ ਵਾਰ ਵਿਚ ਹਿਸਾ ਲਿਆ ਸੀ। ਉਨ੍ਹਾਂ ਨਾਲ ਹੋਰ ਹਿੰਦੁਸਤਾਨੀ ਵੀ ਸਨ।

ਗ਼ਦਾਰਾਂ ਨੂੰ ਇਸ ਲਈ ਸੋਧਣਾ ਪਿਆ ਕਿਉਂਕਿ ਉਹ ਕੌਮ ਨਾਲ ਧਰੋਹ ਕਰਦੇ ਸਨ। ਤੁਸੀਂ ਪੁਛ ਕੀਤੀ ਹੈ ਕਿ ਕਿਸ ਨੇ ਕਿਸ ਨੂੰ ਸੋਧਿਆ। ਗ਼ਦਰ ਪਾਰਟੀ ਜਿਸ ਨੂੰ ਹੁਕਮ ਕਰਦੀ ਸੀ ਉਹ ਖਿੜੇ ਮੱਥੇ ਕੰਮ ਨੂੰ ਪੂਰਾ ਕਰਨ ਦਾ ਯਤਨ ਕਰਦਾ ਸੀ।

* * * * * * * *

ਭਾਈ ਭਗਵਾਨ ਸਿੰਘ ਦੇ ਜੇਲ੍ਹ ਹੋਣ ਮਗਰੋਂ ਭਾਈ ਸੰਤਾ ਸਿੰਘ ਗੰਡੀਵਿੰਡ ਪ੍ਰਧਾਨ ਤੇ ਭਾਈ ਜਗਤ ਸਿੰਘ ਕੰਧੋਲਾ ਸਕੱਤਰ ਰਹੇ। ਫਿਰ 1919 ਤੋਂ 1922 ਤੱਕ ਭਾਈ ਰਤਨ ਸਿੰਘ ਰਾਇਪੁਰ ਡਬੇ ਪ੍ਰਧਾਨ ਤੇ ਭਾਈ ਸੰਤੋਖ ਸਿੰਘ ਸਕੱਤਰ ਰਹੇ। 1922 ਤੋਂ 1924 ਤੱਕ ਭਾਈ ਹਰਜਾਪ ਸਿੰਘ ਪ੍ਰਧਾਨ ਤੇ ਭਾਈ ਇੰਦਰ ਸਿੰਘ ਟੂਟੋ ਮਾਜਰਾ ਸਕੱਤਰ ਰਹੇ। 1924 ਤੋਂ 1926 ਤੱਕ ਭਾਈ ਲੱਖਾ ਸਿੰਘ ਪ੍ਰਧਾਨ ਤੇ ਭਾਈ ਮੁਨਸ਼ਾ ਸਿੰਘ ਸਕੱਤਰ ਰਹੇ। 1926 ਤੋਂ 1928 ਤੱਕ ਦਲੀਪ ਸਿੰਘ ਫਾਹਲਾ ਪ੍ਰਧਾਨ ਤੇ ਭਾਈ ਮੁਨਸ਼ਾ ਸਿੰਘ ਸਕੱਤਰ ਰਹੇ। 1928 ਤੋਂ 1934 ਤੱਕ ਭਾਈ ਨਿਧਾਨ ਸਿੰਘ ਪ੍ਰਧਾਨ ਤੇ ਮੁਨਸ਼ਾ ਸਿੰਘ ਸਕੱਤਰ ਰਹੇ। 1934 ਤੋਂ 1940 ਤੱਕ ਭਾਈ ਲੱਖਾ ਸਿੰਘ ਪ੍ਰਧਾਨ ਤੇ ਪੂਰਨ ਸਿੰਘ ਸਕੱਤਰ ਰਹੇ। 1940 ਤੋਂ ਮਗਰੋਂ ਮੈਨੂੰ ਯਾਦ ਨਹੀਂ ਰਹੇ।


ਬਾਬਾ ਨਿਰੰਜਨ ਸਿੰਘ ਨੂੰ ਲਿਖੀ ਚਿੱਠੀ ਵਿਚੋਂ

ਪਹਿਲਾ ਜੱਥਾ ਜੋ ਮਾਸਕੋ ਨੂੰ ਗਿਆ ਉਸ ਵਿਚ ਭਾਈ ਰਤਨ ਸਿੰਘ ਤੇ ਭਾਈ ਸੰਤੋਖ ਸਿੰਘ ਸਨ। ਦੂਜਾ ਜਥਾ ਭਾਈ ਸੰਤਾ ਸਿੰਘ, ਭਾਈ ਹਰਜਾਪ ਸਿੰਘ, ਭਾਈ ਪ੍ਰੀਤਮ ਸਿੰਘ ਤੇ ਭਾਈ ਕਰਮ ਸਿੰਘ ਧੂਤ ਦਾ 1926 ਵਿਚ ਗਿਆ। ਤੀਜਾ ਜਥਾ 1931 ਵਿਚ ਮਾਸਕੋ ਗਿਆ। ਇਸ ਜਥੇ ਵਿਚ ਇਕਬਾਲ ਸਿੰਘ, ਅਛਰ ਸਿੰਘ ਛੀਨਾ, ਮਹਿੰਦਰ ਸਿੰਘ ਸੋਢੀ, ਜਸਵੰਤ ਸਿੰਘ ਕੈਰੋਂ ਤੇ ਇਕ ਹੋਰ ਸਜਣ ਬਾਸਰਕੇ ਪਿੰਡ ਦਾ ਸੀ।

ਉਸ ਸਮੇਂ ਮੈਂ ਸਟਾਕਟਨ ਦੇ ਨੇੜੇ ਮੈਨਟੀਕਾ ਟਾਊਨ ਵਿਚ ਕੰਮ ਕਰਦਾ ਸੀ 1934 ਵਿਚ ਆਪ ਨੂੰ ਪਤਾ ਹੀ ਹੈ ਕਿ ਆਪ ਨਾਲ ਕੌਣ ਕੌਣ ਰੁਸ ਗਏ ਸਨ।

* * * * * * * *

ਆਪ ਹੁਣ ਮੇਰੇ ਕੱਲੇ ਹੀ ਪੁਰਾਣੇ ਸਾਥੀ ਹੋ। ਫਾਹਲਾ ਦਲੀਪ ਸਿੰਘ, ਨਿਧਾਨ ਸਿੰਘ ਮਹੇਸਰੀ, ਜੋਗਾ ਸਿੰਘ, ਸੰਤੋਖ ਸਿੰਘ, ਰਤਨ ਸਿੰਘ ਤੇ ਤਾਰਕਨਾਥ ਦਾਸ ਵਰਗਿਆਂ ਸੂਰਬੀਰਾਂ ਤੇ ਦੇਸਭਗਤਾਂ ਨਾਲ ਪੂਰਾ ਭਰੋਸਾ ਤੇ ਸਾਥ ਦੇਣ ਵਾਲੇ ਬਹਾਦਰ ਸਨ। ਇਹ ਤਾਂ ਸਾਰੇ ਚਲੇ ਗਏ ਹੁਣ ਤਾਂ ਆਪ ਹੀ ਰਹਿ ਗਏ ਹੋ। ਆਪ ਦੀ ਸਿਹਤ ਠੀਕ ਨਹੀਂ। ਜੇ ਆਪ ਦੀ ਸਿਹਤ ਠੀਕ ਹੁੰਦੀ ਤਾਂ ਕਈ ਕੰਮ ਕਰਨ ਵਾਲੇ ਸੀ। ਹੁਣ ਮੈਂ ਕੱਲਾ ਕੁਝ ਨਹੀਂ ਕਰ ਸਕਦਾ। ਜੇ ਮੈਂ ਕੁਝ ਕਰ ਸਕਿਆ ਕਰਾਂਗਾ। ਮੈਂ ਪਿਛੇ ਨਹੀਂ ਹਟਣਾ।



ਵੈਨਕੋਵਰ ਕੈਨੇਡਾ 1968

ਗਦਰੀ ਬਾਬਾ ਨਿਰੰਜਨ ਸਿੰਘ ਪੰਡੋਰੀ ਲੱਧਾ ਸਿੰਘ ਤੇ ਗਦਰੀ ਬਾਬਾ ਚਰਨ ਸਿੰਘ, ਭਢਾਣਾ, ਕੈਲੇਫੋਰਨੀਆਂ ਗਦਰੀ ਕਮਿਸ਼ਨ ਦੇ ਮੈਂਬਰ

ਜਦ ਗ਼ਦਰੀਆਂ ਉਤੇ ਮੁਕੱਦਮਾ ਚਲ ਰਿਹਾ ਸੀ ਤਾਂ ਮੈਨੂੰ ਭਾਈ ਸੰਤੋਖ ਸਿੰਘ ਹੋਰਾਂ ਦੱਸਿਆ ਸੀ ਕਿ ਲਾਲਾ ਲਾਜਪਤ ਰਾਏ ਨੂੰ ਮੈਂ (ਸੰਤੋਖ ਸਿੰਘ) ਪੰਦਰਾਂ ਸੌ ਡਾਲਰ ਦਿਤੇ ਸਨ ਕਿ ਤੁਸੀਂ ਸਾਡੀ ਪੈਰਵੀ ਕਰੋ।

ਲਾਲਾ ਲਾਜਪਤ ਰਾਏ ਨੂੰ ਪੰਡਤ ਰਾਮ ਚੰਦਰ ਨੇ 3500 ਡਾਲਰ ਆਪਣੀ ਪੈਰਵੀ ਲਈ ਦਿਤੇ ਸਨ। ਇਹ ਗੱਲ ਗੁਜਰ ਸਿੰਘ ਮਾਹਲਪੁਰ ਦੀ ਜ਼ਬਾਨੀ ਮੈਨੂੰ ਪਤਾ ਲੱਗੀ ਸੀ।

ਜਦੋਂ ਲਾਲਾ ਜੀ ਕੁਝ ਕਰਦੇ ਨਜ਼ਰ ਨਾ ਆਏ ਤਾਂ ਭਾਈ ਸੰਤੋਖ ਸਿੰਘ ਹੋਰੀਂ ਲਾਲਾ ਲਾਜਪਤ ਰਾਏ ਨੂੰ ਕਿਹਾ ਕਿ ਜੇ ਤੁਸੀਂ ਕੋਈ ਮਦਦ ਨਹੀਂ ਕਰ ਸਕਦੇ ਤਾਂ ਸਾਡੇ ਪੈਸੇ ਵਾਪਸ ਕਰ ਦਿਓ, ਤਾਂ ਉਨ੍ਹਾਂ ਉਤਰ ਦਿਤਾ ਕਿ ਤੁਸੀਂ ਜਰਮਨ ਖਾ ਲਏ ਜੇ ਮੈਂ ਗ਼ਦਰ ਪਾਰਟੀ ਦੇ ਇਹ ਪੈਸੇ ਖਾ ਲਏ ਤਾਂ ਕੀ ਗੁਨਾਹ ਹੋ ਗਿਆ। ਇਹ ਦੋਵੇਂ ਗੱਲਾਂ 1917 ਦੀਆਂ ਹਨ।

* * * * * * * *

ਸ਼ਾਇਦ ਤੁਹਾਨੂੰ ਇਸ ਗੱਲ ਦਾ ਪਤਾ ਹੋਵੇ ਜਾਂ ਨਾ, ਗੋਪਾਲ ਸਿੰਘ ਖਾਲਸਾ ਦੀ ਪਾਰਟੀ ਨੇ ਭਾਈ ਨਿਧਾਨ ਸਿੰਘ ਮਹੇਸਰੀ ਨੂੰ ਮਰਵਾਉਣ ਲਈ ਕਿਸ਼ਨ ਸਿੰਘ ਗਹੌਰੀਏ ਦੇ ਘਰ ਗੋਲੀ ਚਲਾਈ। ਜੋ ਆਦਮੀ ਭੇਜੇ ਸਨ ਉਨ੍ਹਾਂ ਨੂੰ ਇਹ ਹੀ ਦੱਸਿਆ ਸੀ ਕਿ ਉਸ ਦੇ ਸਿਰ ਪੱਗ ਬੰਨ੍ਹੀ ਹੁੰਦੀ ਹੈ। ਕੁਦਰਤੀ ਉਹ ਘਰ ਨਹੀਂ ਸੀ। ਇਕ ਹੋਰ ਭਾਈ, ਮਹੇਸਰੀ ਦਾ ਹੀ ਸੀ, ਦੀ ਪੱਗ ਵਿਚੋਂ ਗੋਲੀ ਨਿਕਲ ਗਈ। ਉਹ ਬਚ ਗਿਆ।

ਮਿਹਰ ਸਿੰਘ, ਮੁਨਸ਼ਾ ਸਿੰਘ, ਲਖਾ ਸਿੰਘ, ਸੰਤਾ ਸਿੰਘ ਲਹੁਕਾ, ਕੇਸਰ ਸਿੰਘ, ਸੁਰਜਣ ਸਿੰਘ, ਪੂਰਨ ਸਿੰਘ ਤੇ ਕੁਝ ਹੋਰ ਬੰਦੇ ਪੰਡਤ ਜਵਾਹਰ ਲਾਲ ਦੇ ਏਥੇ ਆਉਣ ਤੋਂ ਅਗੋਂ ਗਾਂਧੀ ਟੋਪੀਆਂ ਪਾ ਕੇ ਗਏ ਸਨ। ਇਸ ਗੱਲ ਤੇ ਅਮਰੀਕਾ ਦੀ ਹਿੰਦੀ-ਜਨਤਾ ਬੜੀ ਨਾਰਾਜ਼ ਹੋਈ। ਉਨ੍ਹਾਂ ਦਾ ਕਹਿਣਾ ਸੀ ਕਿ ਸੈਂਕੜੇ ਗ਼ਦਰੀ ਫਾਂਸੀ ਦੇ ਤਖਤੇ ਉਤੇ ਚੜ੍ਹਵਾਕੇ ਅਜ ਗਾਂਧੀ ਟੋਪੀ ਪਹਿਨਣ ਦਾ ਕੀ ਮਤਲਬ ਹੈ।

* * * * * * * *

ਬਿਕਰਮ ਸਿੰਘ ਨੇ ਏਥੇ ਆ ਕੇ ਮੇਰੇ ਪਾਸੋਂ ਗ਼ਦਰ ਪਾਰਟੀ ਦੇ ਹਾਲ ਪੁਛਣੇ ਚਾਹੇ। ਮੈਂ ਕਿਹਾ ਕਿ ਮਿਹਰ ਸਿੰਘ ਨੂੰ ਪੁਛ ਲਵੋ। ਉਹ ਕਹਿਣ ਲਗਾ ਕਿ ਉਸਦੀ ਸਿਹਤ ਕਮਜ਼ੋਰ ਹੈ। ਉਹ ਦੱਸਣ ਜੋਗਾ ਨਹੀਂ। ਤੁਸੀਂ ਉਸ ਨੂੰ ਪੁਛ ਕਰੋ ਕਿ (ਵਾਏਸੇਲੀਆ ਵਿਚ) ਪੰਡਤ ਰਾਮ ਚੰਦ ਨੇ ਜਦੋਂ ਪਾਰਟੀ ਦਾ ਪੈਸਾ, ਜ਼ਾਤੀ ਨਾਮ ਪੁਰ ਕਰ ਲਿਆ ਸੀ, ਉਥੇ ਗਰੇਪਾਂ ਦੀ ਵਾਈਨ ਬਣਾਉਣ ਦੀ ਮਿਲ ਲੈ ਕੇ ਮਿਹਰ ਸਿੰਘ ਦੇ ਨਾਮ ਲੁਆ ਦਿਤੀ ਸੀ। ਉਹ ਰਕਮ ਕਿਥੇ ਹੈ?

ਇਕ ਦਿਨ ਬਿਕਰਮ ਸਿੰਘ ਨੇ ਉਤਰ ਦਿਤਾ ਕਿ ਮਿਹਰ ਸਿੰਘ ਨੇ ਛੇ ਹਜ਼ਾਰ ਡਾਲਰ ਪਾਰਟੀ ਨੂੰ ਦੇ ਦਿਤਾ ਸੀ। ਮੈਂ ਪੁਛਿਆ — ਕਿਸ ਪਾਰਟੀ ਹੈ? ਉਸਨੇ ਕਿਹਾ — ਗ਼ਦਰ ਪਾਰਟੀ ਨੂੰ। ਇਹ ਗੱਲ ਬਿਲਕੁਲ ਝੂਠੀ ਹੈ। ਮਿਹਰ ਸਿੰਘ ਨੇ ਗ਼ਦਰ ਪਾਰਟੀ ਨੂੰ ਇਹ ਪੈਸਾ ਨਹੀਂ ਦਿੱਤਾ।

ਮੇਰੇ ਸਾਥੀ ਮੈਨੂੰ ਜੋ ਭੀ ਡਿਊਟੀ ਦੇਂਦੇ ਰਹੇ ਮੈਂ ਪੂਰੀ ਕਰਨ ਦੀ ਕੋਸ਼ਿਸ਼ ਕਰਦਾ ਰਿਹਾ ਹਾਂ। ਭਾਈ ਨਿਧਾਨ ਸਿੰਘ ਮਹੇਸਰੀ ਇਥੋਂ ਜਾਣ ਸਮੇਂ ਮੈਨੂੰ ਡਿਊਟੀ ਦੇ ਗਏ ਸਨ ਕਿ ਇਸਨੂੰ ਪੂਰਾ ਕਰਾਂ ਭਾਵੇਂ ਕਿੰਨਾ ਸਮਾਂ ਲਗ ਜਾਵੇ। ਉਹ ਮੈਂ 1965 ਵਿਚ ਪੂਰੀ ਕਰ ਸਕਿਆ ਹਾਂ। ਇਹ ਗੱਲ ਕੁਝ ਸਮਾਂ ਪਾ ਕੇ ਆਪੇ ਖੁਲ੍ਹ ਜਾਵੇਗੀ।

ਅਤਿਵਾਦੀ ਸੋਚ

ਸਵਰਗਵਾਸੀ ਸੰਤ ਇੰਦਰ ਸਿੰਘ ਚੱਕਰਵਰਤੀ ਨੂੰ ਪਟਿਆਲੇ ਵਿਖੇ ਇਕ ਸ਼ਹਿਰੀ ਸਿੱਖ ਦੱਸਣ ਲੱਗਾ ਕਿ ਸ਼ਰਨਾਰਥੀ "ਤ੍ਰੈਅ" ਕਿਸਮ ਦੇ ਹੁੰਦੇ ਹਨ।

ਚੱਕਰਵਰਤੀ ਜੀ ਕਹਿਣ ਲੱਗੇ, "ਅਸੀਂ ਤਾਂ ਉਸ ਨੂੰ ਵੀ ਸ਼ਰਨਾਰਥੀ ਸਮਝਦੇ ਹਾਂ ਜਿਹੜਾ ਤਿੰਨਾਂ ਨੂੰ "ਤ੍ਰੈਅ" ਕਵ੍ਹੇ!"

ਸ੍ਰੀ ਬੂਟਾ ਸਿੰਘ ਨੇ ਦਿੱਲੀ ਤੇ ਹੋਰਨਾਂ ਥਾਵਾਂ ਦੇ "ਸੈਕੂਲਰ ਫਸਾਦੀਆਂ" ਨੂੰ ਅਪੀਲ ਕਰਦਿਆਂ ਕਿਹਾ ਹੈ ਕਿ ਮੁਕਤਸਰ ਦੀ ਦੁਰਘਟਨਾ ਸੁਣ ਕੇ ਤੈਸ਼ ਵਿਚ ਆਉਣ ਤੋਂ ਪਹਿਲਾਂ ਅਤਿਵਾਦੀਆਂ ਦੇ ਇਰਾਦਿਆਂ ਨੂੰ ਸਮਝਣ ਦਾ ਯਤਨ ਕਰੋ।

ਸ੍ਰੀ ਬੂਟਾ ਸਿੰਘ ਦਾ ਮਨੋਰਥ ਇਹ ਸੀ ਕਿ ਸੈਕੂਲਰ ਫਸਾਦੀ ਗੜਬੜ ਕਰਨ ਤੇ ਘੱਟ ਗਿਣਤੀਆਂ ਦੇ ਲੋਕਾਂ ਨੂੰ ਨੁਕਸਾਨ ਪਹੁੰਚਾਉਣ ਤੋਂ ਪਹਿਲਾਂ ਇਸ ਗੱਲ ਨੂੰ ਸਮਝਣ ਦਾ ਯਤਨ ਕਰਨ ਕਿ ਪਾਕਿਸਤਾਨ ਸਾਡੇ ਕੋਲੋਂ ਬੰਗਲਾਦੇਸ਼ ਦਾ ਬਦਲਾ ਲੈਣ ਲਈ ਕੀ ਕੀ ਹੱਥਕੰਡੇ ਵਰਤ ਰਿਹਾ ਹੈ। ਪਾਕਿਸਤਾਨ ਤਾਂ ਚਾਹੁੰਦਾ ਹੈ ਕਿ ਹਿੰਦੁਸਤਾਨ ਵਿਚੋਂ ਸੈਕੂਲਰਇਜ਼ਮ ਮੁੱਕ ਜਾਏ ਅਤੇ ਇਥੋਂ ਦੇ ਵੱਖ ਵੱਖ ਧਰਮਾਂ ਦੇ ਪੈਰੋਕਾਰ ਆਪੋ ਵਿਚ ਲੜ ਭਿੜ ਕੇ ਕਟ ਮਰਨ। ਜੇ ਅਸੀਂ ਬਗੈਰ ਇਹੋ ਜਿਹੇ ਗਵਾਂਢੀ ਦੀ ਸੋਚਣੀ ਨੂੰ ਸਮਝਣ ਦੇ ਚਾਕੂ-ਛੁਰੀਆਂ ਚਲਾਉਣੀਆਂ ਸ਼ੁਰੂ ਕਰ ਦੇਈਏ ਤਾਂ ਸਾਡਾ ਦੇਸ਼ ਤਬਾਹ ਹੋ ਜਾਏਗਾ।

ਕੋਈ ਸ੍ਰੀ ਬੂਟਾ ਸਿੰਘ ਨੂੰ ਦੱਸਣ ਵਾਲਾ ਹੋਵੇ ਤਾਂ ਉਹ ਆਪ ਹੀ ਅਤਿਵਾਦੀਆਂ ਦੇ ਇਰਾਦੇ ਸਮਝਣ ਦਾ ਯਤਨ ਕਰੇ। ਜੇ ਉਹ ਖੁਦ ਕਿਸੇ ਗੱਲ ਨੂੰ ਸਮਝਣ ਤੋਂ ਅਸਮਰਥ ਹਨ ਤਾਂ ਥੋੜ੍ਹੀ ਬਹੁਤੀ ਅਕਲ ਜਥੇਦਾਰ ਪ੍ਰਕਾਸ਼ ਸਿੰਘ ਬਾਦਲ ਤੋਂ ਉਧਾਰੀ ਲੈ ਲੈਣ ਜਿਹੜੇ ਕੇਂਦਰ ਵਾਲਿਆਂ ਨੂੰ ਖਾਸ ਖਾਸ ਬੰਦਿਆਂ ਨਾਲ ਗੱਲ ਮੁਕਾ ਲੈਣ ਦੇ ਮਸ਼ਵਰੇ ਦੇ ਰਹੇ ਹਨ। ਅਕਾਲੀ ਬੂਟਾ ਸਿੰਘ ਵੀ ਰਹੇ ਹਨ ਤੇ ਪ੍ਰਕਾਸ਼ ਸਿੰਘ ਬਾਦਲ ਵੀ। ਸੁਰਜੀਤ ਸਿੰਘ ਬਰਨਾਲਾ ਨੂੰ ਉਹ ਦੋਵੇਂ ਨਾ ਏਧਰ ਗਿਣਦੇ ਹਨ ਤੇ ਨਾ ਓਧਰ।

ਚਾਚਾ ਚੰਡੀਗੜ੍ਹੀਆ

ਵੀਅਤਨਾਮ ਦੇ ਇਨਕਲਾਬ ਦਾ ਮਹਾਨ ਯੋਧਾ ਲੀ ਡੂਆਨ

ਅਵਤਾਰ ਸਾਦਿਕ
ਜ. ਸਕੱਤਰ ਭਾਰਤੀ ਮਜ਼ਦੂਰ ਸਭਾ ਗ. ਬ.

ਵੀਅਤਨਾਮ ਦੇ ਇਨਕਲਾਬ ਦਾ ਮਹਾਨ ਯੋਧਾ ਲੀ ਡੂਆਨ ਦਸ ਜੁਲਾਈ ਨੂੰ ਹਨੋਈ ਵਿਖੇ ਸਦੀਵੀ ਵਿਛੋੜਾ ਦੇ ਗਿਆ! ਲੀ ਡੂਆਨ ਜਿਨ੍ਹਾਂ ਮਹਾਨ ਹੋਚੀ ਮਿਨ ਨਾਲ ਮੋਢੇ ਨਾਲ ਮੋਢਾ ਜੋੜ ਕੇ ਫਰਾਂਸੀਸੀ ਬਸਤੀਵਾਦ ਤੇ ਅਮਰੀਕਨ ਸਾਮਰਾਜ ਵਿਰੁਧ ਆਪਦੇ ਦੇਸ਼ ਨੂੰ ਆਜ਼ਾਦ ਕਰਵਾਉਣ ਲਈ ਇਤਿਹਾਸਕ ਘੋਲ ਲੜਿਆ, ਉਹ 1960 ਤੋਂ ਵੀਅਤਨਾਮ ਦੀ ਕਮਿਊਨਿਸਟ ਪਾਰਟੀ ਦੇ ਜਨਰਲ ਸਕੱਤਰ ਚਲੇ ਆ ਰਹੇ ਸਨ। ਕੌਮਾਂਤਰੀ ਪਧਰ ਦੇ ਪ੍ਰਸਿਧ ਇਨਕਲਾਬੀ ਨਾਇਕ ਨੂੰ ਬੁਢੇਪੇ ਵਿਚ ਗੰਭੀਰ ਬੀਮਾਰੀ ਨੂੰ ਨਵੀਨ ਕਿਸਮ ਦਾ ਮੈਡੀਕਲ ਇਲਾਜ ਬਚਾ ਨਾ ਸਕਿਆ। ਉਨ੍ਹਾਂ ਦੀ ਉਮਰ ਸਦੀਵੀ ਵਿਛੋੜੇ ਸਮੇਂ 79 ਵਰ੍ਹਿਆਂ ਦੀ ਸੀ।

ਵੀਅਤਨਾਮ ਦੇ ਲੋਕਾਂ ਇਸ ਮਹਾਨ ਯੋਧੇ ਨੂੰ ਸ਼ਰਧਾਂਜਲੀ ਭੇਂਟ ਕਰਨ ਲਈ ਪੰਜ ਦਿਨਾਂ ਦਾ ਸੋਗ ਮਨਾਇਆ ਹੈ। ਮਹਾਨ ਯੋਧੇ ਦੇ ਵਿਛੜਨ ਨਾਲ ਵੀਅਤਨਾਮ ਦੀ ਕਮਿਊਨਿਸਟ ਪਾਰਟੀ ਤੇ ਵੀਅਤਨਾਮ ਦੇ ਲੋਕਾਂ ਨੂੰ ਹੀ ਘਾਟਾ ਨਹੀਂ ਪਿਆ ਸਗੋਂ ਉਨ੍ਹਾਂ ਦੀ ਘਾਟ ਨੂੰ ਕੌਮਾਂਤਰੀ ਪੱਧਰ ਦੇ ਡੂੰਘੇ ਦੁੱਖ ਨਾਲ ਮਹਿਸੂਸ ਕੀਤਾ ਜਾ ਰਿਹਾ ਹੈ।

ਸੁਤੰਤਰਤਾ ਘੁਲਾਟੀਆ ਲੀ ਡੂਆਨ 1907 ਵਿਚ ਕੇਂਦਰੀ ਵੀਅਤਨਾਮ ਦੇ ਬਿਨ ਟਰਾਈ ਥੀਆਨ ਦੇ ਸੂਬੇ ਵਿਚ ਇਕ ਤਰਖਾਣ ਕੰਮ ਕਰਦੇ ਪ੍ਰਵਾਰ ਦੇ ਘਰ ਜਨਮ ਲਿਆ। ਉਹ 19 ਵਰ੍ਹੇ ਦੀ ਉਮਰ ਵਿਚ ਫਰਾਂਸੀਸੀ ਬਸਤੀਵਾਦ ਵਿਰੁੱਧ ਦੇਸ਼ ਭਗਤ ਲਹਿਰ ਵਿਚ ਸਰਗਰਮ ਹੋ ਗਏ ਸਨ। ਉਨ੍ਹਾਂ ਦੋ ਵਰ੍ਹਿਆਂ ਬਾਦ ਮਹਾਨ ਹੋਚੀਮਿਨ ਦੁਆਰਾ ਕਾਇਮ ਕੀਤੀ ਨੌਜਵਾਨਾਂ ਦੀ ਇਨਕਲਾਬੀ ਜਥੇਬੰਦੀ ਵਿਚ ਭਰਤੀ ਹੋ ਗਏ ਤੇ 1930 ਵਿਚ ਇੰਡੋ ਚਾਈਨੀ ਕਮਿਊਨਿਸਟ ਪਾਰਟੀ ਵਿਚ ਸ਼ਾਮਲ ਹੋ ਗਏ ਜਿਹੜੀ ਕਿ ਬਾਅਦ ਵਿਚ ਵੀਅਤਨਾਮ ਦੀ ਕਮਿਊਨਿਸਟ ਪਾਰਟੀ ਕਰਕੇ ਜਾਣੀ ਗਈ। ਥੋੜ੍ਹੇ ਸਮੇਂ ਵਿਚ ਹੀ ਉਹ ਪਾਰਟੀ ਦੇ ਨੇਤਾ ਦੇ ਰੂਪ ਵਿਚ ਸਾਹਮਣੇ ਆਏ।

ਉਨ੍ਹਾਂ ਨੂੰ 1932 ਵਿਚ ਹੀ ਫਰਾਂਸੀਸੀ ਬਸਤੀਵਾਦ ਵਿਰੁੱਧ ਇਨਕਲਾਬੀ ਸਰਗਰਮੀਆਂ ਕਰਨ ਦੇ ਦੋਸ਼ ਵਿਚ ਫੜ ਲਿਆ ਗਿਆ ਤੇ 20 ਸਾਲ ਲਈ ਜੇਲ੍ਹ ਦਿਤੀ ਗਈ, ਪਰ ਚਾਰ ਸਾਲ ਬਾਦ ਰਿਹਾ ਕਰ ਦਿਤਾ ਗਿਆ। ਫਿਰ 1936 ਵਿਚ ਮੁੜ ਦਸ ਸਾਲ ਦੀ ਜੇਲ੍ਹ ਹੋਈ, ਪਰ 'ਮੁਕਤੀ ਸੈਨਾ' ਨੇ ਜੇਲ੍ਹ ਵਿਚੋਂ ਰਿਹਾ ਕਰਵਾ ਲਿਆ।

ਉਹ 1951 ਤੋਂ ਹੀ ਕਮਿਊਨਿਸਟ ਪਾਰਟੀ ਦੇ ਪੋਲਿਟ ਬਿਊਰੋ ਦੇ ਮੈਂਬਰ ਚਲੇ ਆ ਰਹੇ ਸਨ। ਕਮਿਊਨਿਸਟ ਪਾਰਟੀ ਦੀ ਤੀਜੀ ਕਾਨਫਰੰਸ ਜਿਹੜੀ ਕਿ 1960 ਵਿਚ ਹੋਈ ਸੀ ਉਸ ਵਿਚ ਉਨ੍ਹਾਂ ਪਾਰਟੀ ਦਾ ਜਨਰਲ ਸਕੱਤਰ ਦਾ ਅਹੁਦਾ ਸੰਭਾਲਿਆ ਸੀ।



x (ਲੀ ਡੂਆਨ) ਇਨਕਲਾਬੀ ਯੋਧਾ ਨੌਜਵਾਨ ਪਾਰਟੀ ਡੈਲੀਗੇਟਾਂ ਵਿਚਕਾਰ 1982 ਦੀ ਕਾਨਫਰੰਸ ਸਮੇਂ

ਫਰਾਂਸੀਸੀ ਬਸਤੀਵਾਦ ਤੋਂ ਉਤਰੀ ਵੀਅਤਨਾਮ ਨੂੰ ਆਜ਼ਾਦ ਕਰਵਾਉਣ ਬਾਦ ਦੱਖਣੀ ਵੀਅਤਨਾਮ ਨੂੰ ਅਮਰੀਕਨ ਸਾਮਰਾਜ ਤੋਂ ਆਜ਼ਾਦ ਕਰਵਾਉਣ ਲਈ ਘੋਲ ਅਰੰਭਿਆ। ਇਸ ਘੋਲ ਲਈ ਵੀਅਤਨਾਮ ਦੇ ਲੋਕਾਂ ਦੀ ਸਹਾਇਤਾ, ਉਤਸ਼ਾਹ, ਇਨਕਲਾਬੀ ਚੇਤਨਤਾ ਤੇ ਬੇਮਿਸਾਲ ਕੁਰਬਾਨੀਆਂ ਸਦਕੇ 30 ਅਪ੍ਰੈਲ 1975 ਨੂੰ ਅਮਰੀਕਨ ਸਾਮਰਾਜ ਨੂੰ ਹਰਾਇਆ ਤੇ ਸੈਗਾਓਂ ਸ਼ਹਿਰ ਦਾ ਨਾਂਓ ਹੋਚੀਮਿੰਨ ਸ਼ਹਿਰ ਰੱਖਿਆ। ਉਤਰ ਤੇ ਦੱਖਣੀ ਵੀਅਤਨਾਮ ਦੀ ਏਕਤਾ ਦੀ ਕਾਇਮੀ ਦੀ ਮਿਸਾਲ ਸੰਸਾਰ ਦੇ ਆਜ਼ਾਦੀ ਤੇ ਦੇਸ਼ ਭਗਤ ਲੋਕਾਂ ਲਈ ਚਾਨਣ ਮੁਨਾਰੇ ਦਾ ਕੰਮ ਦੇਂਦੀ ਹੈ।

ਦੇਸ਼ ਨੂੰ ਸਾਮਰਾਜ ਤੋਂ ਹੀ ਆਜ਼ਾਦ ਨਹੀਂ ਕਰਵਾਇਆ ਸਗੋਂ ਜਮਾਤ ਰਹਿਤ ਸਮਾਜ ਦੀ ਨੀਂਹ ਰੱਖਕੇ 30 ਸਾਲ ਲਗਾਤਾਰ ਜੰਗ ਦੁਆਰਾ ਤਬਾਹ ਹੋਏ ਦੇਸ਼ ਨੂੰ ਮੁੜ ਉਸਾਰਨ ਲਈ ਇਕ ਵੱਡਾ ਰੋਲ ਅਦਾ ਕੀਤਾ। ਖੁਰਾਕ ਐਨਰਜੀ ਤੇ ਸਨਅਤੀ ਖੇਤਰਾਂ ਵਿਚ ਪਿਛਲੇ 11 ਵਰ੍ਹਿਆਂ ਤੋਂ ਸਵੈ ਨਿਰਭਰਤਾ ਵੀ ਪ੍ਰਾਪਤ ਕੀਤੀ ਹੈ।

ਆਪਣੇ ਦੇਸ਼ ਦੀ ਉਸਾਰੀ, ਏਕਤਾ ਤੇ ਖੁਸ਼ਹਾਲੀ ਲਈ ਇਕ ਸ਼ਾਨਦਾਰ ਰੋਲ ਅਦਾ ਕਰਦਿਆਂ ਮਹਾਨ ਘੁਲਾਟੀਏ ਨੇ ਗੁਆਂਢੀ ਦੇਸ਼ ਲੌਸ ਕੰਪੂਚੀਆਂ ਦੀ ਕੌਮੀ ਆਜ਼ਾਦੀ ਨੂੰ ਪੋਲ ਪੌਟ ਦੀ ਇਨਕਲਾਬ ਵਿਰੋਧੀ ਜੁੰਡਲੀ ਦੇ ਘਾਤਕ ਹਮਲਿਆਂ ਤੋਂ ਬਚਾਉਣ ਲਈ ਕੰਪੂਚੀਆਂ ਦੀ ਸਮਾਜਵਾਦੀ ਸਰਕਾਰ ਨੂੰ ਸਹਾਇਤਾ ਦਿਤੀ।

ਉਨ੍ਹਾਂ ਦਾ ਅੰਤਰ ਰਾਸ਼ਟਰੀ ਮੰਚ ਤੇ ਰੂਸ ਵਿਚ 27ਵੀਂ ਕਾਨਫਰੰਸ ਵਿਚ ਭਾਗ ਲੈਣ ਸਮੇਂ ਲੰਮੇ ਚਿਰ ਲਈ ਤਾੜੀਆਂ ਨਾਲ ਸੁਆਗਤ ਹੁੰਦਾ ਰਿਹਾ।

ਇਸ ਮਹਾਨ ਯੋਧੇ ਨੂੰ ਰੂਸ ਵਲੋਂ 1980 ਵਿਚ 'ਅੰਤਰਰਾਸ਼ਟਰੀ ਲੈਨਿਨ ਅਮਨ ਇਨਾਮ' ਦਿਤਾ ਗਿਆ ਸੀ।

ਅਦਾਰਾ 'ਲੋਕਤਾ' ਮਹਾਨ ਯੋਧੇ ਲੀ ਡੂਆਨ ਦੇ ਸਦੀਵੀ ਵਿਛੋੜੇ ਤੇ ਕਮਿਊਨਿਸਟ ਪਾਰਟੀ ਪ੍ਰਵਾਰ ਤੇ ਵੀਅਤਨਾਮ ਦੇ ਲੋਕਾਂ ਦੇ ਦੁਖ ਵਿਚ ਸ਼ਾਮਲ ਹੁੰਦਾ ਹੈ।

ਅਸੀਂ ਜਦੋਂ ਇਸ ਮਹੀਨੇ ਭਾਰਤ ਦਾ ਆਜ਼ਾਦੀ ਅੰਕ ਪੇਸ਼ ਕਰਦੇ ਹੋਏ ਇਸ ਇਨਕਲਾਬੀ ਘੁਲਾਟੀਏ ਨੂੰ ਸ਼ਰਧਾਂਜਲੀ ਭੇਂਟ ਕਰਦੇ ਹਾਂ।

ਅਸਾਂ ਬਰਤਾਨਵੀ ਸਾਮਰਾਜ ਕੋਲੋਂ ਤਾਂ ਆਪਣਾ ਭਾਰਤ ਦੇਸ ਆਜ਼ਾਦ ਕਰਵਾ ਲਿਆ ਪਰ ਸਾਮਰਾਜ ਹੁਣ ਫੇਰ ਦੇਸ਼ ਵਿਚ ਵਖਵਾਦੀ ਤੇ ਅਤਿਵਾਦੀ ਤਾਕਤਾਂ ਨੂੰ ਹਰ ਤਰ੍ਹਾਂ ਦੀ ਸਹਾਇਤਾ ਦੇ ਕੇ ਦੇਸ਼ ਦੀ ਆਜ਼ਾਦੀ ਤੇ ਏਕਤਾ ਨੂੰ ਖਤਰੇ ਵਿਚ ਪਾ ਰਿਹਾ ਹੈ। ਦੇਸ਼ ਦੀਆਂ ਜਮਹੂਰੀ ਤੇ ਦੇਸ਼ ਭਗਤ ਤਾਕਤਾਂ ਨੂੰ ਵੀਤਨਾਮ ਦਾ ਸੁਤੰਤਰਤਾ ਦਾ ਘੋਲ, ਸਮਾਜਵਾਦ ਵੱਲ ਵਧਣ ਲਈ ਉਤਸ਼ਾਹ ਹੀ ਨਹੀਂ ਦੇਂਦਾ, ਸਗੋਂ ਏਕਤਾ, ਆਜ਼ਾਦੀ ਤੇ ਸਮਾਜਵਾਦ ਲਈ ਵਰ੍ਹਿਆਂ ਬੱਧੀ ਨਿਰੰਤਰ ਘੋਲ ਕਰਨ ਲਈ ਇਨਕਲਾਬੀ ਪਾਰਟੀ ਦੇ ਮਹਾਨ ਰੋਲ ਤੇ ਵੀ ਰੋਸ਼ਨੀ ਪਾਉਂਦਾ ਹੋਇਆ ਦੁਸ਼ਮਣ ਤਾਕਤਾਂ ਵਿਰੁਧ ਲੜਨ ਦਾ ਬਲ ਪ੍ਰਦਾਨ ਕਰਦਾ ਹੈ।

—ਖੂੰਨ-ਆਬ—

(ਅਤੰਕਵਾਦੀਆਂ ਹਥੋਂ ਮਾਰੇ ਗਏ ਇਕ ਨਿਰਦੋਸ਼ ਗਭਰੂ ਦੀ ਯਾਦ ਵਿਚ)

ਮੇਰੇ ਪਿੰਡ ਦੀਏ ਧੀਏ !
ਤੇਰੇ ਵੀਰ ਦੀ ਚਿਤਾ
ਕੋਲ ਵਗਦਾ ਪਿਆ
ਇਕ 'ਛੇਵਾਂ ਦਰਿਆ'
ਹਾਏ 'ਖੂੰਨ-ਆਬ' ਦਾ...

ਪੰਜਾਂ ਪਾਣੀਆਂ ਦੀ ਰਾਣੀ
ਪਈ ਬੁੱਕ ਬੁੱਕ ਰੋਵੇ
ਲੱਗੇ ਖੂੰਨ ਦਿਆਂ ਛੱਪੜਾਂ
ਤੇ ਝੁੱਕ ਝੁੱਕ ਰੋਵੇ
ਭਿੱਜੀ ਲਹੂ ਨਾਲ ਖਾਬ
ਪਈ ਚੁੱਕ ਚੁੱਕ ਰੋਵੇ
ਕਿਤੇ ਸਹਿਕਦੀ ਪਈ ਲਾਸ਼
ਕੋਲ ਢੁੱਕ ਢੁੱਕ ਰੋਵੇ
ਮਰ ਮੁਕਦੇ ਸੁਹਾਗ
ਨਾਲ ਮੁੱਕ ਮੁੱਕ ਰੋਵੇ
ਕਿਤੇ ਅਰਥੀ ਨੂੰ ਵੇਖ
ਪਈ ਚਾਰ ਚਾਰ ਰੋਵੇ
ਭੁੱਬਾਂ ਮਾਰ ਮਾਰ ਰੋਵੇ
ਚਿਤਾ ਮੱਚਦੀ ਸਰ੍ਹਾਣੇ
ਪਈ ਸੁੱਕ ਸੁੱਕ ਰੋਵੇ
ਭਰੇ ਫੋੜਿਆਂ ਦੇ ਵਾਂਗ
ਪਈ ਦੁੱਖ ਦੁੱਖ ਰੋਵੇ
ਦਿਨੇ ਮੱਚ ਮੱਚ ਰੋਵੇ
ਰਾਤੀਂ ਧੁੱਖ ਧੁੱਖ ਰੋਵੇ
ਮੋਏ ਪੁੱਤਰਾਂ ਦਾ ਗਮ
ਹਾਏ ! ਮਾਰ ਹੀ ਗਿਆ.....

ਜਿੱਸ ਅੰਮੜੀ ਨੇ ਜੰਮੇ
ਲੱਖਾਂ ਸੂਰਮੇ ਅਗੰਮੇ
ਜੇਰੇ ਸਾਗਰਾਂ ਤੋਂ ਵਡੇ
ਦਾਈਏ ਅੰਬਰਾਂ ਤੋਂ ਲੰਮੇ
ਵਹਿਣ ਨਦੀਆਂ ਦੇ ਮੋੜੇ
ਮਾਣ ਜਾਬਰਾਂ ਦੇ ਤੋੜੇ
ਪਾਲੀ ਅੰਮੜੀ ਦੀ ਲਾਜ
ਹੱਲੇ ਵੈਰੀਆਂ ਦੇ ਥੰਮੇ
ਉਹਦੀ ਕੁੱਖ ਚੋਂ ਕਪੁੱਤ
ਹਾੜਾ ਜੰਮ ਪਏ ਨਿਕੰਮੇ
ਜੀਹਨਾਂ ਅੰਮੜੀ ਦੀ ਆਨ
ਪੰਜਾਂ ਪਾਣੀਆਂ ਦੀ ਸ਼ਾਨ
ਹੱਕ ਸੱਚ ਤੇ ਈਮਾਨ
ਦਿਤੇ ਖਾਕ 'ਚ ਮਿਲਾ......

ਮੇਰੇ ਪਿੰਡ ਦੀਏ ਧੀਏ !
ਤੇਰੇ ਵੀਰ ਦੀ ਚਿਤਾ
ਕੋਲ ਵੱਗਦਾ ਪਿਆ
ਇਕ 'ਛੇਵਾਂ ਦਰਿਆ'
ਹਾਏ ! 'ਖੂੰਨ-ਆਬ' ਦਾ


ਮੇਰੇ ਪਿੰਡ ਦੀਏ ਧੀਏ !
ਗਲ ਲੱਗ ਲੱਗ ਰੋਈਏ
ਪੰਜਾਂ ਪਾਣੀਆਂ ਦੇ ਸੰਗ
ਪਏ ਵੱਗ ਵੱਗ ਰੋਈਏ !
ਆ ਜੱਗ ਨੂੰ ਰੁਆਈਏ
ਅਤੇ ਰੋਂਦਿਆਂ ਦਿਲਾਂ ਨੂੰ
ਇਕ ਥਾਂ ਤੇ ਬਿਠਾਈਏ
ਇਕ ਕਾਫਲਾ ਬਣਾਈਏ
ਘੁੰਮ ਸ਼ਹਿਰ ਸ਼ਹਿਰ ਜਾਈਏ
ਚਲ ਪਿੰਡ ਪਿੰਡ ਜਾਈਏ
ਗਲੀ ਗਲੀ ਤੇ ਮੁਹੱਲੇ
ਵੱਸ ਜਿਤਨਾ ਵੀ ਚੱਲੇ
ਦੇਈਏ 'ਮਰਦਾਂ' ਨੂੰ ਮਿਹਣੇ
ਮਰਦਾਨਗੀ ਜਗਾਈਏ
ਗਾ 'ਬਾਬਿਆਂ' ਦੀ ਵਾਰ
ਤੇ 'ਸਰਾਭਿਆਂ' ਦੀ ਵਾਰ
ਠੱਲ੍ਹ ਜਾਬਰਾਂ ਨੂੰ ਪਾਈਏ
ਠੱਲ੍ਹ ਕਾਤਲਾਂ ਨੂੰ ਪਾਈਏ

ਹਾਲੇ ਮਰੀ ਨਹੀਂ ਪ੍ਰੀਤ
ਜੀਂਦੇ ਮਿਲਣੀ ਦੇ ਗੀਤ
ਕੁਰਬਾਨੀਆਂ ਦਾ ਜੀਂਦਾ
ਸ਼ਾਨਦਾਰ ਹੈ ਅਤੀਤ
ਦਈਏ ਜੱਗ ਨੂੰ ਵਿਖਾ......

ਮੇਰੇ ਪਿੰਡ ਦੀਏ ਧੀਏ !
ਤੇਰੇ ਵੀਰ ਦੀ ਚਿਤਾ
ਕੋਲ ਵੱਗਦਾ ਪਿਆ
ਇਕ 'ਛੇਵਾਂ ਦਰਿਆ'
ਹਾਏ 'ਖੂੰਨਆਬ' ਦਾ

ਵੱਡਾ ਰੋਸ ਤੇ ਸਬਰ
ਵਾਲਾ, ਘੁੱਟ ਇਕ ਭਰ
ਆ ਜਾ ਬੰਨ੍ਹੀਏ ਕਮਰ
ਆ ਜਾ ਪੁੱਟੀਏ ਕਬਰ
ਸਾਮਰਾਜ ਦੇ ਖਰੀਦੇ
ਗੁਨਾਹਗਾਰ ਤੇ ਜਨੂੰਨੀ
ਵੈਰੀ ਸੱਭਿਤਾ ਦੇ ਖੂੰਨੀ
ਦੇਈਏ ਕਬਰਾਂ 'ਚ ਪਾ......
ਮੇਰੇ ਪਿੰਡ ਦੀਏ ਧੀਏ !
ਤੇਰੇ ਵੀਰ ਦੀ ਚਿਤਾ
ਕੋਲ ਵਗਦਾ ਪਿਆ
ਇਕ 'ਛੇਵਾਂ ਦਰਿਆ'
ਹਾਏ 'ਖੂੰਨਆਬ' ਦਾ

—ਦਰਸ਼ਨ ਸਿੰਘ ਮਾਸਟਰ



ਸ਼ਾਹੂਕਾਰ ਗੁਲਾਮੀ ਅੰਦਰ ਜੈਸੇ ਕੀੜਾ ਮੋਰੀ ਦਾ
ਸੇਵਾ ਖਾਤਰ ਕੁਝ ਨਾ ਦੇਂਦਾ ਘੁਟ ਲਿਆ
ਮੂੰਹ ਬੋਰੀ ਦਾ।
ਗਦਰ ਪਾਰਟੀ ਲੇਖਾ ਲੈਣਾ ਕੰਮ ਨਹੀਂ
ਕੋਈ ਚੋਰੀ ਦਾ।
ਰਲ ਮਿਲ ਸਭੇ ਕਰੋ ਖਾਤਮਾ ਕੌਮ
ਫਰੰਗੀ ਗੋਰੀ ਦਾ।
ਸ਼ਾਹੂਕਾਰੋ ਰਲ ਮਿਲ ਕੇ ਇਹ ਸਾਂਝਾ
ਕੰਮ ਚਲਾਵਣ ਦਾ।
ਆਉ ਸ਼ੇਰੋ ਗਦਰ ਮਚਾਈਏ ਵੇਲਾ ਨਹੀਂ
ਖੁੰਜਾਵਣ ਦਾ।

ਅਮਰੀਕਾ ਦਾ ਸਾਹਿਤ

ਸੰਕਲਨ :
ਜਸਪਾਲ ਸਿੰਘ ਸੂਸ, ਸੰਤੋਖ ਸਿੰਘ ਗਿੱਲ

ਕਹਾਣੀ:

ਪਹਿਲਾ ਕੇਸ

ਰਾਬਿੰਦਰ ਸਿੰਘ ਅਟਵਾਲ, ਯੂਬਾ ਸਿਟੀ

"ਤੁਹਾਨੂੰ ਕਿਸੇ ਤਜਰਬੇ ਦੀ ਲੋੜ ਨਹੀਂ ਹੈ। ਟਰੇਨਿੰਗ ਅਸੀਂ ਆਪ ਦੇਵਾਂਗੇ। ਪੰਜਾਹ ਹਜ਼ਾਰ ਸਾਲਾਨਾ ਕਮਾ ਲੈਣਾ, ਕੋਈ ਮੁਸ਼ਕਲ ਨਹੀਂ ਹੋਵੇਗਾ। ਜੇ ਦਿਲਚਸਪੀ ਹੈ ਤਾਂ ਇਸ ਨੰਬਰ ਤੇ ਹੁਣੇ ਹੀ ਟੈਲੀਫੋਨ ਕਰੋ।"


ਬੱਸ, ਇਸੇ ਤਰ੍ਹਾਂ ਦੀ ਨੌਕਰੀ ਜਾਂ ਕੰਮ ਚਾਹੁੰਦਾ ਸੀ ਉਹ। ਜਿਸ ਵਿਚ ਆਮਦਨ ਚੰਗੀ ਹੋਵੇ ਤੇ ਤਜਰਬੇ ਆਦਿ ਵਾਰੇ ਨਾ ਪੁਛਿਆ ਹੋਵੇ। ਗੁਰਮੋਹਨ ਨੂੰ ਅਮਰੀਕਾ ਆਇਆਂ ਸਾਲ ਤੋਂ ਵੱਧ ਹੋ ਚੁਕਿਆ ਸੀ। ਹੁਣ ਤੱਕ ਕੋਈ ਚੱਜ ਦਾ ਕੰਮ ਉਸ ਨੂੰ ਨਹੀਂ ਸੀ ਮਿਲਿਆ। ਬੱਸ ਕਿਸੇ ਫਾਰਮ ਤੇ ਪਾਣੀ ਲਾ ਆਉਂਦਾ, ਬੂਟੇ ਛਾਂਗ ਦਿੰਦਾ, ਜਾਂ ਫਲਾਂ ਦੀ ਤੁੜਾਈ ਸਮੇਂ ਫਲ ਤੋੜਨ ਚਲਿਆ ਜਾਂਦਾ। ਗਰਮੀ ਹੁੰਦੀ ਜਾਂ ਸਰਦੀ, ਮੀਂਹ ਹਨੇਰੀ ਝੱਖੜਾਂ ਦੇ ਵਿਚ ਉਹ ਫਾਰਮਾਂ ਤੇ ਕੰਮ ਕਰਦਾ, ਮਿੱਟੀ ਦੇ ਨਾਲ ਮਿੱਟੀ ਹੋਇਆ ਰਹਿੰਦਾ। ਪਰ ਇਹ ਕੰਮ ਭਹ ਕਿਹੜੇ ਪੱਕੇ ਸਨ। ਕਈ ਵਾਰ ਹਫਤਿਆਂ ਬੱਧੀ ਉਸ ਨੂੰ ਬੇਕਾਰ ਰਹਿਣਾ ਪੈਂਦਾ। ਫਾਰਮਰਾਂ ਨੂੰ ਟੈਲੀਫੋਨ ਕਰ ਕਰ ਕੇ ਕੰਮ ਦੇ ਲਈ ਪੁਛਦਾ ਪੁਛਦਾ ਉਹ ਥੱਕ ਜਾਂਦਾ। ਉਸ ਨੂੰ ਨਫਰਤ ਸੀ, ਅਜੇਹੇ ਕੰਮਾਂ ਦੇ ਨਾਲ। ਕਈ ਵਾਰ ਗੁਰਮੋਹਨ ਨੂੰ ਲਗਦਾ ਕਿ ਉਹ ਕੰਮ ਨਹੀਂ ਪੁਛ ਰਿਹਾ ਸਗੋਂ ਜਿਵੇਂ ਭੀਖ ਮੰਗ ਰਿਹਾ ਹੋਵੇ। ਕੰਮ ਵਾਸਤੇ ਪੁਛਣ ਵੇਲੇ ਉਸ ਦੇ ਵਿਚ ਘਟੀਆ ਪਨ ਦਾ ਅਹਿਸਾਸ ਜਾਗ ਪੈਂਦਾ।

ਸ਼ੁਕਰ ਹੈ ਕਿ ਬੀਵੀ ਬੱਚੇ ਅਜੇ ਇੰਡੀਆ ਸਨ। ਇਸੇ ਲਈ ਕਿਸੇ ਨਾ ਕਿਸੇ ਤਰ੍ਹਾਂ ਗੁਜ਼ਾਰਾ ਹੋ ਰਿਹਾ ਸੀ। ਨਹੀਂ ਤੇ ਪਤਾ ਨਹੀਂ ਕੀ ਹਾਲ ਹੁੰਦਾ? ਉਸ ਨੇ ਧੜਕਦੇ ਦਿਲ ਨਾਲ ਕਾਹਲੀ ਕਾਹਲੀ ਅਖਬਾਰ ਵਿਚ ਦਿੱਤੇ ਨੰਬਰ ਤੇ ਟੈਲੀਫੋਨ ਕੀਤਾ। ਅਗੋਂ ਉਸ ਨੂੰ ਹੁੰਗਾਰਾ ਆਸ ਤੋਂ ਕਿਤੇ ਵੱਧ ਚੰਗਾ ਮਿਲਿਆ। ਕਿਹਾ ਗਿਆ ਕਿ ਉਹ ਜਲਦੀ ਤੋਂ ਜਲਦੀ ਦਫਤਰ ਵਿਚ ਆ ਕੇ ਮਿਸਟਰ ਮੈਕੱਲੋਮਨ ਨੂੰ ਮਿਲੇ।

ਗੁਰਮੋਹਨ ਨੂੰ ਇਕ ਨਵੀਂ ਆਸ ਬੱਝ ਗਈ। ਉਹ ਖੁਸ਼ ਸੀ। ਚੰਗੀ ਆਮਦਨ ਤੇ ਚੰਗੇ ਭਵਿਖਤ ਦਾ ਤਸੱਵਰ ਕਰ ਕਰ ਕੇ ਉਹ ਇਕ ਸੁਹਣੇ ਘਰ, ਚੰਗੇ ਫਰਨੀਚਰ, ਵੱਡੀ ਚਮਕਦਾਰ ਕਾਰ ਦੇ ਸੁਪਨੇ ਲੈਣ ਲੱਗ ਪਿਆ।

ਅਗਲੀ ਸਵੇਰ ਉਹ ਆਮ ਨਾਲੋਂ ਪਹਿਲਾਂ ਉਠਿਆ। ਬਾਥ ਰੂਮ ਦੇ ਸ਼ੀਸ਼ੇ ਦੇ ਸਾਹਮਣੇ ਕਾਫੀ ਸਮਾਂ ਲਾਇਆ ਤਾਂ ਜਦੋਂ ਘਰੋਂ ਨਿਕਲਿਆ ਤਾਂ ਉਸ ਨੂੰ ਪੂਰਨ ਆਸ ਸੀ ਕਿ ਇੰਟਰਵੀਊ ਲੈਣ ਵਾਲੇ ਉਸ ਦੀ ਸ਼ਖਸੀਅਤ ਡਰੈਸ ਜਾਂ ਸਫਾਈ ਪਖੋਂ, ਉਸ ਵਿਚ ਕੋਈ ਨੁਕਸ ਨਹੀਂ ਕੱਢ ਸਕਣਗੇ। ਫਿਰ ਭੀ ਉਸ ਦਾ ਦਿਲ ਇਕ ਅਣਜਾਣੇ ਖੌਫ ਦੇ ਕਾਰਨ ਧੜਕ ਰਿਹਾ ਸੀ ਕਿ ਜੇ ਉਸ ਨੂੰ ਨਾ ਚੁਣਿਆ ਗਿਆ ਤਾਂ?

ਉਹ ਸੋਚ ਰਿਹਾ ਸੀ ਕਿ ਜਦੋਂ ਉਹ ਅਜੇ ਇੰਡੀਆ ਸੀ ਤਾਂ ਕਿੰਨੇ ਸਾਲਾਂ ਤੋਂ ਇਸ ਉਡੀਕ ਵਿਚ ਸੀ ਕਿ ਕਦੋਂ ਅਮਰੀਕਾ ਆਉਣ ਦਾ ਚਾਂਸ ਮਿਲਦਾ ਹੈ। ਅਮਰੀਕਾ ਦੀ ਆਸ ਵਿਚ ਉਸ ਨੇ ਉਮਰ ਦੇ ਕਿੰਨੇ ਸਾਲ ਬੇਕਾਰ ਘਰ ਬੈਠਿਆਂ ਗੰਵਾ ਦਿਤੇ ਸਨ। ਅਮਰੀਕਾ ਉਹਦੇ ਤੇ ਉਹਦੇ ਘਰ ਵਾਲਿਆਂ ਦੇ ਵਾਸਤੇ ਇਕ ਸੋਨੇ ਦਾ ਦੇਸ਼, ਜਾਦੂ ਦੀ ਧਰਤੀ ਸੀ, ਜਿਥੇ ਪੁਜ ਕੇ ਸਾਰੀਆਂ ਮੁਸ਼ਕਲਾਂ ਹੱਲ ਹੋ ਜਾਂਦੀਆਂ ਹਨ। ਇਥੇ ਪੁਜ ਕੇ ਜਿੰਨਾਂ ਮੁਸ਼ਕਲਾਂ ਦਾ ਸਾਹਮਣਾ ਉਸ ਨੂੰ ਕਰਨਾ ਪਿਆ, ਇੰਡੀਆ ਵਿਚ ਰਹਿੰਦੇ ਹੋਇਆਂ ਉਨ੍ਹਾਂ ਦਾ ਚਿੱਤ ਚੇਤਾ ਭੀ ਨਹੀਂ ਸੀ। ਹੁਣ ਤੱਕ ਜੋ ਕੁਝ ਉਸਨੇ ਕਮਾਇਆ ਸੀ ਉਹਦੇ ਨਾਲ ਇਹ ਥਰਡ ਹੈਂਡ ਕਾਰ



ਖ਼ੀਦਣ ਤੋਂ ਉਪਰੰਤ ਕੁਝ ਕੁ ਡਾਲਰ ਬੈਂਕ ਵਿਚ ਜਮ੍ਹਾਂ ਕਰਾ ਸਕਿਆ ਸੀ। ਉਸ ਨੇ ਮਨ ਬਣਾਇਆ ਕਿ ਇਨਾਂ ਬਚਤ ਕੀਤੇ ਡਾਲਰਾਂ ਨੂੰ ਉਹ ਇੰਡੀਆ ਪਰਵਾਰ ਦੇ ਖਰਚੇ ਵਾਸਤੇ ਭੇਜ ਦੇਵੇਗਾ। ਇੰਡੀਆ ਵਿਚ ਉਸ ਦਾ ਪਰਵਾਰ ਪਹਿਲੀ ਵਾਰ ਅਮਰੀਕਾ ਤੋਂ ਆਇਆ ਪੈਸਿਆਂ ਨੂੰ ਵਸੂਲ ਕਰਕੇ ਕਿੰਨਾ ਖੁਸ਼ ਹੋਵੇਗਾ? ਹੁਣ ਤੱਕ ਇੰਡੀਆ ਉਸ ਨੇ ਕੁਝ ਨਹੀਂ ਸੀ ਭੇਜਿਆ। ਇਥੇ ਖਰਚ ਹੀ ਨਹੀਂ ਸਨ ਪੇਸ਼ ਜਾਣ ਦਿੰਦੇ।

ਕਦੇ ਕਦੇ ਘਬਰਾ ਕੇ ਉਹ ਸੋਚਦਾ ਕਿ ਇਸ ਨਾਲੋਂ ਤੇ ਵਾਪਸ ਹੀ ਮੁੜ ਜਾਵਾਂ ਪਰ ਫਿਰ ਸੋਚਦਾ ਕਿ ਉਥੇ ਜਾ ਕੇ ਭੀ ਕੀ ਕਰਾਂਗਾ? ਲੋਕ ਕੀ ਸੋਚਣਗੇ? ਅੰਗ ਸਾਕ ਕੀ ਕਹਿਣਗੇ? ਉਥੇ ਤੇ ਸਾਰੇ ਸਮਝਦੇ ਹਨ ਕਿ ਇਥੇ ਪੈਸੇ ਦਰਖਤਾਂ ਨੂੰ ਲਗਦੇ ਹਨ। ਅੰਗੂਰਾਂ ਦੀ ਵੇਲਾਂ ਤੇ ਅੰਗੂਰਾਂ ਦਿਆਂ ਗੁਛਿਆਂ ਵਾਂਗ ਨੋਟਾਂ ਦੇ ਭੀ ਗੁਛੇ ਹੁੰਦੇ ਹਨ। ਹਜ਼ਾਰਾਂ ਮੀਲ ਦੂਰ ਬੈਠੇ ਉਹ ਕੀ ਜਾਨਣ ਇਥੇ ਦੀ ਜ਼ਿੰਦਗੀ ਨੂੰ।

ਇੰਟਰਵੀਊ ਦੇ ਟਾਈਮ ਤੋਂ ਕੁਝ ਪਹਿਲਾਂ ਹੀ ਉਹ ਦਫਤਰ ਪੁਜ ਗਿਆ ਸੀ ਗੋਰੀ ਰੀਸੈਪਨਿਸਟ ਨੇ ਨੌਜਵਾਨ ਸੁੰਦਰ ਮੁਸਕਰਾਹਟ ਦੇ ਨਾਲ ਉਸ ਦਾ ਸਵਾਗਤ ਕੀਤਾ ਤਾਂ ਉਸ ਨੂੰ ਇਉਂ ਲੱਗਾ ਕਿ ਅੱਧਾ ਮੋਰਚਾ ਫਤਹਿ ਹੋ ਗਿਆ ਹੈ। ਇੰਟਰ-ਕੋਮ ਦੇ ਰਾਹੀਂ ਉਸ ਕੁੜੀ ਨੇ ਆਪਣੇ ਬਾਸ ਨੂੰ ਉਸ ਦੇ ਆਉਣ ਦੀ ਇਤਲਾਹ ਦਿਤੀ। ਕੁਝ ਕੁ ਮਿੰਟਾਂ ਪਿਛੋਂ ਉਹ ਕੁੜੀ ਉਸ ਨੂੰ ਇਕ ਕਮਰੇ ਵਿਚ ਲੈ ਗਈ ਜਿਥੇ ਪਹਿਲਾਂ ਹੀ ਬੈਠਾ ਨੌਜਵਾਨ ਗੋਰਾ ਉਸ ਨੂੰ ਬਹੁਤ ਨਿਘ ਤੇ ਪਿਆਰ ਦੇ ਨਾਲ ਮਿਲਿਆ। ਗੁਰਮੋਹਨ ਨੂੰ ਦੱਸਿਆ ਗਿਆ ਕਿ ਇਹ ਇਕ ਨਵੀਂ ਸਥਾਪਤ ਹੋਈ ਬੀਮਾ ਕੰਪਨੀ ਦੀ ਬਾਂਚ ਆਫਿਸ ਹੈ। ਉਸ ਨੂੰ ਜਿਸ ਜੌਬ ਵਾਸਤੇ ਬੁਲਾਇਆ ਗਿਆ ਹੈ, ਉਹ ਇਨਸ਼ੋਰੈਂਸ ਏਜੰਟ ਦੀ ਹੈ। ਨਵੇਂ ਬੀਮੇ ਦੇ ਕੇਸ ਹਾਸਿਲ ਕਰਕੇ, ਚੋਖੀ ਕਮਿਸ਼ਨ ਮਿਲਣੀ ਸੀ। ਗੁਰਮੋਹਨ ਨੂੰ ਦਸਿਆ ਗਿਆ ਕਿ ਇਸ ਇਲਾਕੇ ਦੀ ਇੰਡੀਅਨ ਵਸੋਂ ਵਿਚੋਂ, ਆਪਣੇ ਅਸਰ ਰਸੂਖ ਮੇਲ ਜੋਲ ਦੇ ਆਸਰੇ, ਉਹ ਬਹੁਤ ਕੇਸ ਹਾਸਿਲ ਕਰ ਸਕਦਾ ਹੈ। ਬਾਸ ਨੇ ਯਕੀਨ ਦਿਵਾਇਆ ਕਿ ਉਸ ਨੂੰ ਟਰੇਨਿੰਗ ਦਿਤੀ ਜਾਵੇਗੀ ਤੇ ਸਟੇਟ ਲਾਇਸੈਂਸ ਲੈ ਕੇ ਦੇਣ ਵਿਚ ਪੂਰੀ ਪੂਰੀ ਸਹਾਇਤਾ ਕੀਤੀ ਜਾਵੇਗੀ। ਗੁਰਮੋਹਨ ਨੂੰ ਆਪਣੇ ਲੋਕਾਂ ਨੂੰ ਪ੍ਰੇਰ ਕੇ ਇਨਸ਼ੋਰੈਂਸ ਲੈਣਾ ਕੋਈ ਮੁਸ਼ਕਲ ਕੰਮ ਨਾ ਜਾਪਿਆ। ਉਸ ਨੂੰ ਪੂਰਾ ਯਕੀਨ ਹੋ ਗਿਆ ਕਿ ਇਹ ਕੰਮ ਉਸ ਦੀ ਤਬੀਅਤ ਦੇ ਬਿਲਕੁਲ ਅਨੁਕੂਲ ਹੈ। ਸਟੇਟ ਲਾਈਸੈਂਸ ਤੇ ਟਿਊਸ਼ਨ ਫੀਸ ਦੇ ਵਾਸਤੇ ਚੈਕ ਕੱਟ ਕੇ ਦੇਣ ਦੇ ਵਿਚ ਉਸ ਨੇ ਕੋਈ ਹਿਚਕਚਾਹਟ ਮਹਿਸੂਸ ਨਾ ਕੀਤੀ। ਘਰ ਨੂੰ ਵਾਪਸੀ ਤੇ ਉਹ ਆਪਣੇ ਆਪ ਨੂੰ ਬਹੁਤ ਖੁਸ਼ ਖੁਸ਼ ਤੇ ਹਲਕਾ ਹਲਕਾ ਮਹਿਸੂਸ ਕਰ ਰਿਹਾ ਸੀ। ਉਸ ਨੂੰ ਜਾਪ ਰਿਹਾ ਸੀ ਕਿ ਉਜਲੇ ਭਵਿਖਤ ਦੀ ਮੰਜ਼ਲ ਹੁਣ ਬਹੁਤੀ ਦੂਰ ਨਹੀਂ ਹੈ।

ਜਿਸ ਤਜਰਬੇਕਾਰ ਇੰਨਸ਼ੋਰੈਂਸ ਏਜੰਟ ਦੇ ਨਾਲ ਉਸ ਨੂੰ ਟਰੇਨਿੰਗ ਦੇ ਵਾਸਤੇ ਲਾਇਆ ਗਿਆ ਉਹ ਇਕ ਅਧਖੜ੍ਹ ਉਮਰ ਦਾ ਮਿਸਟਰ ਬਰਾਊਨ ਨਾਮ ਦਾ ਗੋਰਾ ਸੀ। ਸ਼ਾਮ ਦੇ ਛੇ ਵਜੇ ਤੋਂ ਨੌਂ ਤੱਕ ਉਹ ਉਨ੍ਹਾਂ ਘਰਾਂ ਜਾਂ ਥਾਵਾਂ ਦੇ ਚੱਕਰ ਲਾਉਂਦੇ ਜਿਥੇ ਕੁਝ ਇਨਸ਼ੋਰੈਂਸ ਮਿਲਣ ਦੀ ਆਸ ਹੁੰਦੀ। ਲੋਕਾਂ ਨੂੰ ਬੀਮੇ ਦੀ ਲੋੜਾਂ ਸਮਝਾਉਂਦਿਆਂ ਤੇ ਆਪਦੀ ਕੰਪਨੀ ਦੀਆਂ ਬੀਮਾਂ ਸਕੀਮਾਂ ਦੇ ਚੰਗਾ ਹੋਣ ਵਾਰੇ ਦੱਸਦਿਆਂ ਮਿਸਟਰ ਬਰਾਊਨ ਕਦੇ ਨਾ ਥਕਦਾ ਜਾਂ ਅੱਕਦਾ। ਦਸਾਂ ਥਾਵਾਂ ਤੇ ਕਈ ਗੇੜੇ ਲਾਉਣ ਤੋਂ ਪਿਛੋਂ ਮਸਾਂ ਕਿਤੇ ਇਕ ਅੱਧ ਕੇਸ ਦੀ ਆਸ ਹੁੰਦੀ ਪਰ ਉਹ ਹੌਂਸਲਾ ਨਾ ਛੱਡਦਾ। ਉਹ ਗੁਰਮੋਹਨ ਨੂੰ ਦੱਸਦਾ ਕਿ ਇਸ ਕੰਮ ਵਿਚ ਏਜੰਟ ਨੂੰ ਬਹੁਤ ਅਤਿ ਦਰਜੇ ਦਾ ਹਠੀ ਤੇ ਠੰਡੇ ਦਿਲ ਦਿਮਾਗ ਵਾਲਾ ਹੋਣਾ ਚਾਹੀਦਾ ਹੈ।

ਕੁਝ ਹਫਤੇ ਪਿਛੋਂ ਜਦੋਂ ਗੁਰਮੋਹਨ ਨੂੰ ਸਟੇਟ ਲਾਇਸੈਂਸ ਮਿਲਿਆ ਤਾਂ ਉਹ ਖੁਸ਼ੀ ਵਿਚ ਫੁਲਿਆ ਨਹੀਂ ਸੀ ਸਮਾਉਂਦਾ। ਉਸ ਨੇ ਪਹਿਲਾਂ ਹੀ ਸੋਚ ਰਖਿਆ ਸੀ ਕਿ ਬੀਮੇ ਵਾਸਤੇ ਕਿਹੜੇ ਲੋਕਾਂ ਨੂੰ ਪਹਿਲਾਂ ਮਿਲਣਾ ਹੈ। ਉਸ ਨੂੰ ਪੂਰੀ ਆਸ ਸੀ ਕਿ ਇਨਾਂ ਚੁਣੇ ਹੋਏ ਲੋਕਾਂ ਦੇ ਵਿਚੋਂ ਉਸ ਨੂੰ ਵੱਧ ਤੋਂ ਵੱਧ ਕਾਮਯਾਬੀ ਹੋਵੇਗੀ। ਜਿਸ ਬੰਦੇ ਨੂੰ ਸਭ ਤੋਂ ਪਹਿਲਾਂ ਮਿਲਣ ਦੇ ਲਈ ਚੁਣਿਆ ਉਹ ਉਸ ਦੇ ਪੁਰਾਣੇ ਵਾਕਫਾਂ ਵਿਚੋਂ ਸੀ। ਉਹ ਆਦਮੀ ਸੰਤਾ ਸਿੰਘ, ਆਪਣੀ ਵਾਈਫ ਤੇ ਚਾਰ ਬੱਚਿਆਂ ਸਮੇਤ ਪਿਛਲੇ ਪੰਜ ਸਾਲ ਤੋਂ ਅਮਰੀਕਾ ਰਹਿ ਰਿਹਾ ਸੀ। ਚਾਲੀ ਕੁ ਸਾਲ ਦਾ ਸਾਧਾਰਨ ਜੇਹਾ ਆਦਮੀ ਵਲ ਛਲ ਤੋਂ ਰਹਿਤ ਮੇਹਨਤੀ ਤੇ ਬੇ ਐਬ।

ਸਰਦੀਆਂ ਦੀ ਇਕ ਸ਼ਾਮ ਗੁਰਮੋਹਨ ਸੰਤਾ ਸਿੰਘ ਦੇ ਘਰ ਵੱਲ ਜਾਂਦਾ ਸੋਚ ਰਿਹਾ ਸੀ ਕਿ ਕਿੰਨਾਂ ਸ਼ਬਦਾਂ ਦੇ ਵਿਚ ਜ਼ਿੰਦਗੀ ਦੇ ਵਿਚ ਬੀਮੇ ਦੀ ਲੋੜ ਬਾਰੇ ਉਸਨੂੰ ਸਮਝਾਵੇਗਾ। ਸਰਦੀਆਂ ਦੀ ਇਸ ਸ਼ਾਮ ਨੂੰ ਅੰਤਾ ਦੀ ਠੰਡ ਸੀ। ਸੈਕਰਾਮਿੰਟੋ ਵੈਲੀ ਵਿਚ ਪਿਛਲੇ ਕਈ ਦਿਨਾਂ ਤੋਂ ਧੁੰਦ ਪਈ ਹੋਈ ਸੀ। ਧੁੰਦ ਜਿਹੜੀ ਇਸ ਇਲਾਕੇ ਵਿਚ ਇਕ ਵਾਰ ਪੈ ਜਾਂਦੀ ਹੈ ਤਾਂ ਮੁੜ ਹਟਣ ਦਾ ਨਾਂ ਨਹੀਂ ਲੈਂਦੀ। ਕਾਰ ਦੀਆਂ ਲਾਈਟਾਂ ਦੇ ਵਿਚ ਪੀਚਾਂ ਤੇ ਪਰੂਨਾਂ ਦੇ ਰੁੰਡ ਮੁੰਡ ਦਰਖਤ ਚਿਟੇ ਚਿਟੇ ਭੂਤਾਂ ਦੇ ਵਾਂਗ ਦਿਖਾਈ ਦੇ ਰਹੇ ਸਨ। ਸੰਤਾਂ ਸਿੰਘ ਕਿਸੇ ਇੰਡੀਅਨ ਦੀ ਫਾਰਮ ਤੇ ਇਕ ਛੋਟਾ ਜੇਹਾ ਘਰ ਕਰਾਏ ਤੇ ਲੈ ਕੇ ਰਹਿ ਰਿਹਾ ਸੀ।

ਜਦੋਂ ਗੁਰਮੋਹਨ ਦੀ ਕਾਰ ਘਰ ਦੇ ਅੱਗੇ ਰੁਕੀ ਤਾਂ ਸੰਤਾ ਸਿੰਘ ਦੇ ਮਾੜਚੂ ਜੇਹੇ ਕਾਲੇ ਕੁੱਤੇ ਨੇ ਭੌਂਕ ਭੌਂਕ ਕੇ ਅਸਮਾਨ ਸਿਰ ਤੇ ਚੁਕ ਲਿਆ। ਕੁੱਤੇ ਦੇ ਭੌਂਕਣ ਦਾ ਸੁਣ ਕੇ, ਸੰਤਾ ਸਿੰਘ ਘਰੋਂ ਬਾਹਰ ਨਿਕਲਿਆ। ਕੁੱਤੇ ਨੂੰ ਪੁਚਕਾਰ ਕੇ ਚੁਪ ਕਰਾਇਆ ਤੇ ਗੁਰਮੋਹਨ ਨੂੰ ਆਪਣੇ ਨਾਲ ਅੰਦਰ ਲੈ ਗਿਆ। ਛੋਟੇ ਜਿਹੇ ਲਿਵਿੰਗ ਰੂਮ ਵਿਚ ਸੰਤਾ ਸਿੰਘ ਦੀ ਪਤਨੀ ਤੇ ਬੱਚੇ ਕੋਈ ਪੰਜਾਬੀ ਵੀਡੀਓ ਫਿਲਮ ਤਕ ਰਹੇ ਹਨ। ਆਵਾਜ਼ ਜ਼ਰੂਰਤ ਤੋਂ ਕਿਤੇ ਵੱਧ ਉਚੀ ਸੀ। ਆਤਿਸ਼ਦਾਨ ਦੇ ਵਿਚ ਲੱਕੜਾਂ ਦੀ ਅੱਗ ਬਲ ਰਹੀ ਸੀ ਪਰ ਇਸ ਦੇ ਬਾਵਜੂਦ

(ਬਾਕੀ ਪੰਨਾ 28 'ਤੇ)

ਪੰਨਾ 27 ਦੀ ਬਾਕੀ

ਕਮਰੇ ਵਿਚ ਕਾਫੀ ਠੰਡ ਸੀ। ਇਕ ਪੁਰਾਣੇ ਤੇ ਮੈਲੇ ਜੇਹੇ ਸੋਫੇ ਤੇ ਸੰਤਾ ਸਿੰਘ ਦੀ ਵਾਈਫ ਤੇ ਬੱਚੇ, ਕੰਬਲ ਲਪੇਟੀ ਬੈਠੇ ਸਨ। ਇਕ ਕੁਰਸੀ ਤੋਂ ਕੁਝ ਕੱਪੜੇ ਚੁੱਕ ਕੇ ਸੰਤਾ ਸਿੰਘ ਨੇ ਗੁਰਮੋਹਨ ਦੇ ਬੈਠਣ ਲਈ ਜਗ੍ਹਾ ਬਣਾਈ। ਪਤਨੀ ਉਠ ਕੇ ਕਿਚਨ ਵਿਚ ਚਾਹ ਬਣਾਉਣ ਚਲੀ ਗਈ। ਕਮਰੇ ਵਿਚ ਹਲਕਾ ਹਲਕਾ ਧੂੰਆਂ ਸੀ। ਕੰਧਾਂ ਤੇ ਲਟਕਦੇ ਕੈਲੰਡਰ ਫਰਨੀਚਰ ਤੇ ਕਮਰੇ ਵਿਚ ਦੀ ਹਰ ਚੀਜ਼ ਧੁਆਂਖੀ ਧੁਆਂਖੀ ਜਾਪ ਰਹੀ ਸੀ।

ਮਤਲਬ ਦੀ ਗੱਲ ਤੋਰਨ ਤੋਂ ਪਹਿਲਾਂ ਗੁਰਮੋਹਨ ਨੇ ਸੰਤਾ ਸਿੰਘ ਪਾਸੋਂ ਉਹਦੀ ਰਾਜ਼ੀ ਖੁਸ਼ੀ ਇੰਡੀਆ ਵਾਲਿਆਂ ਦਾ ਹਾਲ ਚਾਲ ਤੇ ਕੰਮ ਕਾਰ ਦੇ ਬਾਰੇ ਪੁਛਿਆ। ਕੰਮ ਦੇ ਬਾਰੇ ਪੁਛਣ ਤੇ ਜਿਵੇਂ ਸੰਤਾ ਸਿੰਘ ਫਿਸ ਹੀ ਪਿਆ ਹੋਵੇ। ਇਉਂ ਲਗਦਾ ਸੀ ਕਿ ਜਿਵੇਂ ਉਸ ਨੇ ਰੋ ਹੀ ਪੈਣਾ ਹੈ। ਉਸ ਨੇ ਦੱਸਿਆ ਕਿ ਕਿਵੇਂ ਸੈਂਟ ਸੈਂਟ ਜੋੜਕੇ ਕੁਝ ਚਿਰ ਹੋਇਆ ਪੁਰਾਣੀ ਕਾਰ ਵੇਚ ਕੇ ਇਕ ਹੋਰ ਕੋਈ ਚਾਰ ਸਾਲ ਪੁਰਾਦੀ ਕਾਰ ਖਰੀਦੀ ਸੀ। ਥੋੜਾ ਚਿਰ ਤੇ ਇਹ ਚੰਗਾ ਚਲਦੀ ਰਹੀ ਪਰ ਫਿਰ ਪੈਸੇ ਖਾਣ ਲਗ ਪਈ। ਕਦੇ ਇਹ ਖਰਾਬ ਤੇ ਉਹ ਕੁਝ ਖਰਾਬ। ਦੋ ਮਹੀਨੇ ਹੋਏ ਉਹਦਾ ਇੰਜਣ ਜਵਾਬ ਦੇ ਗਿਆ ਤੇ ਪਿਛਲੇ ਕਈ ਹਫਤੇ ਤੋਂ ਗੈਰਾਜ਼ ਵਾਲਿਆਂ ਦਾ ਬਾਰਾਂ ਸੌ ਡਾਲਰ ਦਾ ਬਿੱਲ ਆਇਆ ਪਿਆ ਹੈ ਤੇ ਉਹਦੇ ਦੇਣ ਨੂੰ ਫੁੱਟੀ ਕੌਡੀ ਨਹੀਂ ਸੰਤਾ ਸਿੰਘ ਕਹਿ ਰਿਹਾ ਸੀ "ਭਰਾਵਾ, ਕੰਮ ਕਿਵੇਂ ਕਰਾਂ? ਕੰਮ ਤੇ ਕਿਵੇਂ ਜਾਵਾਂ ਜੇ ਲਾਗੇ ਹੋਵੇ ਤਾਂ ਤੁਰ ਕੇ ਚਲਿਆ ਜਾਵਾਂ ਪਰ ਕੰਮ ਤੇ ਮਿਲਦੇ ਹਨ ਪੰਦਰਾਂ ਪੰਦਰਾਂ ਮੀਲ ਦੂਰ ਪਿਛੇ ਜਿਹੇ ਠੰਡ ਨਾਲ ਨਿਆਣੇ ਬੀਮਾਰ ਹੋ ਗਏ। ਡਾਕਟਰ ਪਾਸ ਜਾਣ ਦੀ ਹਿੰਮਤ ਨਹੀਂ, ਉਹ ਤੇ ਇਕ ਨੂੰ ਦੇਖਣ ਦੇ ਹੀ ਪੱਚੀ ਪੱਚੀ ਡਾਲਰ ਚਾਰਜ਼ ਕਰ ਲੈਂਦੇ ਹਨ।" ਸੰਤਾ ਸਿੰਘ ਨੂੰ ਜਿਵੇਂ ਆਪਣੇ ਦੁਖ ਫੋਲਣ ਦਾ ਮੌਕਾ ਮਿਲ ਗਿਆ ਹੋਵੇ। ਉਸ ਨੇ ਫਿਰ ਕਹਿਣਾ ਸ਼ੁਰੂ ਕੀਤਾ "ਪਹਿਲਾਂ ਟਮਾਟਿਆਂ ਦੇ ਵਿਚ ਕਾਫੀ ਕੰਮ ਮਿਲ ਜਾਂਦਾ ਸੀ। ਹੁਣ ਮਸ਼ੀਨਾਂ ਆ ਗਈਆਂ। ਜਿਥੇ ਪਹਿਲਾਂ ਤੀਹ ਤੀਹ ਬੰਦੇ ਕੰਮ ਕਰਦੇ ਹੁੰਦੇ ਸਨ, ਹੁਣ ਇਕ ਦੋ ਦੇ ਨਾਲ ਸਰ ਜਾਂਦਾ ਹੈ। ਪੀਚਾਂ ਦੇ ਬਾਗਾਂ ਨੂੰ ਫਾਰਮਰਜ਼ ਦਿਨੋਂ ਦਿਨ ਵੱਢੀ ਜਾਂਦੇ ਹਨ। ਤੁੜਾਈ.

ਮਸ਼ੀਨਾਂ ਦੇ ਨਾਲ ਹੋਣ ਲੱਗ ਪਈ। ਕੰਮ ਹੈ ਭੀ ਕਿਥੇ?" ਸੰਤਾ ਸਿੰਘ ਦੇ ਘਰੋਂ ਕਹਿ ਰਹੀ ਸੀ, "ਭਰਾ ਜੀ ਅਸੀਂ ਤੇ ਪਛਤਾ ਰਹੇ ਹਾਂ ਆਪਣਾ ਘਰ ਛੱਡਕੇ। ਉਥੇ ਚਲੋਂ ਘਰਾਂ ਦੇ ਕਰਾਏ ਤੇ ਕਾਰਾਂ ਦੇ ਖਰਚ ਤਾਂ ਨਹੀਂ ਸਨ। ਇਥੇ ਤੇ ਕਮਾਈਦਾ ਹੀ ਘਰ ਤੇ ਕਾਰ ਲਈ ਹੈ। ਹੁਣ ਕਾਰ ਨੂੰ ਹੀ ਵਗ ਗਈਆਂ। ਕਾਰ ਬਿਨਾਂ ਤੇ ਇਥੇ ਪੈਰ ਨਹੀਂ ਪਟਿਆ ਜਾਂਦਾ। ਕੀ ਕਰੀਏ ਤੇ ਕੀ ਨਾ ਕਰੀਏ। ਨਿਹੱਥੇ ਹੋ ਗਏ। ਤੇਰਾਂ ਸੌ ਦਾ ਬਿਲ ਥੋੜਾ ਨਾ ਬਣੁਤਾ।

ਗੁਰਮੋਹਨ ਨੂੰ ਬਹੁਤਾ ਜਾਣਨ ਦੀ ਲੋੜ ਨਹੀਂ ਸੀ। ਉਸ ਨੂੰ ਸਭ ਕੁਝ ਸਾਫ ਦਿਸ ਰਿਹਾ ਸੀ। ਉਸ ਨੂੰ ਵਿਸਰ ਗਿਆ ਕਿ ਉਹ ਕਿਸ ਕੰਮ ਲਈ ਸੰਤਾ ਸਿੰਘ ਪਾਸ ਆਇਆ ਸੀ। ਉਸ ਨੇ ਜੇਬ ਵਿਚੋਂ ਚੈਕ-ਬੁਕ ਕੱਢ ਕੇ ਚੈਕ ਲਿਖਿਆ ਤੇ ਇਹ ਕਹਿੰਦਾ ਤੁਰ ਪਿਆ, "ਤੁਸੀਂ ਕੱਲ ਨੂੰ ਕਾਰ ਲੈ ਆਉ। ਮੈਂ ਫੇਰ ਕਦੇ ਚੱਕਰ ਮਾਰਾਂਗਾ।"

ਘਰ ਜਾਂਦਾ ਗੁਰਮੋਹਨ ਸੋਚ ਰਿਹਾ ਸੀ ਸਾਰੀ ਬੱਚਤ ਤਾਂ ਸੰਤਾ ਸਿੰਘ ਨੂੰ ਦੇ ਦਿਤੀ, ਹੁਣ ਘਰ ਇੰਡੀਆ ਕੀ ਭੇਜਣਾ ਹੈ ਤੇ ਇਥੇ ਦੇ ਆਪਣੇ ਖਰਚ ਕਿਵੇਂ ਪੂਰੇ ਹੋਣਗੇ?

.ਗ਼ਜ਼ਲ

ਸੰਤੋਖ ਸਿੰਘ 'ਗਿੱਲ'
ਯੂਬਾ ਸਿੱਟੀ U.S.A.

ਲਿਖਾਂ, ਕਿ ਮੈਂ ਨਾ ਲਿਖਾਂ,
ਆਪਣੇ ਮਨ ਦਾ ਗੁਬਾਰ?
ਕਰਾਂ ਕਿ ਮੈਂ ਨਾ ਕਰਾਂ,
ਰਾਹ ਸਮੁੰਦਰਾਂ ਦਾ ਪਾਰ?

ਇਨ੍ਹਾਂ ਅਸੂਲਾਂ ਤੇ ਕਾਇਦਿਆਂ,
ਤਾਂ ਸਦਾ ਪਾਉਣੀਆਂ ਨੇ ਬੇੜੀਆਂ।
ਤੋੜਾਂ ਚਾਹੇ, ਨਾ ਤੋੜਾਂ,
ਸਮਾਜੀ ਪੱਥਰਾਂ ਦਾ ਭਾਰ।

ਕਿਸੇ ਗੋਲੀ ਜਾਂ ਟੀਕੇ ਨਾ,
ਨਹੀਓਂ ਠੀਕ ਹੋਣਾ ਕਦੇ।
ਕਿਸੇ ਕਵੀ ਜਾਂ ਲੇਖਕ ਦੀ
ਇਹ ਕਲਮਾਂ ਦਾ ਬੁਖਾਰ।

ਕਰਦੇ ਨੇ ਅੜੀਆਂ ਜਾਣਕੇ,
ਵਾਰਸ਼ ਆਪਣੇ ਸ਼ਹਿਰ ਦੇ।
ਕਿਉਂਕਿ ਖੁੱਸ ਨਾ ਜਾਏ,
ਉਨ੍ਹਾਂ ਦੇ ਹੱਥਾਂ ਦਾ ਸ਼ਿਕਾਰ

ਖੇਰੂੰ ਖੇਰੂੰ ਕਰ ਦਿੰਦੀ,
ਘਰ ਅਤੇ ਰਾਜ ਨੂੰ।
ਪੁੱਠੀ ਰਾਜਨੀਤੀ ਜਿਥੇ,
ਬਹਿ ਜਾਏ ਮੱਲਾਂ ਮਾਰ।

ਘਰ ਦੇਵੀ ਰੁੱਸਦੇ, ਬਾਹਰਲੇ ਵੀ ਰੁੱਸਦੇ,
ਰਿਸ਼ਤੇ ਵੀ ਟੁੱਟਦੇ ਰਾਜ ਵੀ ਫੁੱਟਦੇ।
ਉਗਲੱਛ ਦੇਵੇ ਕਲਮ ਮੇਰੀ,
ਜੋ ਸੱਚੀ ਬਾਤਾਂ ਦਾ ਸ਼ਿੰਗਾਰ।

ਜਾਣਦਾ ਹਾਂ ਉਨ੍ਹਾਂ ਨੂੰ
ਨਮੋਸ਼ੀ ਤਾਂ ਹੋਵੇਗੀ ਹੀ।
ਕੀਤਾ ਜੇ ਉਨ੍ਹਾਂ ਨਾਲ ਮੈਂ
ਕਿਸੇ ਹਿਸਾਬਾਂ ਦਾ ਇਜਹਾਰ।

ਉਹ ਗਲਤੀਆਂ ਕੱਢਣੋਂ ਤਾਂ
ਕਦੇ ਵਾਜ ਨਹੀਂ ਆਉਣਗੇ।
ਲਿਖਾਂ ਭਾਵੇ ਸੱਚ ਦਾ,
ਜਾਂ ਝੂਠਾਂ ਦਾ ਅਖਬਾਰ।

ਚਲ੍ਹੇ ਸਾਰੀ ਦੁਨੀਆਂ ਮੇਰੇ ਹੀ ਰਸਤੇ,
ਚਾਹਤ ਹੈ ਹਰ ਸਖਸ਼ ਦੀ।
ਬਲੀ ਦੇਣਾ ਪੈ ਜਾਏ
ਭਾਵੇ 'ਗਿੱਲਾਂ' ਦਾ ਪਿਆਰ।

ਦੇਵਿੰਦਰ ਜੋਸ਼

ਜਦ ਜ਼ਿੰਦਗੀ ਦੀ ਸੂਰਤ ਸਾਨੂੰ ਉਦਾਸ ਲੱਗੇ।
ਬਚਿਆਂ ਦੀ ਮੁਸਕਰਾਹਟ ਜੀਵਨ ਦੀ ਆਸ ਲਗੇ।

ਉਮਰਾਂ ਦੇ ਦਰਦ ਹਰ ਪਲ ਸਾਥੀ ਰਹੇ ਨੇ ਸਾਡੇ,
ਬਚਪਨ ਦੇ ਚਾਰ ਹਾਸੇ ਜੀਵਨ ਦੀ ਰਾਸ ਲੱਗੇ।

ਉਸਦੀ ਪਿਆਸ ਦਾ ਵੀ ਕੋਈ ਇਲਾਜ ਢੂੰਡੋ,
ਸਾਗਰ ਨੂੰ ਡੀਕ ਲਾਕੇ ਜਿਸ ਨੂੰ ਪਿਆਸ ਲੱਗੇ।

ਮੰਨਿਆ ਕਿ ਜ਼ਿੰਦਗੀ ਭਰ ਭਟਕੇ ਹਾਂ ਰਸਤਿਆ ਵਿਚ,
ਮੰਜ਼ਿਲ ਨੂੰ ਢੂੰਡਣਾ ਹੀ ਜੀਵਨ ਦੀ ਰਾਸ ਲੱਗੇ।

ਮੌਸਮ ਕਦੋਂ ਬਦਲਨੈਂ ਮਹਿਕੇਗੀ ਪੌਣ ਕਿਸ ਦਿਨ,
ਸੱਦੋ ਕੋਈ ਹਿਸਾਬੀ ਕੋਈ ਕਿਆਸ ਲੱਗੇ।

.ਗ਼ਜ਼ਲ



ਈਸ਼ਰ ਸਿੰਘ 'ਮੋਮਨ', ਯੂਬਾ ਸਿਟੀ

ਸਿਰ ਪਈ ਤੇ ਸੱਜਣਾਂ, ਆਪਦੇ ਬੇਗਾਨੇ ਦੇਖ ਲਏ।
ਦੇਖ ਲਏ ਸੰਸਾਰ ਦੇ, ਝੂਠੇ ਯਾਰਾਨੇ ਦੇਖ ਲਏ।

ਪਿਆਰ ਕੀਤਾ ਉਮਰ ਭਰ ਜਿਸ ਨੂੰ ਵੀ ਆਪਦਾ ਜਾਣ ਕੇ,
ਉਸੇ ਹੱਥੀਂ ਖੂਨ ਆਪਣੇ ਦੇ ਪੈਮਾਨੇ ਦੇਖ ਲਏ।

ਦੇਖ ਕੇ ਬੇੜੀ ਵਚਾਲੇ ਯਾਰ ਦੂਰੋਂ ਦੌੜ ਗਏ,
ਚੱਪੂ ਤੇ ਸਾਹਿਲ ਦੀ ਮੈਂ, ਲਗਾਂਦੇ ਨਸ਼ਾਨੇ ਦੇਖ ਲਏ।

ਮੌਤ ਆਈ ਰਾਤ ਨੂੰ, ਜਦ ਰਾਤ ਸਾਰੀ ਬੀਤ ਗਈ,
ਦਿਨ ਚੜ੍ਹੇ ਮੈਂ ਯਾਰ ਵੀ, ਕਰਦੇ ਬਹਾਨੇ ਦੇਖ ਲਏ।

ਸੰਸਾਰ ਸਾਗਰ ਕੀ ਇਹਦੀ ਹਰ ਲਹਿਰ ਦੁਸ਼ਮਣ ਹੋ ਗਈ,
ਮੀਤ ਅੱਖੀਂ ਆਪਣੀਂ ਬਣਦੇ ਬੇਗਾਨੇ ਦੇਖ ਲਏ।

ਆਣ ਕੇ ਜਦ ਬਿਜਲੀਆਂ, ਇਸ ਆਲ੍ਹਣੇ ਤੇ ਕੜਕੀਆਂ
ਉਡਦੇ ਮੈਂ ਜਾਂਦੇ ਪੰਛੀਆਂ ਦੇ, ਆਸ਼ਿਆਨੇ ਦੇਖ ਲਏ।

ਬਾਗਬਾਂ ਜਦ ਬਾਗ ਲਈ ਜਲਾਦ ਬਣ ਕੇ ਉਠਿਆ,
ਤਾਂ ਆਲ੍ਹਣੇ ਵਿਚ ਉਗਰ ਦੇ ਸੜਦੇ ਫਸਾਨੇ ਦੇਖ ਲਏ।

ਮਾਣ ਕਾਹਦਾ "ਮੋਮਨਾ" ਨੂੰ ਰਹਿ ਗਿਆ ਈਮਾਨ ਤੇ
ਖਿਸਕਦੇ ਦੁਨੀਆਂ ਦੇ ਉਤੋਂ, ਬੁਤ ਖਾਨੇ ਦੇਖ ਲਏ।

.ਗ਼ਜ਼ਲ

ਈਸ਼ਰ ਸਿੰਘ 'ਮੋਮਨ', ਯੂਬਾ ਸਿਟੀ

ਤੁਸੀਂ ਮਿਹਰਕਾਨੋਂ ਸਤਾਓ ਤੇ ਹੱਸੋ।
ਨਿਗਾਹਵਾਂ ਤੋਂ ਸਾਨੂੰ ਗਿਰਾਓ ਤੇ ਹੱਸੋ।

ਕਦੇ ਦਰਦ ਸਾਡੇ ਦਾ ਦਾਰੂ ਨਾ ਲੱਭੋ,
ਨਵੇਂ ਰੋਜ਼ ਨਖਰੇ ਦਿਖਾਉ ਤੇ ਹੱਸੋ।

ਕੀ ਟੁਟਦੇ ਸੁਆਸਾਂ ਨੂੰ ਦੇਣਾ ਸਹਾਰਾ,
ਸਗੋਂ ਸ਼ਾਡੀ ਅਰਥੀ ਸਜਾਓ ਤੇ ਹੱਸੋ।

ਤੁਸੀਂ ਲਾਸ਼ ਮੇਯੀ ਤੇ ਹੰਝੂ ਨਾ ਕੇਰੋ,
ਮੇਰੀ ਖਾਕ ਹਰ ਥਾਂ ਉੜਾਓ ਤੇ ਹੱਸੋ।

ਰਕੀਬਾਂ ਨੂੰ ਪਾਲੋ ਹਬੀਬਾਂ ਨੂੰ ਮਾਰੋ,
ਮੁਹੱਬਤ ਦਾ ਮੰਦਰ ਜਲਾਓ ਤੇ ਹੱਸੋ।

ਤੁਸੀਂ ਜ਼ਿੰਦਗੀ ਮੌਤ ਬਾਰੇ ਨਾ ਸੋਚੋ,
ਚਲੋ ਖੂਨ ਸਾ 'ਚ ਨ੍ਹਾਓ ਤੇ ਹੱਸੋ।

ਉਮਰ ਬੀਤ ਚੁਕੀ ਦੇ ਕਿੱਸੇ ਨਾ ਛੇੜੋ,
ਮਿਰੀ ਜਾਨ ਹਾਜ਼ਰ ਹੈ ਖਾਓ ਤੇ ਹੱਸੋ।

ਖਿਆਲਾਂ 'ਚ "ਮੋਮਨ" ਖਿਆਲੀ ਪਲਾਓ,
ਖਿਆਲਾਂ 'ਚ ਮੁੜ ਮੁੜ ਕੇ ਆਓ ਤੇ ਹੱਸੋ।

.ਗ਼ਜ਼ਲ

ਜਸਪਾਲ ਸਿੰਘ ਸੂਸ

ਜੇ ਕਰ ਤੈਨੂੰ ਹੋਸ਼ ਨਹੀਂ ਹੈ ।
ਇਸ ਵਿਚ ਸਾਡਾ ਦੋਸ਼ ਨਹੀਂ ਹੈ ।

ਇਸਦੇ ਦੋ ਘੁੱਟ ਪੀਣੇ ਮਗਰੋਂ,
ਕੌਣ ਹੈ ਜੋ ਬੇਹੋਸ਼ ਨਹੀਂ ਹੈ ।


ਜਿਹੜਾ ਜੋਸ਼ ਇਹਦੇ ਨਾਲ ਆਉਂਦਾ,
ਉਹ ਜੋਸ਼ਾਂ 'ਚੋਂ ਜੋਸ਼ ਨਹੀਂ ਹੈ ।

ਵਾਅਦੇ ਸਦਾ ਤੂੰ ਕਰਦਾ ਰਹਿਨਾ,
ਪਰ ਵਾਅਦੇ ਵਿਚ ਠੋਸ ਨਹੀਂ ਹੈ ।

ਚੰਗਾ ਜੋ ਇਸ ਨੂੰ ਫਰਮਾਉਂਦਾ,
ਬਣਿਆ ਐਸਾ ਕੋਸ਼ ਨਹੀਂ ਹੈ ।

ਥੋੜੀ ਕਰ ਲੈ ਪੀਣੀ ਪਿਆਰੇ,
ਸਾਨੂੰ ਫਿਰ ਕੋਈ ਰੋਸ ਨਹੀਂ ਹੈ ।

"ਸੂਸ" ਜੋ ਇਸਨੂੰ ਬੁੱਲੀਂ ਲਾਉਂਦਾ,
ਬੰਦਾ ਉਹ ਨਿਰਦੋਸ਼ ਨਹੀਂ ਹੈ ।



2.

ਸੁਭਾ ਸਵੇਰੇ ਯਾਦਾਂ ਆਈਆਂ ਤੇਰੀਆਂ
ਉਗੀਆਂ ਦੂਣ ਸਵਾਈਆਂ ਆਸਾਂ ਮੇਰੀਆਂ ।

ਯਾਦਾਂ ਰਾਣੀਆਂ ਹੀ ਤਾਂ ਸੱਜਣਾਂ ਆ ਕੇ ਤੇ,
ਦਿਲ ਟੁੱਟੇ ਨੂੰ ਦੇਵਣ ਸਦਾ ਦਲੇਰੀਆਂ ।

ਦੀਦੇ ਤਰਸ ਰਹੇ ਨੇ ਤੇਰੀਆਂ ਦੀਦਾਂ ਨੂੰ,
ਜਦੋਂ ਦੀਆਂ ਤੂੰ ਅੱਖੀਆਂ ਸਾਥੋਂ ਫੇਰੀਆਂ ।

ਵਿਚ ਪ੍ਰਦੇਸੀਂ ਵਸਣ ਵਾਲਿਆਂ ਆਜਾ ਵੇ,
ਜਾਲ ਨਾ ਸਾਡੀਆਂ ਸੱਧਰਾਂ ਢਾਹ ਨਾ ਢੇਰੀਆਂ ।

ਛੱਡ ਕੇ ਸਾਹ ਪੰਖੇਰੂ ਉਡਣਾਂ ਚਾਹੁੰਦੇ ਨੇ,
ਉਮਰ ਦਰਖਤ ਇਹ ਭੇੜਾ ਵਾਂਗਰ ਬੇਰੀਆਂ ।

ਕਿਹੜੀਆਂ ਮਜ਼ਬੂਰੀਆਂ ਵਿਚ ਹੋ ਗਈਆਂ,
ਕਿਹੜੀਆਂ ਮਜ਼ਬੂਰੀਆਂ ਵਿਚ ਦੇਰੀਆਂ ।

ਤੇਰੇ ਗਮ ਵਿਚ ਜਿੰਦ ਨਿਮਾਣੀ ਉਡ ਜਾਣੀ,
ਪਾ ਕੇ ਚੋਗਾ ਕੱਫਣ ਵਿਚ ਹਨੇਰੀਆਂ ।

ਪੰਜਾਬੀ ਬੋਲੀ

ਮੁਹਿੰਦਰ ਸਿੰਘ ਘਗ

ਲਾਈਵ ਓਕ ਕੈਲੇਫਰੋਨੀਆ

ਸਾਨੂੰ ਬੜੀ ਪਿਆਰੀ ਲਗਦੀ ਪੰਜਾਬੀ ਬੋਲੀ
ਇਹ ਹੀਰਿਆਂ ਦੇ ਨਾਲ ਜੜੀ ਹੋਈ ਸੋਨੇ ਸੰਗ ਤੋਲੀ
ਸਤਗੁਰ ਸਚੇ ਪਾਤਸ਼ਾਹ ਇਹਨੂੰ ਗਲ ਨਾਲ ਲਾਇਆ
ਫਰਸ਼ਾਂ ਤੋਂ ਫੇਰ ਚਕ ਕੇ ਆਕਾਸ਼ ਬਿਠਾਇਆ
ਇਹ ਗੁਰੂ ਗਰੰਥ ਵਿਚ ਸੋਭਦੀ ਪਾਵੇ ਸਤਕਾਰਾ
ਇਹਨੂੰ ਨਿਉਂ ਨਿਉਂ ਕਰਦਾ ਜਗ ਸਾਰਾ ਹੀ ਨਮਸਕਾਰਾ
ਇਹ ਕੋਮਲ ਫੁਲ ਗੁਲਾਬ ਤੋਂ ਅਤੇ ਮਾਖਿਉਂ ਮਿਠੀ
ਨਾ ਇਸ ਦੇ ਤੁਲ ਅਸਾਂ ਕੋਈ ਹੈ ਜਗ 'ਚ ਡਿਠੀ
ਇਹ ਜਪਜੀ ਅਤੇ ਜਾਪ ਚੋਂ ਹੈ ਲੋਰੀ ਦਿੰਦੀ
ਇਹ ਸੁਖਮਨੀ ਰਸਾਇਣ ਨਾਲ ਸੁਖੀ ਕਰ ਦਿੰਦੀ
ਇਹ ਸਾਈਂ ਬੁਲੇ ਸ਼ਾਹ ਨੂੰ ਰੱਬ ਤਾਈਂ ਪਹੁੰਚਾਵੇ
ਗੁਰਬਾਣੀ ਜੋ ਪੜੇ ਉਹ ਉਚੀ ਪਦਵੀ ਪਾਵੇ
ਇਸ ਦੇਸ਼ ਆਜ਼ਾਦ ਕਰਾਉਣ ਲਈ ਬਹੁਤ ਹਿਸਾ ਪਾਇਆ
ਇਸ ਗਦਰ ਦੀਆਂ ਗੂੰਜਾਂ ਨਾਲ ਸੀ ਸੁਤਿਆਂ ਨੂੰ ਜਗਾਇਆ
ਭਗਤ ਸਿੰਘ, ਕਰਤਾਰ, ਊਧਮ ਸਿੰਘ ਇਸ ਵਿਚ ਗਾਉਂਦੇ
"ਮੇਰਾ ਰੰਗ ਦੇ ਬਸੰਤੀ ਚੋਲਾ" ਬੜੇ ਚਾਵਾਂ ਨਾਲ ਗਾਉਂਦੇ
ਆ "ਘਗ" ਜਰਾ ਆਪਾਂ ਵੀ ਹੁਣ ਫਰਜ਼ ਨਿਭਾਈਏ
ਇਹ ਪੰਜ ਦਰਿਆਵਾਂ ਦੀ ਰਾਣੀ ਏਂ ਇਹਨੂੰ ਤਖਤ ਬਹਾਈਏ ।

ਪੰਜਾਬੀ ਲੇਖਕ ਮੰਚ ਵੈਨਕੂਵਰ

ਪੰਜਾਬੀ ਲੇਖਕ ਮੰਚ ਦੀ ਮੀਟਿੰਗ ਅਗਸਤ 3 ਨੂੰ ਸਾਧੂ ਬਿਨਿੰਗ ਦੇ ਘਰ ਹੋਈ । ਜਿਸ ਵਿਚ ਭਾਰਤ ਤੋਂ ਨਾਰਥ ਅਮੇਰਿਕਾਂ ਦੇ ਦੌਰੇ ਤੇ ਆਈ ਹੋਈ ਮਾਨੁਸ਼ੀ ਦੀ ਐਡੀਟਰ ਮਧੂ ਕੇਸ਼ਵਰ ਤੇ ਥਰਡ ਆਈ ਪਬਲੀਕੇਸ਼ਨ ਦੇ ਪਬਲਿਸ਼ਰ ਨਵਤੇਜ ਭਾਰਤੀ ਮੁਖ ਬੁਲਾਰਿਆਂ ਵਜੋਂ ਸ਼ਾਮਲ ਹੋਏ । ਇਨ੍ਹਾਂ ਤੋਂ ਇਲਾਵਾ ਮਹਿੰਦਰ ਸੁਮਲ, ਸਾਧੂ ਬਿਨਿੰਗ, ਮੰਗਾ ਸਿੰਘ ਬਾਸੀ, ਸਤਵੰਤ ਐਸ ਬਿਨਿੰਗ, ਹਰਜਿੰਦਰ ਸਿੱਧੂ, ਜਸਵੰਤ ਸਿੰਘ ਜੱਬਲ, ਜੁਗਿੰਦਰਜੀਤ ਸਿੰਘ ਜੱਬਲ, ਗੁਰਮਿੰਦਰ ਕੌਰ ਜੱਬਲ, ਦਵਿੰਦਰ ਸਿੰਘ, ਜੋਤੀ ਸੰਘੇੜਾ, ਹਰੀ ਸ਼ਰਮਾ, ਸੁਰਿੰਦਰ ਭਾਰਤੀ, ਅਜਮੇਰ ਰੋਡੇ, ਸੁਰਜੀਤ ਕਲਸੀ, ਅਮਰਜੀਤ ਚਾਹਲ, ਚਰਨ ਸਿੰਘ, ਮਨਜੀਤ ਮੀਤ ਤੇ ਕੁਝ ਹੋਰ ਸਰੋਤਿਆਂ ਨੇ ਭਾਗ ਲਿਆ ।

ਮਧੂ ਕੇਸ਼ਵਰ ਨੇ ਪੰਜਾਬ ਦੀ ਵਰਤਮਾਨ ਸਥਿਤੀ ਬਾਰੇ ਬੋਲਦਿਆਂ ਦੱਸਿਆ ਕਿ ਸਾਨੂੰ ਸਾਰੇ ਮਤਭੇਦ ਭੁਲਾ ਕੇ ਮਨੁੱਖੀ ਕਦਰਾਂ ਕੀਮਤਾਂ ਨੂੰ ਸਾਹਮਣੇ ਰੱਖਣਾ ਚਾਹੀਦਾ ਹੈ । ਪਿਛਲੇ ਦੋ ਤਿੰਨਾਂ ਸਾਲਾਂ ਵਿਚ ਜੋ ਮਨੁੱਖਤਾ ਦਾ ਨੁਕਸਾਨ ਹੋਇਆ ਹੈ ਉਸਦੀ ਗੱਲ ਕਰਨੀ ਚਾਹੀਦੀ ਹੈ ਤੇ ਅਗਾਂਹ ਵਾਸਤੇ ਮਨੁਖੀ ਭਾਈਚਾਰੇ ਨੂੰ ਕਿਵੇਂ ਬਣਾਈ ਰੱਖਿਆ ਜਾਵੇ ਇਸਤੇ ਵਿਚਾਰ ਕਰਨੀ ਚਾਹੀਦੀ ਹੈ । ਉਨ੍ਹਾਂ ਕੋਲ ਸਮਾਂ ਘੱਟ ਹੋਣ ਕਰਕੇ ਉਹ ਪੰਜਾਬੀ ਲੇਖਕ ਮੰਚ ਨੂੰ ਜ਼ਿਆਦਾ ਵਕਤ ਨਾ ਦੇ ਸਕੇ ।

ਲੰਡਨ ਓਨਟੇਰੀਓ ਤੋਂ ਆਏ ਹੋਏ ਪਬਲਿਸ਼ਰ ਨਵਤੇਜ ਭਾਰਤੀ ਨੇ ਕੈਨੇਡਾ ਦੇ ਪੰਜਾਬੀ ਲੇਖਕਾਂ ਦੀਆਂ ਪੁਸਤਕਾਂ ਇਥੇ ਹੀ ਛਾਪਣ ਦੀਆਂ ਸੰਭਾਵਨਾਵਾਂ ਬਾਰੇ ਗੱਲਬਾਤ ਕੀਤੀ । ਇਸ ਤੋਂ ਇਲਾਵਾ ਉਨ੍ਹਾਂ ਨੇ ਲੇਖਕ ਅਤੇ ਉਸਦੇ ਕਿਰਦਾਰ ਬਾਰੇ ਆਪਣੇ ਵਿਚਾਰ ਦੱਸੇ । ਪੰਜਾਬ ਦੀ ਵਰਤਮਾਨ ਹਾਲਤ ਅਤੇ ਲੇਖਕ ਦੇ ਰੋਲ ਬਾਰੇ ਇਕ ਇੰਟਰਵਿਊ ਆਉਂਦੇ ਸਨਿਚਰਵਾਰ ਨੂੰ ਕੋਆਪ੍ਰੇਟਿਵ ਰੇਡੀਉ ਤੋਂ 5.20 ਤੇ ਪ੍ਰਸਾਰਿਤ ਕੀਤੀ ਜਾਵੇਗੀ ।

ਪੰਜਾਬੀ ਲੇਖਕ ਮੰਚ ਦੀ ਅਗਲੀ ਮੀਟਿੰਗ 31 ਅਗਸਤ, ਐਤਵਾਰ ਸ਼ਾਮ ਨੂੰ ਪੰਜ ਵਜੇ ਫਾਰਮ ਵਰਕਰਜ਼ ਯੂਨੀਅਨ ਦੇ ਦਫਤਰ 1—4725 ਕਿੰਗਜ਼ਵੇ ਉਤੇ ਹੋਏਗੀ । ਹੋਰ ਜਾਣਕਾਰੀ ਲਈ ਸੁਰਜੀਤ ਕਲਸੀ ਨੂੰ ਫੋਨ ਕਰੋ —
276-2735

ਕਲਮਾਂ ਵਾਲਿਓ ਕਵੀਓ ਪੱਤ੍ਰਕਾਰੋ

ਜੰਗ ਸਿੰਘ ਗਿਆਨੀ, ਯੂ. ਐਸ. ਏ.

ਕਲਮਾਂ ਵਾਲਿਓ, ਕਵੀਓ, ਪੱਤ੍ਰਕਾਰੋ,
ਕਲਾਕਾਰੋ - ਅਦੀਬੋ - ਸਾਹਿਤਕਾਰੋ
ਰੱਬ ਦਾ ਵਾਸਤਾ ਜੇ ਕੁਝ ਤਾਂ ਵਿਚਾਰੋ
ਨਫਰਤ ਦੀ ਅੱਗ ਅੱਗੇ ਹੀ ਭੜਕ ਰਹੀ ਹੈ
ਉਸ ਤੇ ਤੇਲ ਨਾ ਪਾਓ ਫੂਕਾਂ ਨਾ ਮਾਰੋ
ਕਦੇ ਇਕੱਲ ਵਿਚ ਬਹਿਕੇ ਸੋਚੋ
ਤੇ ਬਾਬਾ ਫਰੀਦ ਦੇ ਵਾਕਾਂ ਨੂੰ ਚਿਤਾਰੋ ।

ਕਾਲੇ ਲੇਖ ਹੀ ਨਾ ਲਿਖੀ ਜਾਓ
ਆਪਣੇ ਅੰਦਰ ਵੀ ਝਾਤ ਮਾਰੋ
ਅਮਨ, ਏਕਤਾ ਤੇ ਆਜ਼ਾਦੀ ਦੇ ਰਾਖੇ ਬਣੋ
ਮਰਨ - ਮਾਰਨ ਦੇ ਝੂਠੇ ਦਮਗਜੇ ਨਾ ਮਾਰੋ
ਕਲਮਾਂ ਨੂੰ ਦਾਤੀਆਂ ਨਾ ਬਣਾਓ
ਰੱਬ ਦੇ ਹਰ ਬੰਦੇ ਨੂੰ ਪਿਆਰੋ ਸਤਿਕਾਰੋ
ਬੰਦੇ ਦਾ ਦਿਲ ਹੀ ਰੱਬ ਦਾ ਮੰਦਰ ਹੈ ।
ਉਸ ਨੂੰ ਨਾ ਤੋੜੋ ਨਾ ਫਿਟਕਾਰੋ
ਦੇਹੁਰਾ, ਮਸੀਤ, ਸੋਈ ਪੂਜਾ ਨਿਮਾਜ਼ ਓਹੀ
ਗੁਰੂ ਦੇ ਇੰਨ੍ਹਾਂ ਵਾਕਾਂ ਨੂੰ ਵੀ ਚਿਤਾਰੋ
ਰੋਮ ਦੀ ਤਰ੍ਹਾਂ ਸਾਰਾ ਪੰਜਾਬ ਜਲ ਰਿਹਾ ਹੈ
ਨੀਰੋ ਨਾ ਬਨੋ ਬੰਸੀ ਚ ਫੂਕਾਂ ਨਾ ਮਾਰੋ
ਮੰਨਿਆ ਤੁਹਾਡੇ ਪਾਸ ਬੜੀ ਤਾਕਤ ਹੈ
ਉਸ ਨਾਲ ਹਿਰਦੇ ਵਿੰਨ੍ਹਣ ਵਾਲੇ
ਸ਼ਬਦਾਂ ਦੇ ਤੀਰ ਨਾ ਮਾਰੋ
ਕੁਝ ਆਉਣ ਵਾਲੀਆਂ ਨਸਲਾਂ ਲਈ ਵੀ ਸੋਚੋ
ਉਨ੍ਹਾਂ ਦੇ ਰਾਹਾਂ ਵਿਚ ਕੰਡੇ ਨਾ ਖਿਲਾਰੋ ।

ਹੱਤਿਆਵਾਂ ਮਾਨਵਤਾ ਦੇ ਨਾਂ ਤੇ ਕਲੰਕ

ਨਥਾਣਾ, '-(ਪੱਤਰ ਪ੍ਰੇਰਕ) ਜ਼ਿਲਾ ਅਮਨ ਕਮੇਟੀ ਦੀ ਮੀਟਿੰਗ ਦੇ ਸਾਰੇ ਮੈਂਬਰਾਂ ਨੇ ਮੁਕਤਸਰ ਗੋਲੀਕਾਂਡ ਦੀ ਜ਼ੋਰਦਾਰ ਨਿਖੇਧੀ ਕੀਤੀ ਅਤੇ ਇਸ ਨੂੰ ਮਾਨਵਤਾ ਦੇ ਨਾਂ ਤੇ ਕਲੰਕ ਦਸਿਆ । ਉਨ੍ਹਾਂ ਕਿਹਾ ਕਿ ਅੱਤਵਾਦੀਆਂ ਦਾ ਕੋਈ ਧਰਮ ਨਹੀਂ ਅਤੇ ਉਨ੍ਹਾਂ ਦਾ ਕੰਮ ਦਹਿਸ਼ਤ ਫੈਲਾਉਣਾ ਹੈ । ਮੈਂਬਰਾਂ ਨੇ ਮੰਗ ਕੀਤੀ ਕਿ ਜ਼ਿਲਾ ਪ੍ਰਸ਼ਾਸਨ ਵਲੋਂ ਜ਼ਿਲੇ ਵਿਚ ਕੁਝ ਵਿਅਕਤੀ ਨਾਮਜ਼ਦ ਕਰਕੇ ਉਨ੍ਹਾਂ ਨੂੰ ਹਥਿਆਰ ਲੈ ਕੇ ਚਲਣ ਫਿਰਨ ਦੀ ਇਜਾਜ਼ਤ ਦੇਣੀ ਚਾਹੀਦੀ ਹੈ ਕਿਉਂਕਿ ਨਿਹੱਥੇ ਵਿਅਕਤੀ ਅੱਤਵਾਦੀਆਂ ਦੇ ਹਥਿਆਰਬੰਦ ਹਮਲਿਆਂ ਦਾ ਹਥਿਆਰਾਂ ਨਾਲ ਹੀ ਟਾਕਰਾ ਕਰ ਸਕਦੇ ਹਨ । ਮੀਟਿੰਗ ਵਿਚ ਸਭ ਧਰਮਾਂ ਦੇ ਮੈਂਬਰਾਂ ਨੂੰ ਅਪੀਲ ਕੀਤੀ ਗਈ ਕਿ ਉਹ ਆਪਸੀ ਭਾਈਚਾਰਾ ਹਰ ਕੀਮਤ ਤੇ ਕਾਇਮ ਰੱਖਣ ।


੧ਓ ਵਾਹਿਗੁਰੂਜੀ ਕੀ ਫਤਹਿ

SRI GURU NANAK SIKH TEMPLE

P.O. BOX 1358
YUBA CITY, CA 95991 U.S.A.

(916) 671-9816

2269 BOGUE ROAD
YUBA CITY, CA 95991



ਗੁਰਦੁਆਰਾ ਬੋਗ ਰੋਡ ਸਾਹਿਬ

ਗਿ: ਹਰਭਜਨ ਸਿੰਘ ਭੰਗਲ, ਯੂਬਾ ਸਿਟੀ

ਸ੍ਰੀ ਗੁਰੂ ਨਾਨਕ ਸਿਖ ਗੁਰਦੁਆਰਾ ਸਾਹਿਬ ਜੀ ਬੋਗ ਰੋਡ ਯੂਬਾ ਸਿਟੀ ਕੈਲੇਫੋਰਨੀਆ ਅਮਰੀਕਾ ਵਿਚ ਹੈ ।

ਇਸ ਗੁਰਦੁਆਰਾ ਸਾਹਿਬ ਜੀ ਨੂੰ ਬਣਾਉਣ ਦੀ ਲੋੜ ਇਸ ਕਰਕੇ ਪਈ ਸੀ ਕਿਉਂਕਿ ਯੂਬਾ ਸਿਟੀ ਵਿਚ ਆਪਣੇ ਗੁਰਸਿਖ ਪਰਿਵਾਰ ਬਹੁਤ ਹਨ । ਇਕ ਗੁਰਦੁਆਰਾ ਸਾਹਿਬ ਵਿਖੇ ਗੁਰਸਿਖ ਪਰਿਵਾਰਾਂ ਦੇ ਪਰੋਗਰਾਮ ਹੋਣੇ ਬਹੁਤ ਔਖੇ ਹੋ ਗਏ ਸਨ । ਕਈ ਇਕ ਪਰਿਵਾਰਾਂ ਨੂੰ ਆਨੰਦਕਾਰਜ, ਸ੍ਰੀ ਅਖੰਡਪਾਠ, ਸ੍ਰੀ ਸਹਿਜਪਾਠ ਦੇ ਪਰੋਗਰਾਮਾਂ ਦੀਆਂ ਤਰੀਕਾਂ ਬਹੁਤ ਲੰਬੀਆਂ ਮਿਲਦੀਆਂ ਸਨ । ਇਹਨਾਂ ਮੁਸ਼ਕਲਾਂ ਨੂੰ ਸੋਚਦੇ ਹੋਏ ਯੂਬਾ ਸਿਟੀ ਦੀਆਂ ਕੁਝ ਸੰਗਤਾਂ ਨੇ ਨਵਾਂ ਗੁਰਦੁਆਰਾ ਸਾਹਿਬ ਬਣਾਉਣ ਦਾ ਉਪਰਾਲਾ ਸ਼ੁਰੂ ਕੀਤਾ । ਜਦੋਂ ਸੰਗਤਾਂ ਦੇ ਕੰਨੀ ਇਹ ਆਵਾਜ਼ ਪਈ, 'ਕਿ ਯੂਬਾ ਸਿਟੀ ਵਿਖੇ ਇਕ ਹੋਰ ਗੁਰਦੁਆਰਾ ਸਾਹਿਬ ਜੀ ਬਣਾਉਣ ਦੀ ਤਿਆਰੀ ਹੋ ਰਹੀ ਹੈ ਤਾਂ ਸੰਗਤਾਂ ਨੇ ਗੁਰਦੁਆਰਾ ਸਾਹਿਬ ਜੀ ਦੇ ਸੇਵਾਦਾਰਾਂ ਨੂੰ ਆਪਣਾ ਤਨ ਮਨ ਤੇ ਧਨ ਨਾਲ ਸਹਿਯੋਗ ਦੇਣ ਦਾ ਵਾਇਦਾ ਦਿਤਾ । ਬਸ ਫੇਰ ਕੀ ਸੀ ਵਾਹਿਗੁਰੂ ਦੀ ਕਿਰਪਾ ਨਾਲ ਗੁਰਦੁਆਰਾ ਸਾਹਿਬ ਜੀ ਵਾਸਤੇ ਮਾਇਆ ਇਕੱਠੀ ਹੋਣੀ ਸ਼ੁਰੂ ਹੋ ਗਈ । ਸਭ ਤੋਂ ਪਹਿਲਾਂ

ਗੁਰਦੁਆਰਾ ਸਾਹਿਬ ਜੀ ਦੇ ਡਾਇਰੈਕਟਰਾਂ ਤੇ ਪ੍ਰਬੰਧਕ ਕਮੇਟੀ ਨੇ ਮਾਇਆ ਦੇ ਖੁਲੇ ਗੱਫੇ ਦੇਦੇ ਸ਼ੁਰੂ ਕੀਤੇ । ਜਿਸ ਦੇ ਨਾਲ ਸਮੂੰਹ ਸੰਗਤਾਂ ਨੂੰ ਪੱਕਾ ਯਕੀਨ ਹੋ ਗਿਆ ਕਿ 'ਹੁਣ ਨਵਾਂ ਗੁਰਦੁਆਰਾ ਸਾਹਿਬ ਜ਼ਰੂਰ ਬਣ ਜਾਵੇਗਾ ।'

ਜਦੋਂ ਲਗਪਗ ਇਕ ਲੱਖ 45 ਹਜ਼ਾਰ ਡਾਲਰ ਮਾਇਆ ਇਕੱਠੀ ਹੋ ਗਈ ਤਾਂ ਗੁਰਦੁਆਰਾ ਸਾਹਿਬ ਬਣਾਉਣ ਦੇ ਸਥਾਨ ਵਾਰੇ ਵਿਚਾਰ ਕੀਤੀ ਗਈ । ਕਿਸੇ ਨੇ ਆਖਿਆ 'ਕਿ ਮੈਂ ਦੋ ਏਕੜ ਜ਼ਮੀਨ ਦਿੰਦਾ ਹਾਂ ਤੇ ਕਿਸੇ ਨੇ ਚਾਰ ਏਕੜ ਜ਼ਮੀਨ ਦੇਣ ਵਾਰੇ ਕਿਹਾ । ਪਰ ਕੋਈ ਚੰਗੀ ਸੁਹਣੀ ਥਾਂ ਵਾਰੇ ਫੈਸਲਾ ਨਾ ਹੋਵੇ ਕਿ ਕਿਹੜੀ ਥਾਂ ਸਭ ਨੂੰ ਵਿਚਾਲੇ ਠੀਕ ਰਹੇਗੀ । ਕਈ ਥਾਵਾਂ ਵਾਰੇ ਆਪਣੇ ਆਪਣੇ ਖਿਆਲ ਦੱਸੇ ਗਏ । ਜੇਕਰ ਥਾਂ ਪਸੰਦ ਆਉਂਦੀ ਸੀ ਤਾਂ ਕੋਈ ਜ਼ਮੀਨ ਦੇਣ ਨੂੰ ਤਿਆਰ ਨਹੀਂ ਸੀ ਹੁੰਦਾ ਤੇ ਕਦੇ ਸ਼ਟਰ ਕੋਨਟੀ ਵਲੋਂ ਕਾਨੂੰਨੀ ਰੁਕਾਵਟ ਪੈ ਜਾਂਦੀ ਸੀ । ਇਸ ਤਰ੍ਹਾਂ ਮੁਸ਼ਕਲਾਂ - ਔਕੜਾਂ ਦਾ ਸਾਹਮਣਾ ਕਰਦੇ ਕਰਦੇ ਦੋ ਸਾਲ ਬੀਤ ਗਏ । ਆਖਰ ਕਾਰ ਅਕਤੂਬਰ 1978 ਵਿਚ ਸ: ਚੈਂਚਲ ਸਿੰਘ ਰਾਏ ਤੇ ਪਰਿਵਾਰ ਨੇ ਗੁਰਦੁਆਰਾ ਸਾਹਿਬ ਜੀ ਬਣਾਉਣ ਵਾਸਤੇ ਚਾਰ ਏਕੜ ਜ਼ਮੀਨ ਦੇਣ ਵਾਰੇ ਆਪਣੇ ਵਿਚਾਰ ਪ੍ਰਬੰਧਕ ਕਮੇਟੀ ਨੂੰ ਦਸੇ । ਡਾਇਰੈਕਟਰ ਤੇ ਪ੍ਰਬੰਧਕ ਕਮੇਟੀ ਇਹ ਸੁਣਕੇ ਬਹੁਤ ਖੁਸ਼ ਹੋਈ ਤੇ ਬੋਗ ਰੋਡ ਵਿਖੇ ਗੁਰਦੁਆਰਾ ਸਾਹਿਬ ਬਣਾਉਣ ਦਾ ਫੈਸਲਾ ਪੱਕਾ ਕਰ ਲਿਆ । ਇਹ ਜਗ੍ਹਾ ਸਭ ਨੂੰ ਵਿਚਕਾਰ ਪੈਂਦੀ ਸੀ ਇਸ ਲਈ ਇਹ ਜਗ੍ਹਾ ਤੇ ਗੁਰੂ ਘਰ ਬਣਾਉਣ ਵਾਰੇ ਕਿਸੇ ਨੂੰ ਕੋਈ ਇਤਰਾਜ਼ ਨਾ ਹੋਇਆ ।

ਜਦੋਂ ਗੁਰਦੁਆਰਾ ਸਾਹਿਬ ਜੀ ਦੀ ਪ੍ਰਬੰਧਕ ਕਮੇਟੀ ਟਾਈਟਲ ਕੰਪਨੀ ਦੇ ਦਫਤਰ ਗਏ ਤਾਂ ਉਥੇ ਕੁਝ ਸੇਵਾਦਾਰਾਂ ਨੇ ਕਿਹਾ ਕਿ ਚਾਰ ਏਕੜ ਜ਼ਮੀਨ ਗੁਰੂ ਘਰ ਵਾਸਤੇ ਥੋੜੀ ਹੈ । ਗੁਰੂ ਘਰ ਵਾਸਤੇ ਦਸ ਏਕੜ ਜ਼ਮੀਨ ਹੋਣੀ ਚਾਹੀਦੀ ਹੈ । ਇਹ ਗੱਲ ਸੁਣਕੇ ਸ: ਚੈਂਚਲ ਸਿੰਘ ਰਾਏ ਨੇ ਕਿਹਾ 'ਕੋਈ ਗੱਲ ਨਹੀਂ ਦਸ ਏਕੜ ਜ਼ਮੀਨ ਹੀ ਲੈ ਲਵੋ ।" ਇਹ ਦਸ ਏਕੜ ਜ਼ਮੀਨ ਦੇ ਦੇਣ ਨਾਲ ਗੁਰਦੁਆਰਾ ਸਾਹਿਬ ਜੀ ਬਣਾਉਣ ਦੀ ਮਨਜ਼ੂਰੀ ਮਿਲ ਗਈ । ਇਹ ਦਸ ਏਕੜ ਜ਼ਮੀਨ ਸ: ਚੈਂਚਲ ਸਿੰਘ ਰਾਏ ਨੇ ਮੁਫਤ ਗੁਰੂ ਘਰ ਬਣਾਉਣ ਲਈ ਦਿਤੀ ਹੈ ।

ਸੋ 1979 ਨਵੰਬਰ ਮਹੀਨੇ ਵਿਚ ਗੁਰਦੁਆਰਾ ਸਾਹਿਬ ਜੀ ਦੀ ਨੀਂਹ ਪੱਥਰ ਰਖਿਆ ਗਿਆ । ਗੁਰੂ ਘਰ ਦੀ ਸਾਰੀ ਇਮਾਰਤ ਬਣਾਉਣ ਦਾ ਸਾਰਾ ਠੇਕਾ ਚਾਰ ਲੱਖ ਪੰਜਾਹ ਹਜ਼ਾਰ ਡਾਲਰ ਦਾ ਦੇ ਦਿਤਾ ਤੇ ਨਾਲ ਸ਼ਰਤ ਇਹ ਸੀ ਕਿ ਇਕ ਸਾਲ ਵਿਚ ਸਾਰੀ ਇਮਾਰਤ ਬਣ ਜਾਣੀ ਚਾਹੀਦੀ ਹੈ । ਗੁਰੂ ਘਰ ਬਣਨਾ ਸ਼ੁਰੂ ਹੋ ਗਿਆ । ਗੁਰੂ ਘਰ ਬਣਦੇ ਸਮੇਂ ਕਈ ਔਕੜਾਂ ਦਾ ਸਾਹਮਣਾ ਕਰਨਾ ਪਿਆ । ਜਿਨੀਆਂ ਔਕੜਾਂ ਬੋਗ ਰੋਡ ਗੁਰਦੁਆਰਾ ਸਾਹਿਬ ਜੀ ਦੇ ਡਾਇਰੈਕਟਰ ਤੇ ਪ੍ਰਬੰਧਕ ਕਮੇਟੀ ਨੂੰ ਪਈਆਂ ਜਾਂ ਔਕੜਾਂ ਦਾ ਸਾਹਮਣਾ ਕਰਨਾ ਪਿਆ ਸ਼ਾਇਦ ਹੀ ਕਿਸੇ ਹੋਰ ਕਮੇਟੀ ਨੂੰ ਕਰਨਾ ਪਿਆ ਹੋਵੇ । ਧੰਨ ਹਨ ਉਹ ਗੁਰਸਿਖ ਗੁਰੂ ਘਰ ਦੇ ਸੇਵਾਦਾਰ ਜਿਨ੍ਹਾਂ ਨੇ ਹੌਂਸਲਾ ਨਹੀਂ ਹਾਰਿਆ । ਕਦੇ ਬਿਲਡਿੰਗ ਡੀਪਾਰਟਮਿੰਟ ਦੀਆਂ ਸ਼ਰਤਾਂ ਤੇ ਕਾਨੂੰਨੀ ਗੁੰਝਲਾਂ ਔਕੜਾ ਤੇ ਰੁਕਾਵਟਾਂ ਨੂੰ ਝਲਦੇ ਹੋਏ ਅਗੇ ਨੂੰ ਕਦਮ ਚੁਕਦੇ ਰਹੇ । ਇਹਨਾ ਸਭ ਰੁਕਾਵਟਾਂ ਕਾਰਨ ਗੁਰੂ ਘਰ ਇਕ ਸਾਲ ਦੀ ਬਜਾਏ ਡੇਢ ਸਾਲ ਵਿਚ ਬਣਕੇ ਤਿਆਰ ਹੋਇਆ ।

ਸਮੂੰਹ ਸੰਗਤਾਂ ਡਾਇਰੈਕਟਰ ਤੇ ਪ੍ਰਬੰਧਕ ਕਮੇਟੀ ਨੇ ਸਲਾਹ ਕਰਕੇ ਵਿਸਾਖੀ ਦੇ ਮਹਾਨ ਉਤਸਵ ਤੇ ਗੁਰਦੁਆਰਾ ਸਾਹਿਬ ਜੀ ਦਾ ਉਦਘਾਟਨ ਕਰਨ ਦਾ ਫੈਸਲਾ ਕੀਤਾ । ਆਖਰਕਾਰ 10 ਅਪਰੈਲ 1980 ਨੂੰ ਉਦਘਾਟਨ ਸਮੇਂ ਸ੍ਰੀ ਅਖੰਡਪਾਠ ਦੀ ਅਰੰਭਤਾ ਹੋਈ ਤੇ ਗੁਰਦੁਆਰਾ ਸਾਹਿਬ ਜੀ ਦਾ ਉਦਘਾਟਨ ਹੋਇਆ ਤੇ 13 ਅਪਰੈਲ ਵਿਸਾਖੀ ਵਾਲੇ ਦਿਨ ਸ੍ਰੀ ਅਖੰਡਪਾਠ ਦਾ ਭੋਗ ਪਿਆ ਤੇ ਸਮੂਹ ਸੰਗਤਾਂ ਅਰਦਾਸ ਵਿਚ ਸ਼ਾਮਲ ਹੋਈਆਂ ਤੇ ਅਰਦਾਸ ਵਿਚ ਹਰ ਹਫਤੇ ਸ੍ਰੀ ਅਖੰਡਪਾਠ ਅਰੰਭ ਕਰਕੇ ਭੋਗ ਪਾਉਣਾ ਇਸ ਤਰ੍ਹਾਂ ਪੰਜ ਅਖੰਡਪਾਠ ਕਰਵਾਏ ਗਏ । ਸੰਗਤਾਂ ਦੇ ਸਹਿਯੋਗ ਨਾਲ ਪੰਜ ਅਖੰਡਪਾਠ ਬੜੀ ਧੂਮ ਧਾਮ ਨਾਲ ਕਰਵਾਏ ਗਏ ਸਨ ।

ਕਈਆਂ ਸੰਗਤਾਂ ਦਾ ਵਿਚਾਰ ਸੀ ਕਿ "ਯੂਬਾ ਸਿਟੀ ਵਿਖੇ ਦੂਜਾ ਗੁਰੂ ਘਰ ਬਣਾਉਣ ਦੀ ਕੋਈ ਲੋੜ ਨਹੀਂ । ਇਕੋ ਹੀ ਗੁਰਦੁਆਰਾ ਸਾਹਿਬ ਬਹੁਤ ਹੈ । ਇਥੋਂ ਤੱਕ ਕਈ ਅਮਰੀਕਨ ਗੋਰਿਆਂ ਨੇ ਵੀ ਇਤਰਾਜ਼ ਕੀਤਾ ਕਿ ਇਥੇ ਹੋਰ ਗੁਰਦੁਆਰਾ ਸਾਹਿਬ ਬਣਾਉਣ ਦੀ ਕੋਈ ਲੋੜ ਨਹੀਂ । ਗੋਰੇ ਤਾਂ ਇਕ ਪਾਸੇ ਕਈ ਗੁਰਸਿੱਖਾਂ ਨੇ ਵੀ ਕੋਸ਼ਿਸ਼ ਕੀਤੀ ਕਿ ਦੂਜਾ ਗੁਰਦੁਆਰਾ ਸਾਹਿਬ ਨਾ ਬਣੇ । ਇਹਨਾਂ ਦਾ ਵਿਚਾਰ ਸੀ "ਕਿ ਜੇਕਰ ਗੁਰਦੁਆਰਾ ਸਾਹਿਬ ਬਣਾਇਆ ਤਾਂ ਪੈਸੇ ਕਿਥੋਂ ਆਉਣਗੇ । ਇਸ ਕਰਕੇ ਦੂਜਾ ਗੁਰਦੁਆਰਾ ਸਾਹਿਬ ਨਹੀਂ ਚਲ ਸਕਦਾ । ਪਰ ਵਾਹਿਗੁਰੂ ਦੀ ਕਿਰਪਾ ਨਾਲ ਗੁਰੂ ਘਰ ਕਦੇ ਵੀ ਨਹੀਂ ਰੁਕੇ । ਗੁਰੂ ਘਰ ਤਾਂ ਹਮੇਸ਼ਾਂ ਹੀ ਚੜ੍ਹਦੀ ਕਲਾ ਵਿਚ ਰਹਿੰਦੇ ਹਨ ।

ਅੱਜ ਗੁਰਦੁਆਰਾ ਸਾਹਿਬ ਜੀ ਬਣੇ ਨੂੰ ਲਗਪਗ 6 ਸਾਲ ਹੋ ਗਏ ਹਨ । ਗੁਰੂ ਘਰ ਦੇ ਸੇਵਾਦਾਰ ਤੇ ਗੁਰੂ ਘਰ ਦੇ ਗਰੰਥੀ ਸਾਹਿਬਾਨ ਤੇ ਸਮੂੰਹ ਸੰਗਤਾਂ ਦੇ ਸਹਿਯੋਗ ਤੇ ਅਣਥੱਕ ਮਿਹਨਤ ਨਾਲ ਸ੍ਰੀ ਗੁਰੂ ਨਾਨਕ ਸਿਖ ਗੁਰਦੁਆਰਾ ਸਾਹਿਬ ਜੀ ਬੋਗ ਰੋਡ ਯੂਬਾ ਸਿਟੀ ਚੜ੍ਹਦੀ ਕਲਾ ਵਿਚ ਜਾ ਰਿਹਾ ਹੈ । ਇਹ ਸਭ ਕੁਝ ਵਾਹਿਗੁਰੂ ਦੀ ਅਪਾਰ ਕਿਰਪਾ ਦੇ ਨਾਲ ਤੇ ਸੰਗਤਾਂ ਦੇ ਸਤ ਸੰਤੋਖ ਦਾ ਸਦਕਾ ਹੈ । ਬੋਗ ਰੋਡ ਗੁਰਦੁਆਰਾ ਸਾਹਿਬ ਜੀ ਸਮੂੰਹ ਸੰਗਤਾਂ ਦਾ ਹੈ । ਇਕ ਗੱਲ ਖਾਸ ਚੇਤੇ ਰਖਣ ਵਾਲੀ ਹੈ ਕਿ ਗੁਰਦੁਆਰਾ ਸਾਹਿਬ ਜੀ ਕਿਸੇ ਇਕ ਦੀ ਜਾਇਦਾਦ ਨਹੀਂ ਹੁੰਦੀ ਇਹ ਤਾਂ ਸਮੂੰਹ ਦੇ ਹੁੰਦੇ ਹਨ ।

ਗੁਰਦੁਆਰਾ ਸਾਹਿਬ ਜੀ ਦੀ ਬਿਲਡਿੰਗ 22 ਹਜ਼ਾਰ ਸੁਕੇਅਰ ਫੁਟ ਹੈ । ਗੁਰਦੁਆਰਾ ਸਾਹਿਬ ਜੀ ਦਾ ਦੀਵਾਨ ਹਾਲ 80 ਗਜ਼ ਚੌੜਾ ਤੇ 120 ਗਜ਼ ਲੰਬਾ ਹੈ । ਲੰਗਰ ਹਾਲ ਤੇ ਰਸੋਈ 50 ਗਜ਼ ਚੌੜਾਈ ਤੇ 120 ਗਜ਼ ਲੰਬਾਈ ਹੈ । ਗੁਰਦੁਆਰਾ ਸਾਹਿਬ ਵਿਚ ਬਾਹਰਲੇ ਆਉਣ ਵਾਲੇ ਯਾਤਰੂਆਂ ਦੇ ਰਹਿਣ ਵਾਸਤੇ ਚਾਰ ਕਮਰੇ ਹਨ । ਗੁਰਦੁਆਰਾ ਸਾਹਿਬ ਜੀ ਦਾ ਦਸ ਏਕੜ ਦਾ ਰਕਬਾ ਹੀ ਸੁੰਦਰ ਇਟਾਂ ਦੀ ਤੇ ਤਾਰ ਫੈਨਸ ਨਾਲ ਘਿਰਿਆ ਹੋਇਆ ਹੈ । ਜਿਸ ਵਿਚ ਫੁਟਬਾਲ ਤੇ ਵਾਲੀਬਾਲ ਦੀਆਂ ਗਰਾਊਂਡਾਂ ਖੇਡਣ ਵਾਸਤੇ ਬਣੀਆਂ ਹੋਈਆਂ ਹਨ । ਦਿਨ ਦੇ ਸਮੇਂ ਤੇ ਰਾਤ ਵੇਲੇ ਗੁਰਦੁਆਰਾ ਸਾਹਿਬ ਜੀ ਦੇ ਦਰਸ਼ਨ ਕਰਕੇ ਮਨ ਨੂੰ ਸ਼ਾਂਤੀ ਮਿਲਦੀ ਹੈ । ਅਸੀਂ ਸਮੂੰਹ ਸੰਗਤਾਂ ਦੇ ਚਰਨਾਂ ਵਿਚ ਨਿਮਰਤਾ ਸਹਿਤ ਬੇਨਤੀ ਕਰਦੇ ਹਾਂ ਕਿ ਜਦੋਂ ਵੀ ਆਪ ਅਮਰੀਕਾ ਵਿਚ ਘੁੰਮਣ ਫਿਰਨ ਵਾਸਤੇ ਆਓ ਤਾਂ ਕੈਲੇਫਰੋਨੀਆ ਵਿਚ ਸ੍ਰੀ ਗੁਰੂ ਨਾਨਕ ਸਿਖ ਗੁਰਦੁਆਰਾ ਸਾਹਿਬ ਜੀ ਬੋਗ ਰੋਡ ਯੂਬਾ ਸਿਟੀ ਵਿਖੇ ਦਰਸ਼ਨ ਦੇਣ ਦੀ ਕ੍ਰਿਪਾਲਤਾ ਕਰਨੀ ਜੀ

ਗਿ: ਹਰਭਜਨ ਸਿੰਘ ਭੰਗਲ 1980 ਤੋਂ ਗੁਰਦੁਆਰਾ ਸਾਹਿਬ ਜੀ ਦੇ ਹੈਡ ਗਰੰਥੀ ਹਨ । ਇਹਨਾਂ ਦੇ ਨਾਲ ਗਿ: ਕੁਲਦੀਪ ਸਿੰਘ ਸੰਘੇੜਾ, ਗਿ: [illegible] ਗੁਰਬਚਨ ਸਿੰਘ ਨਿਹੰਗ ਹਰੀਆਂ ਵੇਲਾਂ ਵਾਲੇ ਸੇਵਾ ਕਰ ਰਹੇ ਹਨ ।

ਸੋਚ ਕੇ ਤੁਰਨਾ ਹੈ

ਬਲਵੰਤ ਸਿੰਘ ਨਿਰਵੈਰ ਦਿੱਲੀ

ਚਾਲ ਸਮੇਂ ਦੀ ਮਾੜੀ, ਸੋਚ ਕੇ ਤੁਰਨਾ ਹੈ
ਖਿੜੀ ਰਹੇ ਫੁਲਵਾੜੀ, ਸੋਚ ਕੇ ਤੁਰਨਾ ਹੈ
ਸਾਡੀ ਖੁਸ਼ਹਾਲੀ ਜੋ ਵੇਖ ਸੁਖਾਂਦੇ ਨਹੀਂ
ਬਾਗ ਨਾਂ ਜਾਨ ਉਜਾੜੀ - ਸੋਚ ਕੇ ਤੁਰਨਾ ਹੈ ।

ਤਕਣਾ ਕੋਈ ਤੋਰ ਨਾ ਇਸ ਦੀ ਕਟ ਦੇਵੇ
ਮਸਾਂ ਹੈ ਗੁਡੀ ਚਾੜੀ - ਸੋਚ ਕੇ ਤੁਰਨਾ ਹੈ
ਇਕ ਵੀ ਕਤਰਾ ਕਿਤੇ ਅਜ਼ਾਈਂ ਡੁਲ੍ਹੇ ਨਾ
ਬੰਦੇ ਦੀ ਰਤ ਗਾੜ੍ਹੀ ਸੋਜ ਕੇ ਤੁਰਨਾ ਹੈ ।

ਅਸੀਂ ਨਿਵਾਣਾਂ ਬਹੁਤ ਹਾਂ ਪਿਛੇ ਛੱਡ ਆਏ
ਜਾਣਾ ਹੋਰ ਉਤਾੜੀ ਸੋਚ ਕੇ ਤੁਰਨਾ ਹੈ
ਤਕਣਾ ਕਿਧਰੇ ਚਾਲ ਨਾ ਪੁਠੀ ਚਲ ਜਾਵਨ
ਜੋ ਜਾਂਦੇ ਨੇ ਤਾੜੀ ਸੋਚ ਕੇ ਤੁਰਨਾ ਹੈ ।

ਸੋਣੀ ਲੰਘੇ ਲੀਆਂ ਖੁਸ਼ੀਆਂ ਨਾਲ ਭਰੀ
ਸੁਖ ਦੀ ਲੰਘੇ ਹਾੜੀ ਸੋਚ ਕੇ ਤੁਰਨਾ ਹੈ
ਬਹੁਤ ਨੇੜਿਓਂ ਹੋ ਕੇ ਦੁਨੀਆਂ ਵੇਖ ਲਈ
ਹੁਣ ਨਹੀਂ ਅਸੀਂ ਅਨਾੜੀ ਸੋਚ ਕੇ ਤੁਰਨਾ ਹੈ ।

ਗੁਰੂਦਵਾਰਾ ਟਰਵੀਆਣਾ ਸਾਹਿਬ

ਹਰੀ ਸਿੰਘ ਐਵਰਿਸਟ, ਯੂਬਾ ਸਿਟੀ

ਸਿਖ ਧਰਮ ਦੇ ਜਨਮ ਦਾਤਾ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੀ ਪੰਜ ਸੌ ਸਾਲਾ ਯਾਦਗਾਰ ਅਮਰੀਕਾ ਦੀ ਧਰਤੀ ਤੇ ਲੱਭਣੀ ਹੋਵੇ ਤਾਂ ਆਪ ਨੂੰ ਕੈਲੇਫੋਰਨੀਆ ਦੇ ਇਕ ਨਿਕੇ ਜਿਹੇ ਸ਼ਹਿਰ ਯੂਬਾ ਸਿਟੀ ਵਿਚ ਆਉਣਾ ਪਵੇਗਾ। ਇਹ ਇਲਾਕਾ ਭੀ ਪੰਜ ਦਰਿਆਵਾਂ —(ਸੈਕਰਾਮੈਂਟੋ, ਫੈਦਰ, ਯੂਬਾ, ਬੇਆਰ ਅਤੇ ਅਮਰੀਕਣ) ਦੀ ਵਾਦੀ ਹੈ। ਅਤੇ ਇਹ ਕੋਈ ਅਚੰਭੇ ਦੀ ਗੱਲ ਨਹੀਂ ਕਿ ਇਹ ਸ਼ਹਿਰ ਸਿੱਖਾਂ ਵਿਚ "ਮਿੰਨੀ ਪੰਜਾਬ" ਦੇ ਨਾਮ ਨਾਲ ਸਤਿਕਾਰਿਆ ਜਾਂਦਾ ਹੈ। ਅਤੇ ਪੰਜਾਬ ਦੇ ਸ਼ਿੰਗਾਰ ਗੁਰਦਵਾਰਿਆਂ ਵਾਂਗ ਇਸ ਇਲਾਕੇ ਵਿਚ ਭੀ ਅਜੇਹੇ ਕੇਂਦਰ ਦੀ ਲੋੜ ਭਾਸੀ ਜਿਸ ਵਿਚ ਸਿਖ ਆਪਣਾ ਧਰਮ ਕਰਮ ਪਰਫੁਲਤ ਕਰ ਸਕਣ। ਨਾਲ ਹੀ ਆਪਣੇ ਟੱਬਰ ਕਬੀਲੇ ਐਥੇ ਆਉਣ ਨਾਲ ਇਹ ਭੀ ਫਿਕਰ ਲੱਗਾ ਕਿ ਸਾਡੀ ਆਉਣ ਵਾਲੀ ਸੰਤਾਨ ਨੂੰ ਸਾਡੇ ਪਿਛੋਕੜ ਦੀ ਸੋਧ ਮਿਲਣੀ ਚਾਹੀਦੀ ਹੈ।

ਯੂਬਾ ਸਿਟੀ ਵਿਚ ਗੁਰਦਵਾਰਾ ਬਨਣ ਦਾ ਇਕ ਕਾਰਨ ਇਹ ਭੀ ਸੀ ਕਿ ਐਥੋਂ ਦੇ ਸਿੱਖ ਪੱਕੇ ਥਾਂ-ਥੇੜੇ ਵਾਲੇ ਸੀ - ਜ਼ਮੀਨਾਂ ਦੇ ਮਾਲਕ ਹੋਣ ਕਰਕੇ ਧਰਤੀ ਨਾਲ ਬੱਝੇ ਹੋਏ ਸੀ ਤੇ ਆਮ ਨੌਕਰੀ ਪੇਸ਼ਾ ਲੋਕਾਂ ਵਾਂਗ ਬਦਲੀ ਸੁੱਦਲੀ ਦੇ ਚੱਕਰ ਵਿਚ ਨਹੀਂ ਸੀ।

ਐਥੇ ਗੁਰੂ ਘਰ ਨਾ ਹੋਣ ਦੇ ਕਾਰਨ ਸਿਖ ਸੰਗਤਾਂ ਗੁਰਪੁਰਬਾਂ ਅਤੇ ਕਾਰਜ ਵਿਹਾਰਾਂ ਲਈ ਸਟਾਕਟਨ ਗੁਰਦਵਾਰਾ ਸਾਹਿਬ ਵਿਚ ਜਾਂਦੇ ਸਨ। ਇਹ ਯੂ. ਐਸ. ਏ. ਸਭ ਤੋਂ ਪਹਿਲਾ ਗੁਰਦਵਾਰਾ ਸੀ। ਇਸਦੇ ਮੈਂਬਰ ਸਾਰੇ ਭਾਰਤ ਵਾਸੀ ਹਨ। ਹਿੰਦੂ, ਮੁਸਲਮਾਨ, ਸਿਖ ਤੇ ਹੋਰ ਹਰ ਖਿਆਲ ਦੇ ਬੰਦਿਆਂ ਨੂੰ ਇਥੇ ਬਿਸਰਾਮ ਮਿਲਦਾ ਸੀ ਤੇ ਓਹ ਹੱਸ ਕੇ ਉਗਰਾਹੀਆਂ ਭੀ ਦੇਂਦੇ ਸਨ। ਜਦੋਂ ਕਿਤੇ ਭੀ ਕੋਈ ਹੋਰ ਗੁਰਦਵਾਰਾ ਬਣਾਉਣ ਦੀ ਵਿਚਾਰ ਹੁੰਦੀ ਸੀ ਤਾਂ ਇਸ ਗੱਲ ਦਾ ਪੂਰਾ ਪੂਰਾ ਧਿਆਨ ਰੱਖਿਆ ਜਾਂਦਾ ਸੀ ਕਿ ਸਟਾਕਟਨ ਗੁਰਦਵਾਰਾ ਸਾਹਿਬ ਦੀ ਰੌਣਕ ਨਾ ਘਟੇ। ਬਹੁਤੀਆਂ ਸੰਗਤਾਂ ਯੂਬਾ ਸਿਟੀ ਤੋਂ ਆਉਣ ਕਰਕੇ ਇਸ ਗੱਲ ਦੀ ਜ਼ੁੰਮੇਂਵਾਰੀ ਭੀ ਉਨ੍ਹਾਂ ਦੇ ਹੀ ਸਿਰ ਸਮਝੀ ਜਾਂਦੀ ਸੀ। ਇਹ ਸਪੱਸ਼ਟ ਕੀਤਾ ਗਿਆ ਕਿ ਯੂਬਾ ਸਿਟੀ ਵਿਚ ਪਰੋਗਰਾਮ ਸਟਾਕਟਨ ਦੇ ਪਰੋਗਰਾਮਾਂ ਤੋਂ ਪਿਛੋਂ ਰਖੇ ਜਾਣਗੇ।

ਸਟਾਕਟਨ ਗੁਰਦਵਾਰਾ ਸਾਹਿਬ ਵਿਚ ਸੰਗਤਾਂ ਸਾਲ ਵਿਚ ਕੇਵਲ ਚਾਰ ਹੀ ਜੋੜ ਮੇਲੇ ਮਨਾਉਂਦੀਆਂ ਸਨ : ਵਿਸਾਖੀ, ਸ਼ਹੀਦੀ ਪੁਰਬ, ਅਵਤਾਰ ਦਿਵਸ ਗੁਰੂ ਨਾਨਕ ਸਾਹਿਬ ਅਤੇ ਗੁਰੂ ਗੋਬਿੰਦ ਸਿੰਘ ਜੀ। ਸੰਗਤਾਂ ਨੂੰ ਸੌ ਸੌ, ਦੋ ਦੋ ਸੌ ਮੀਲਾਂ ਤੋਂ ਆਉਣਾ ਪੈਂਦਾ ਸੀ। ਤੇ ਜਿਉਂ ਜਿਉਂ ਸੰਗਤਾਂ ਵਧਦੀਆਂ ਗਈਆਂ ਸਟਾਕਟਨ ਗੁਰਦੁਵਾਰਾ ਸਾਹਿਕ ਦਾ ਹਾਲ ਅਤੇ ਲੰਗਰ-ਅਸਥਾਨ ਸੌੜੇ ਜਾਪਣ ਲੱਗ ਗਏ। ਕੇਵਲ ਲੋਕਲ ਸੰਗਤਾਂ ਨਾਲ ਹੀ ਥਾਂ ਭਰਨ ਲਗ ਪਈ।

ਪੰਜਾਬ ਤੋਂ ਨਵੇਂ ਨਵੇਂ ਆਏ ਟੱਬਰਾਂ ਦੀ ਹਰ ਸ਼ਹਿਰ ਤੇ ਥਾਂ ਜਿਥੇ ਓਹ ਆ ਕੇ ਵਸੇ, ਇਹ ਤਿੰਨੀ ਚੌਂਹੀਂ ਮਹੀਨੇ ਗੁਰਦੁਵਾਰੇ ਜਾਣ ਨਾਲ ਤਸੱਲੀ ਨਹੀਂ ਹੁੰਦੀ ਸੀ — ਕੁਝ ਤਾਂ ਨਿਤ ਨੇਮੀ ਸਨ ਤੇ ਕੁਝ ਆਪਣੇ ਵਿਆਹ-ਸ਼ਾਦੀਆਂ ਲਈ ਆਪਣੇ ਗੁਰੂ ਅਸਥਾਨ ਦੀ ਲੋਚਨਾ ਕਰਦੇ ਸਨ।

ਗੁਰਦਵਾਰਾ ਸਾਹਿਬ ਦੀ ਲੋੜ ਤਾਂ ਨਿਸਚਤ ਹੋ ਗਈ ਇਸ ਗੱਲ ਤੇ ਸਹਿਮਤ ਭੀ ਸਾਰੇ ਸਨ। ਪਰ ਇਹ ਅਸਥਾਨ ਕਦੋਂ ਬਣੇ? ਕਿੱਥੇ ਬਣੇ? ਕਿੱਡਾ ਵੱਡਾ ਬਣੇ ਆਦਿ ਅਨੇਕਾਂ ਸਵਾਲਾਂ ਦੇ ਫੈਸਲੇ ਬਾਕੀ ਸਨ।"

ਇਸ ਖਿਆਲ ਨੂੰ ਪਰਚਲਤ ਰੱਖਣ ਲਈ ਨਾਲ ਨਾਲ ਕੁਝ ਪਰੇਮੀਆਂ ਨੇ ਪਹਿਲਾਂ ਸੰਗਰਾਂਦਾਂ ਤੇ ਫੇਰ ਹਫਤਾ-ਵਾਰੀ ਦੀਵਾਨ ਘਰਾਂ ਵਿਚ ਅਰੰਭ ਕੀਤੇ। ਰਾਗੀ, ਢਾਡੀ, ਗਰੰਥੀ ਆਦਿ ਦੀਆਂ ਅਸਾਮੀਆਂ ਨੂੰ ਸੰਗਤਾਂ ਦੇ ਸਿੱਧੇ ਸਾਧੇ ਗੁਰਮੁਖਾਂ ਨੇ ਪੂਰ ਲਿਆ। ਜੋ ਮਾਇਆ ਚੜ੍ਹਦੀ ਉਸ ਦਾ ਗੁਰਦਵਾਰੇ ਨਮਿਤ ਬੈਂਕ ਵਿਚ ਹਿਸਾਬ ਖੋਲ ਦਿਤਾ ਗਿਆ। ਏਦਾਂ ਕਈ ਸਾਲ ਇਹ ਸਿਲਸਿਲਾ ਚਲਦਾ ਰਿਹਾ। ਇਹ ਇਕ ਸੁਭਾਗ ਦੀ ਗੱਲ ਸੀ ਕਿ ਨਾਲ ਨਾਲ ਹੀ ਮੀਟਿੰਗਾਂ ਸ਼ੁਰੂ ਰਹੀਆਂ ਤੇ ਟੈਗ ਬੁਇਆਂ ਸਕੂਲ ਦਾ ਹਾਲ ਸਾਡੇ ਵਾਸਤੇ ਇਕ ਨਿਆਮਤ ਸੀ। ਇਕ ਵਿਸਾਖੀ ਦਾ ਪੁਰਬ ਸੰਗਤਾਂ ਨੇ ਸ੍ਰ: ਪੁਨਾਂ ਸਿੰਘ - ਬੀਬੀ ਨੰਦ ਕੌਰ ਜੀ ਦੇ ਖੇਤ ਵਿਚ ਮਨਾਇਆ ਤੇ ਇਕ ਏਕੜ ਥਾਂ ਉਨ੍ਹਾਂ ਨੇ ਗੁਰਦੁਵਾਰਾ ਸਾਹਿਬ ਲਈ ਅਰਦਾਸ ਕਰ ਦਿਤੀ। ਲੋਕਲ ਪ੍ਰੈਸ ਨੇ ਇਸ ਸਮਾਗਮ ਨੂੰ ਅਖਬਾਰ ਵਿਚ ਛਾਪਿਆ। ਤੇ ਜੈਕਾਰਿਆਂ ਦੀ ਸਰਬ ਸੰਮਤੀ ਨਾਲ ਇਹ ਸਮਝਿਆ ਗਿਆ ਕਿ ਬਸ ਗੁਰੂ ਘਰ ਲਈ ਇਹ ਥਾਂ ਨਿਸਚਤ ਹੋ ਗਈ। ਪਰ ਇਹ ਫੈਸਲਾ ਸਿਰੇ ਨਾ ਚੜ੍ਹਿਆ। (ਸ੍ਰ: ਪੁੰਨਾਂ ਸਿੰਘ - ਬੀਕੀ ਨੰਦ ਕੌਰ ਹੋਰਾਂ ਨੇ ਇਸ ਏਕੜ ਦਾ ਮੁਲ ਗੁਰਦਵਾਰਾ ਸਾਹਿਬ ਨੂੰ ਸੇਵਾ ਕਰ ਦਿਤੀ)। ਇਸ ਗੱਲ ਤੋਂ ਉਤਸ਼ਾਹਕ ਹੋ ਕੇ ਕਈ ਹੋਰ ਸਜਣ ਭੀ ਗੁਰਦੁਵਾਰਾ ਸਾਹਿਬ ਨੂੰ ਥਾਂ ਦੇਣ ਲਈ ਤਿਆਰ ਹੋ ਗਏ। ਮੁਕਦੀ ਗੱਲ ਇਹ ਹੈ ਕਿ ਜਿਸ ਥਾਂ ਤੇ ਅਜ ਗੁਰਦੁਵਾਰਾ ਸਾਹਿਬ ਬਣਿਆ ਹੈ ਇਹ ਸੇਵਾ ਦੋ ਸਕੇ ਵੀਰਾਂ ਬਖਤਾਵਰ ਸਿੰਘ ਅਤੇ ਊਧਮ ਸਿੰਘ ਪੁਰੇਵਾਲ ਦੇ ਹਿੱਸੇ ਆਈ

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪੰਜ ਸੌ ਸਾਲਾ ਅਵਤਾਰ ਦਿਵਸ ਤੇ 1969 ਨੂੰ ਬਦਾਮਾਂ ਦੇ ਬਾਗ਼ ਵਿਚ ਡਾਕਟਰ ਨਰਿੰਦਰ ਸਿੰਘ ਕਪਾਨੀ ਦੇ ਹੱਥੋਂ ਗਰਾਉਂਦੇ ਬਰੇਕਿੰਗ ਦੀ ਰਸਮ ਅਦਾ ਹੋਈ ਤੇ ਅਗਲੇਰੇ ਸਾਲ 1970 ਦਾ ਨਾਨਕ ਸ਼ਾਹੀ ਪੁਰਬ ਇਸ ਖੂਬਸੂਰਤ ਗੁਰੂ ਘਰ ਵਿਚ ਮਨਾਇਆ ਗਿਆ ਸੀ।

ਇਸ ਦੇ ਪ੍ਰਕਾਸ਼ ਹਾਲ ਵਿਚ ਤਿੰਨ-ਚਾਰ ਹਜ਼ਾਰ ਪ੍ਰੇਮੀ ਬੈਠ ਕੇ ਅਨੰਦ ਮਾਣ ਦੇ ਰਹੇ। ਇਹ ਤਿੰਨ ਏਕੜ ਥਾਂ ਭੀ ਸੰਗਤਾਂ ਅਤੇ ਇਨ੍ਹਾਂ ਦੀਆਂ ਕਾਰਾਂ ਨੂੰ ਸੰਭਾਲਣ ਤੋਂ ਅਸਰਮਥ ਹੋ ਗਈ। ਆਂਢ ਗੁਵਾਂਢ ਨੂੰ ਵੱਡੇ ਜੋੜ ਮੇਲਿਆਂ ਦੇ ਮੌਕੇ ਤੇ ਟਰੈਫਿਕ ਵਿਚ ਔਖਿਆਈ ਹੋਣ ਲੱਗੀ।

ਨਾਲ ਵਾਲਾ ਖੇਤ ਪੁਰੇਵਾਲ ਭਾਈ ਦਾ ਹੀ ਸੀ ਸੋ ਉਨ੍ਹਾਂ ਪਾਸੋਂ ਦਸ ਏਕੜ ਜ਼ਮੀਨ ਸ੍ਰ: ਦੀਦਾਰ ਸਿੰਘ ਬੈਂਸ ਨੇ ਖਰੀਦ ਕੇ ਗੁਰੂ ਘਰ ਦੀ ਸੇਵਾ ਕੀਤੀ। ਇਸ ਨਾਲ ਕੋਈ ਪੌਣਾ ਏਕੜ ਜ਼ਮੀਨ ਪੁਰੇਵਾਲ ਭਾਈਆਂ ਨੇ ਹੋਰ ਸੇਵਾ ਕਰ ਦਿਤੀ। ਇਸ ਨਵੀਂ ਆਈ ਜ਼ਮੀਨ ਵਿਚ ਵਿਸ਼ਾਲ ਖੇਡਾਂ ਵਾਸਤੇ ਗਰਾਊਂਡਾਂ ਬਣਾਈਆਂ ਗਈਆਂ ਅਤੇ 150-200 ਕਾਰਾਂ ਲਈ ਪਾਰਕਾਂ ਬਣੀਆਂ ਜਿਹੜੀਆਂ ਕਿ ਫੁਲਾਂ- - ਬੂਟਿਆਂ ਨਾਲ ਸਜੀਆਂ ਹੋਈਆਂ ਹਨ। ਹੁਣ ਤਕ ਸਤ ਵਾਰ ਸਾਲਾਨਾ ਟੂਰਨਾਮੈਂਟ ਹੋ ਚੁਕੇ ਹਨ। ਅਤੇ ਐਥੋਂ ਭੀ ਹਰ ਸਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਜਲੂਸ ਸ਼ਹਿਰ ਵਿਚ ਜਾਂਦਾ ਹੈ।

ਐਥੇ ਹੀ ਬਸ ਨਹੀਂ 1981 ਵਿਚ ਇਕ ਅਕੈਡਮੀ ਦੇ ਸ਼ੁਰੂ ਕਰਨ ਲਈ ਕੋਈ ਚਾਰ ਲੱਖ ਡਾਲਰ ਤੋਂ ਵੱਧ ਮਾਇਆ ਖਰਚ ਕੇ ਇਕ ਭਾਰੀ ਬਿਲਡਿੰਗ ਗੁਰਦੁਵਾਰਾ ਸਾਹਿਬ ਲਈ ਬਣਾਈ ਗਈ ਹੈ। ਇਸ ਵਿਚ ਹਾਈ ਸਕੂਲ ਚਲਾਉਣ ਦੀ ਮਨਜ਼ੂਰੀ ਮਿਲ ਚੁਕੀ ਹੈ। ਸਕੂਲ ਦੇ ਕਮਰਿਆਂ ਤੋਂ ਇਲਾਵਾ ਇਕ ਵੱਡੀ ਲਾਇਬਰੇਰੀ, ਅਤੇ ਹੈਲਥ ਸੈਂਟਰ ਦਾ ਪ੍ਰਬੰਧ ਵੀ ਹੈ। ਲੋਕਲ ਡਾਕਟਰ ਐਥੇ ਸੇਵਾ ਕਰਨ ਦੀ ਜ਼ੁੰਮੇਂਵਾਰੀ ਲੈਂਦੇ ਹਨ।

ਸਿਖ ਹਮੇਸ਼ਾਂ ਚੜ੍ਹਦੀ ਕਲਾ ਦੇ ਵਿਸਵਾਸ਼ੀ ਹਨ। ਆਪਣੇ ਉਜਲ ਭਵਿਖ ਦੀ ਆਸ਼ਾ ਦੇ ਸਾਧਨ ਕਰਦੇ ਹੋਏ ਇਨ੍ਹਾਂ ਨੇ ਕੋਈ 14 ਏਕੜ ਨਾਲ ਲਗਦੀ ਜ਼ਮੀਨ ਹੋਰ ਖਰੀਦ ਲਈ ਹੈ। ਸੋ ਹੁਣ ਕੋਈ 28 ਏਕੜ ਦੇ ਲਗਪਗ ਗੁਰੂ ਘਰ ਪਾਸ ਥਾਂ ਹੈ ਜਿਸਨੂੰ ਲੋੜ ਅਨੁਸਾਰ ਵਰਤਿਆ ਜਾ ਸਕਦਾ ਹੈ।

ਆਉਣ ਵਾਲੇ ਸਮੇਂ ਦੀ ਗੱਲ ਤਾਂ ਵਾਹਿਗੁਰੂ ਜਾਣਦਾ ਹੈ। ਪਰ ਜਦੋਂ ਗੁਰੂ ਜੀ ਦੇ ਹੁਕਮ ਅਨੁਸਾਰ 96 ਕਰੋੜ ਖਾਲਸਾ ਹੋਵੇਗਾ ਤੇ ਉਸ ਦਾ ਕਾਫੀ ਹਿੱਸਾ ਇਸ ਯੂਬਾ ਸਿਟੀ ਦੇ ਗੁਰਦੁਆਰਾ ਸਾਹਿਬ ਦਾ ਵਸਨੀਕ ਬਣ ਸਕੇਗਾ। ਦਾਸ ਨੂੰ ਭਵਿਖ ਬਾਣੀ ਤਾਂ ਆਉਂਦੀ ਨਹੀਂ ਪਰ ਇਹ ਯਕੀਨ ਜ਼ਰੂਰ ਹੈ ਕਿ ਜਿਸ ਅਸਥਾਨ ਤੇ "ਸਰਬਤ ਦੇ ਭਲੇ" ਦੀ ਅਰਦਾਸ ਹੋਵੇ ਉਹ ਅਸਥਾਨ ਸਦੀਵ ਹੀ ਪਰਫੁਲਤ ਰਹੇਗਾ। ਤੇ ਸਿੱਖਾਂ ਦੇ ਗੁਰਦੁਵਾਰੇ ਦਾ ਇਹੋ ਕਰਤਬ ਹੈ।

ਅੱਗੇ ਗੁਰੂ ਰਾਖਾ।

ਕੁਝ ਸਿੱਖੀ ਬਾਰੇ

ਡਾ: ਬਲਵੰਤ ਸਿੰਘ ਯੂਬਾ ਸਿਟੀ

ਵਾਹਿ ਪਰਗਟ ਮਰਦ ਅਗੰਮੜਾ ਵੀਰਆਮ ਅਕੇਲਾ
ਵਾਹਿ ਵਾਹਿ ਗੋਬਿੰਦ ਸਿੰਘ ਆਪੇ ਗੁਰ ਚੇਲਾ
(ਭਾਈ ਗੁਰਦਾਸ ਜੀ ਦੂਸਰੇ)

ਸਤਾਰਵੀਂ ਸਦੀ ਜਦ ਪੱਛਮੀ ਦੇਸ਼ ਲੋਕ ਰਾਜ ਪ੍ਰਣਾਲੀ ਨੂੰ ਜਨਮ ਦੇ ਰਹੇ ਸਨ ਉਸ ਸਮੇਂ ਭਾਰਤ ਇਕ ਪੁਰਖੀ ਰਾਜ ਅਧੀਨ ਜ਼ੁਲਮ ਔਰ ਜਬਰ ਦਾ ਸ਼ਿਕਾਰ ਬਣ ਰਿਹਾ ਸੀ ਇਥੋਂ ਤਕ ਕਿ ਭਾਰਤੀ ਜਨਤਾ ਨੂੰ ਆਪਣੀ ਇਛਾ ਅਨੁਸਾਰ ਖਾਣ ਪੀਣ ਪਹਿਨਣ ਬੋਲਣ ਔਰ ਆਪਣੇ ਧਰਮ ਅਨੁਸਾਰ ਜਿਉਣ ਦਾ ਹੱਕ ਵੀ ਪ੍ਰਾਪਤ ਨਹੀਂ ਸੀ।

ਭਾਰਤੀ ਸਮਾਜ ਵਿਚ ਜੋ ਪਹਿਲਾਂ ਹੀ ਵਰਣ ਪ੍ਰਣਾਲੀ ਵਿਚ ਵੰਡਿਆ ਪਿਆ ਸੀ ਉਸ ਤੋਂ ਸਵੈ ਇੱਛਾ ਅਨੁਸਾਰ ਰਹਿਣ ਸਹਿਣ ਖਾਣ ਪੀਣ ਪਹਿਨਣ ਬੋਲਣ ਇਕੱਠੇ ਹੋਣ ਸਵਾਰੀ ਕਰਨ ਸਵੈ ਰੱਖਿਆ ਲਈ ਸ਼ਸਤਰ ਧਾਰਨ ਕਰਨ ਪਰ ਅਨੇਕਾਂ ਪ੍ਰਕਾਰ ਦੀਆਂ ਪਾਬੰਦੀਆਂ ਸਨ। ਜਿਉਂਦੇ ਜਾਗਦੇ ਇਨਸਾਨ ਨੂੰ ਮਿੱਟੀ ਦੇ ਬੁੱਤ ਵਾਂਗ ਬੇਜਾਨ ਕਰਕੇ ਬੇ ਅਣਖੇ ਮਨਪਰਚਾਵੇ ਦੇ ਖਿਲੌਣਿਆਂ ਦੀ ਤਰ੍ਹਾਂ ਵਰਤਿਆ ਜਾ ਰਿਹਾ ਸੀ। ਅਣਖ ਉਕਾ ਹੀ ਖਤਮ ਕਰਕੇ ਸਮੇਂ ਦੇ ਸਾਸਕ ਹਰਨਾਕਸ਼ ਬਣੀ ਬੈਠੇ ਸਨ।


ਸੰਨ 1675 ਈਸਵੀ ਵਿਚ ਜਦ ਨੌਂਵੇ ਸਤਗੁਰੂ ਸ੍ਰੀ ਗੁਰੂ ਤੇਗ ਬਹਾਦਰ ਜੀ ਮਨੁੱਖੀ ਅਣਖ, ਸਵੈ ਮਾਨਤਾ ਔਰ ਧਾਰਮਿਕ ਆਜ਼ਾਦੀ ਦੇ ਲਈ ਆਪਣਾ ਸੀਸ ਬਲੀਦਾਨ ਕਰਕੇ ਇਕ ਅਦੁੱਤੀ ਕ੍ਰਿਆ ਕੀਤੀ। ਸ੍ਰੀ ਗੁਰੂ ਗੋਬਿੰਦ ਸਿੰਘ ਪਾਤਸ਼ਾਹ ਪਿਤਾ ਗੁਰਦੇਵ ਦੀ ਸ਼ਹਾਦਤ ਬਾਰੇ ਇੰਝ ਆਖਿਆ

ਕੀਕਰ ਠੌਰ ਦਲੀਸ ਪੁਰ, ਪ੍ਰਭੂ ਧੁਰ ਕਿਆਂ ਧਿਆਨ ਤੇਗ ਬਹਾਦਰ ਸੀ ਕਿਆਂ
ਕਹੀ ਨਾ ਕਿਨ ਹੂ ਆਨ

ਨੌਂਵੇ ਸਤਿਗੁਰੂ ਸਾਹਿਬਾਨ ਦੀ ਸ਼ਹਾਦਤ ਨੇ ਜਿਥੇ ਹਿੰਦੂ ਧਰਮ ਦੇ ਹੱਕਾਂ ਦੀ ਬਹਾਲੀ ਲਈ ਆਪਣੇ ਸੀਸ ਦਾ ਬਲੀਦਾਨ ਦੇ ਕੇ ਜਿਥੇ ਹਿੰਦੂ ਧਰਮ ਤੇ ਇਕ ਮਹਾਨ ਪਰਉਪਕਾਰ ਕੀਤਾ ਉਥੇ ਆਪ ਦੀ ਸ਼ਹਾਦਤ ਦੱਬੀ ਕੁਚਲੀ ਮਨੁੱਖਤਾ ਔਰ ਮਨੁੱਖੀ ਸਵੈ ਮਾਨ ਦੀ ਬਹਾਲੀ ਲਈ ਬੜਾ ਜੁਹਰਤ ਭਰਿਆ ਕਦਮ ਸੀ ਜਿਸਨੇ ਦਲੀਲ ਲੋਕਾਂ ਵਿਚ ਗੈਰਤ ਨਾਲ ਜਿਊਣ ਲਈ ਸਾਹਸ ਭਰਿਆ। ਇਸ ਸਬੰਧ ਵਿਚ ਗੁਰੂ ਸਾਹਿਬ ਦੀ ਸ਼ਹਾਦਤ ਨਾਲ ਸਬੰਧਤ ਇਕ ਘਟਨਾ ਦਾ ਵਰਨਣ ਕਰ ਦੇਣਾ ਉਚਤ ਹੋਵੇਗਾ।

ਭਾਈ ਜੈਤਾ ਜੀ ਜੋ ਬਾਦ ਵਿਚ ਸਿੱਖ ਜਗਤ ਵਿਚ ਭਾਈ ਜੀਵਨ ਸਿੰਘ

ਬਾਕੀ ਪੰਨਾ 32 ਉਤੇ


Gurdial Singh(Gaddey)



ਪੰਨਾ 31 ਦੀ ਬਾਕੀ

ਜੀ ਦੇ ਨਾਮ ਨਾਲ ਜਾਣੇ ਜਾਣ ਲੱਗੇ ਇਕ ਪਛੜੀ ਸ਼੍ਰੇਣੀ ਦੇ ਵਿਅਕਤੀ ਸਨ ਆਪ ਨੌਂਵੇ ਪਾਤਸ਼ਾਹ ਦੇ ਨਿਕਟਵਰਤੀ ਔਰ ਵਿਸ਼ਵਾਸ਼ੀ ਮਿਤਰਾਂ ਚੋਂ ਇਕ ਸਨ ਹਜ਼ੂਰ ਦੀ ਸ਼ਹਾਦਤ ਤੋਂ ਬਾਦ ਆਪ ਹੀ ਨੌਂਵੇ ਸਤਗੁਰਾਂ ਦਾ ਸੀਸ ਦਿੱਲੀ ਤੋਂ ਆਨੰਦਪੁਰ ਸਾਹਿਬ ਲੈ ਕੇ ਆਏ ਸਨ। ਭਾਈ ਜੈਤਾ ਜੀ (ਭਾਈ ਜੀਵਨ ਸਿੰਘ) ਦੇ ਆਗਮਨ ਦੀ ਸੂਚਨਾ ਜਦ ਸ੍ਰੀ ਗੁਰੂ ਗੋਬਿੰਦ ਸਿੰਘ ਮਹਾਰਾਜ ਨੂੰ ਮਿਲੀ ਤਾਂ ਆਪ ਪਿਤਾ ਗੁਰਦੇਵ ਦੇ ਸੀਸ ਦੇ ਸਵਾਗਤ ਲਈ ਆਨੰਦਪੁਰ ਸਾਹਿਬ ਤੋਂ ਚਲ ਕੇ ਕੀਰਤਪੁਰ ਸਾਹਿਬ ਪੁਜੇ ਅਤੇ ਭਾਈ ਜੈਤਾ ਜੀ ਨੂੰ ਗਲਵਕੜੀ ਪਾ ਕੇ ਮਿਲੇ ਤੇ ਭਾਈ ਜੈਤਾ ਜੀ ਨੇ ਅਸਲ ਗੁਰੂ ਪੁਤਰ ਹੋਣ ਦਾ ਸਨਮਾਨ ਦਿਤਾ ਅਤੇ ਆਖਿਆ ਰੰਗਰੇਟਾ ਗੁਰੂ ਕਾ ਬੇਟਾ ਅਤੇ ਫਿਰ ਸਾਰੀ ਵਿਥਿਆ ਪ੍ਰੇਮ ਸਹਿਤ ਸੁਣੀ। ਭਾਈ ਜੈਤਾ ਜੀ ਨੇ ਸ਼ਹਾਦਤ ਸਬੰਧੀ ਸਾਰਾ ਹਾਲ ਸੁਣਾਇਆ ਅਤੇ ਨਾਲ ਦਸਿਆ ਕਿ ਹਜ਼ੂਰ ਨੂੰ ਸ਼ਹੀਦ ਕਰਨ ਉਪਰੰਤ ਮੁਗਲ ਹਾਕਮਾਂ ਨੇ ਬੜਾ ਹੈਂਕੜ ਭਰਿਆ ਤਾਨ੍ਹਾਂ ਦਿਤਾ ਕਿ ਜੋ ਆਪ ਨੂੰ ਗੁਰੂ ਦਾ ਸਿੱਖ ਅਖਵਾਉਂਦਾ ਹੈ ਉਹ ਸਾਹਮਣੇ ਆ ਕੇ ਗੁਰੂ ਦੀ ਦੇਹ ਨੂੰ ਚੁਕੇ ਅਤੇ ਇਹ ਘਟਨਾ ਵਾਪਰਨ ਪਰ ਸਾਰੀ ਦਿੱਲੀ ਚੋਂ ਕਿਸੇ ਨੇ ਵੀ ਸਿੱਖ ਅਖਵਾਉਣ ਦੀ ਜ਼ੁਰਰਤ ਨਾ ਕੀਤੀ ਤਾਂ ਉਤਰ ਵਿਚ ਹਜ਼ੂਰ ਨੇ ਆਖਿਆ ਭਾਈ ਜੈਤਾ ਜੀ ਮੈਂ ਐਸੇ ਸਿੱਖ ਪੈਦਾ ਕਰਾਂਗਾ ਜੋ ਅੱਡਰੇ ਹੀ ਪਹਿਚਾਣੇ ਜਾਣਗੇ ਅਤੇ ਕਿਧਰੇ ਛੁਪਣਾ ਵੀ ਚਾਹੁਣ ਤਾਂ ਛੁਪ ਨਹੀਂ ਸਕਣਗੇ। ਸਿੱਖ ਦਾ ਨਿਆਰਾਪਨ ਔਰ ਅੱਡਰੀ ਹੋਂਦ ਸਿੱਖੀ ਦਾ ਵਿਲੱਖਣ ਗੁਣ ਹੋਵੇਗਾ।

24 ਸਾਲ ਬਾਦ ਸੰਨ 1699 ਈਸਵੀ ਵਿਚ ਗੁਰੂ ਨੇ ਸਚਮੁਚ ਦੱਬੇ ਕੁਚਲੇ ਵਰਗ ਦੇ ਲੋਕਾਂ ਨੂੰ ਇਕ ਅੱਡਰਾ ਰੂਪ ਦੇ ਕੇ ਸੰਤ ਔਰ ਸਿਪਾਹੀ ਦੇ ਰੂਪ ਵਿਚ ਸੰਸਾਰ ਨੂੰ ਇਕ ਨਵੀਂ ਦੇਣ ਦਿਤੀ। ਸਮੇਂ ਦੀ ਰਵਾਇਤ ਅਨੁਸਾਰ ਦਸਤਾਰ ਔਰ ਤਲਵਾਰ ਖੁਲ੍ਹਾ ਦਾੜ੍ਹਾ ਔਰ ਘੋੜ ਸਵਾਰੀ ਦਾ ਹੱਕ ਕੇਵਲ ਉਚ ਪਦਵੀ ਦੇ ਧਾਰਨੀ ਦੇ ਹਾਕਮਾਂ ਨੂੰ ਹੀ ਸੀ। ਔਰ ਸਰਦਾਰ ਅਖਵਾਉਣ ਦਾ ਹੱਕ ਵੀ ਕੇਵਲ ਉਚ ਅਧਿਕਾਰੀਆਂ ਨੂੰ ਸੀ। ਹਜ਼ੂਰ ਦਸਵੇਂ ਪਿਤਾ ਨੇ ਖੰਡੇ ਬਾਟੇ ਦਾ ਅੰਮ੍ਰਿਤਪਾਨ ਕਰਵਾ ਕੇ ਕੇਵਲ ਉਚ ਨੀਚ ਦੇ ਫਰਕ ਨੂੰ ਹੀ ਨਹੀਂ ਮਿਟਾਇਆ ਬਲਕਿ ਹਰ ਸਿੱਖ ਵਿਚ ਸਵੈ ਮਾਨਤਾ ਦਾ ਗੁਣ ਭਰ ਕੇ ਉਸ ਨੂੰ ਸਰਦਾਰ ਅਖਵਾਉਣ ਦਾ ਹੱਕ ਪ੍ਰਦਾਨ ਕੀਤਾ ਹੁਣ ਹਰ ਸਿੱਖ ਆਪਣੇ ਆਪ ਨੂੰ ਸਰਦਾਰ ਅਖਵਾਉਂਦਾ, ਘੋੜ ਸਵਾਰੀ ਕਰਦਾ, ਦਸਤਾਰ ਔਰ ਤਲਵਾਰ ਪਹਿਨਦਾ ਔਰ ਇਕ ਮਾਣ ਦਾ ਜੀਵਨ ਬਤੀਤ ਕਰਨ ਦਾ ਸਾਹਸ ਰੱਖਦਾ। ਇਹ ਸਾਰੇ ਉਹ ਹੱਕ ਹਨ ਜਿਨ੍ਹਾਂ ਤੋਂ ਸਮੇਂ ਦੀ ਸਰਕਾਰ ਨੇ ਮਨੁੱਖਤਾ ਨੂੰ ---- ਕਰਕੇ ਰੱਖਿਆ ਹੋਇਆ ਸੀ ਹੁਣ ਸਿੱਖ ਇਕ ਕਬੀਲਾ ਜਾਂ ਪਰਜਾ ਨਹੀਂ ਸਗੋਂ ਇਕ ਆਤਮ ਵਿਸ਼ਵਾਸ਼ੀ ਸਾਹਸੀ ਔਰ ਆਪਦੇ ਹੱਕਾਂ ਤੋਂ ਜਾਣੂੰ ਆਪਣੇ ਲੋਕਾਂ ਦੇ ਹੱਕਾਂ ਤੋਂ ਜਾਣੂੰ ਸ਼ਹਿਰੀ ਸਨ।

ਗੁਰੂ ਨੇ ਪੰਜ ਕਕਾਰ ਦੀ ਦੇਣ ਦੇ ਕੇ ਦੱਬੀ ਕੁਚਲੀ ਮਨੁੱਖਤਾ ਵਿਚ ਪਰ ਉਪਕਾਰ ਕੀਤਾ ਔਰ ਇਨਸਾਨ ਨੂੰ ਗੈਰਤ ਨਾਲ ਜੀਉਣ ਦਾ ਰਾਹ ਦਰਸਾਇਆ

ਅੱਜ ਸਿੱਖ ਆਪਣੇ ਗੈਰਤ ਭਰੇ ਇਤਿਹਾਸ ਔਰ ਅਮੀਰ ਵਿਰਸੇ ਤੋਂ ਬੇ ਖਬਰ ਹੋ ਕੇ ਪੱਤਤ ਹੁੰਦਾ ਜਾ ਰਿਹਾ ਹੈ ਜਿਸ ਕਾਰਨ ਸਿੱਖ ਸਵੈਮਾਨ ਨੂੰ ਇਕ ਕਰਾਹੀ ਚੋਟ ਵੱਜ ਰਹੀ ਹੈ ਅਸੀਂ ਵਿਚਾਰਾਂ ਵਿਚ ਭਾਵੇਂ ਸਿੱਖੀ ਦੇ ਭਾਵੇਂ ਕਿੰਨੇ ਮੁਦੱਈ ਹੋਈਏ ਪਰ ਦਾੜ੍ਹੀ ਕੇਸਾਂ ਤੋਂ ਪੱਤਤ ਮਨੁੱਖ ਸਿੱਖੀ ਦੀ ਸ਼ਾਨ ਵਿਚ ਵਾਧੇ ਦਾ ਸਾਧਨ ਨਹੀਂ ਬਣ ਸਕਦਾ।

ਜੇਠਮਲਾਨੀ ਵਲੋਂ ਪਾਕਿ ਦੇ ਇਰਾਦਿਆਂ ਵਿਰੁਧ ਚਿਤਾਵਨੀ

ਅੰਮ੍ਰਿਤਸਰ — ਭਾਰਤੀ ਜਨਤਾ ਪਾਰਟੀ ਦੇ ਉਪ ਪ੍ਰਧਾਨ ਡਾ: ਰਾਮ ਜੇਠਮਲਾਨੀ ਨੇ ਚਿਤਾਵਨੀ ਦਿਤੀ ਹੈ ਕਿ ਜੇਕਰ ਇਸ ਦੇਸ਼ ਅੰਦਰ ਕੋਈ ਵਿਅਕਤੀ ਜਾਂ ਰਾਜਸੀ ਧਿਰ ਇਹ ਸਮਝਦੀ ਹੈ ਕਿ ਉਹ ਪਾਕਿਸਤਾਨ ਤੋਂ ਕਿਸੇ ਕਿਸਮ ਦੀ ਸਹਾਇਤਾ ਜਾਂ ਹੱਲਾਸ਼ੇਰੀ ਪ੍ਰਾਪਤ ਕਰ ਕੇ ਆਪਣੇ ਮਨੋਰਥ ਦੀ ਪੂਰਤੀ ਕਰ ਸਕਦੀ ਹੈ ਤਾਂ ਉਹ ਬਹੁਤ ਹੀ ਵੱਡੇ ਭੁਲੇਖੇ ਵਿਚ ਹੈ। ਸ੍ਰੀ ਜੇਠ ਮਿਲਾਨੀ ਪੰਜਾਬ ਦੇ ਪੰਜ ਰੋਜ਼ਾ ਅਮਨ ਮਿਸ਼ਨ 'ਤੇ ਇਥੇ ਆਏ ਹੋਏ ਹਨ।

ਭਾਜਪਾ ਆਗੂ ਨੇ ਵਿਸ਼ਵਾਸ ਪ੍ਰਗਟ ਕੀਤਾ ਕਿ ਪਾਕਿਸਤਾਨ ਕਦੀ ਵੀ ਭਾਰਤ ਜਾਂ ਭਾਰਤ ਵਿਚ ਰਹਿ ਰਹੀ ਕਿਸੇ ਵੀ ਧਿਰ ਦਾ ਭਲਾ ਨਹੀਂ ਚਿਤਵ ਸਕਦਾ "ਅਤੇ ਖਾਸ ਕਰਕੇ ਸਿੱਖਾਂ ਦੇ ਮਾਮਲੇ ਵਿਚ ਤਾਂ ਇਹ ਗੱਲ ਬਿਲਕੁਲ ਹੀ ਨਿਸਚੇ ਨਾਲ ਆਖੀ ਜਾ ਸਕਦੀ ਹੈ।" ਇਸ ਸਬੰਧ ਵਿਚ ਉਨ੍ਹਾਂ ਨੇ ਸੁਤੰਤਰਤਾ ਤੋਂ ਪਹਿਲਾਂ ਪਾਕਿਸਤਾਨ ਵਿਚ ਆਪਣੇ ਤਜਰਬੇ ਤੋਂ ਉਦਾਹਰਣਾਂ ਦਿੱਤੀਆਂ। ਉਨ੍ਹਾਂ ਨੇ ਸਿੱਖਾਂ ਨੂੰ ਵੀ ਉਸ ਤਜਰਬੇ ਨੂੰ ਯਾਦ ਰੱਖਣ ਲਈ ਆਖਿਆ ਅਤੇ ਨਾਲ ਈ ਕਿਹਾ ਕਿ ਉਨ੍ਹਾਂ ਨੂੰ ਕਦੀ ਵੀ ਪਾਕਿਸਤਾਨੀ ਪ੍ਰਾਪੇਗੰਡੇ ਦੇ ਝਾਂਸੇ ਵਿਚ ਨਹੀਂ ਆਉਣਾ ਚਾਹੀਦਾ।

ਭਾਜਪਾ ਆਗੂ ਨੇ ਆਖਿਆ ਕਿ ਭਾਰਤ ਟੰਦਰ ਸਿੱਖਾਂ ਨਾਲ ਕਿਸੇ ਵੀ ਕਿਸਮ ਦਾ ਵਿਤਕਰਾ ਕੀਤੇ ਜਾਣ ਦਾ ਕੋਈ ਮਤਲਬ ਹੀ ਨਹੀਂ। ਸਿਖ ਭਾਰਤ ਵਿਚ ਕਿਸੇ ਵੀ ਜਗ੍ਹਾ 'ਤੇ ਵਸਣ ਵਾਲੇ ਕਿਸੇ ਵੀ ਹੋਰ ਧਰਮ ਜਾਂ ਫਿਰਕੇ ਦੇ ਨਾਗਰਿਕਾਂ ਜਿਤਨੇ ਹੀ ਸਤਿਕਾਰਤ ਨਾਗਰਿਕ ਹਨ ਅਤੇ ਉਹ ਦੇਸ਼ ਦੀ ਰਾਜਨੀਤੀ ਜਾਂ ਪ੍ਰਸ਼ਾਸਨ ਦੇ ਕਿਸੇ ਵੀ ਵੱਡੇ ਤੋਂ ਵੱਡੇ ਅਹੁਦੇ ਉਪਰ ਬਿਨਾਂ ਕਿਸੇ ਭੇਦ ਭਾਵ ਦੇ ਪਹੁੰਚ ਸਕਦੇ ਹਨ।

ਗ਼ਜ਼ਲ

ਕਿਸ ਰਾਹ ਤੇ ਚਲ ਪਿਆ ਹੈ ਇਨਸਾਨ ਹਾਏ ਹਾਏ !
ਜੀਂਦੇ ਜੀ ਢੂੰਡਦਾ ਹੈ ਸ਼ਮਸ਼ਾਨ ਹਾਏ ਹਾਏ !

ਚੁਪ ਚਾਪ ਵੇਖਦਾ ਹੈ ਧਰਤੀ ਤੇ ਜ਼ੁਲਮ ਹੁੰਦਾ
ਬੇਰਹਿਮ ਕਿਸ ਕਦਰ ਹੈ ਅਸਮਾਨ ਹਾਏ ਹਾਏ !

'ਮਾਣਸ ਕੀ ਜ਼ਾਤ ਇਕ ਹੈ' ਗੁਰਬਾਣੀ ਕਹਿ ਰਹੀ ਹੈ
ਸੁਣਦਾ ਨਹੀਂ ਮਗਰ ਕਿਉਂ ਇਨਸਾਨ ਹਾਏ ਹਾਏ !

ਜਿਹਨਾਂ ਦੀ ਮਿਹਰ ਸਦਕਾ ਇਹ ਕਹਿਰ ਹੋ ਰਿਹਾ ਹੈ
ਉਹ ਅੱਲਾ ਹਾਏ ਹਾਏ ਭਗਵਾਨ ਹਾਏ ਹਾਏ !

ਮੁਜਰਿਮ ਨੂੰ ਜੋ ਬਚਾਏ ਪਾਪਾਂ ਨੂੰ ਪੁੰਨ ਬਣਾਏ
ਉਹ ਧਰਮ ਹਾਏ ਹਾਏ ਈਮਾਨ ਹਾਏ ਹਾਏ !

ਇਹ ਖਾਕਸਾਰ ਲੀਡਰ ਈਮਾਨਦਾਰ ਲੀਡਰ
ਕੁਰਸੀ ਤੋਂ ਵਾਰਦੇ ਨੇ ਈਮਾਨ ਹਾਏ ਹਾਏ !

ਟਿੱਕੇ ਲਹੂ ਦੇ ਲਾ ਕੇ ਜਮਨਾ ਲਹੂ ਦੀ ਭਰ ਕੇ
ਕੀਤਾ ਅਹਿੰਸਾ-ਭਗਤਾਂ ਇਸ਼ਨਾਨ ਹਾਏ ਹਾਏ !

ਇਕ ਹੋਰ ਤੇਗ਼ ਉਸ ਨੂੰ ਧਰਮੀ ਫੜਾ ਰਹੇ ਨੇ
ਕਾਤਿਲ ਦਾ ਹੋ ਰਿਹਾ ਹੈ ਸਨਮਾਨ ਹਾਏ ਹਾਏ !

ਭਾਈ ਨੇ ਕੁਝ ਲੜਾਏ ਪੰਡਿਤ ਨੇ ਕੁਝ ਸਿਖਾਏ (ਰੁਸਾਏ)
ਇਕ ਦੂਸਰੇ ਦੀ ਜੋ ਸਨ ਦਿਲ ਜਾਨ ਹਾਏ ਹਾਏ !

ਮਜ਼ਹਬ ਨੇ ਹੀ ਸਿਖਾਇਆ ਆਪਸ ਚ ਵੈਰ ਰਖਣਾ
ਬੰਦੇ ਨੂੰ ਇਸ ਬਣਾਇਆ ਸ਼ੈਤਾਨ ਹਾਏ ਹਾਏ !

ਜੀਂਦੇ ਹੀ ਮਰ ਗਏ ਨੇ ਦਹਿਸ਼ਤ ਦੇ ਨਾਲ ਲੋਕੀਂ
ਘਰ ਘਰ ਚੋਂ ਬਲ ਰਿਹਾ ਹੈ ਸ਼ਮਸ਼ਾਨ ਹਾਏ ਹਾਏ !

ਛਡ ਆਲ੍ਹਣੇ ਪਰਿੰਦੇ ਬਚਿਆਂ ਸਮੇਤ ਚੱਲੇ
ਗੁਲਸ਼ਨ ਹੋ ਚਲਿਆ 'ਉਲਫ਼ਤ' ਵੀਰਾਨ ਹਾਏ ਹਾਏ !

ਇਨਸਾਲ ਦੇ ਲਹੂ ਦਾ ਦਰਿਆ ਵਗਾ ਰਿਹੈ ਜੋ
ਡੁੱਬੇਗਾ ਏਸ ਵਿਚ ਹੀ ਇਨਸਾਨ ਹਾਏ ਹਾਏ !

ਹੁੰਦੇ ਨੇ ਕਤਲ ਜਦ ਵੀ ਮਜ਼ਲੂਮ ਬੇਕਸੂਰੇ
ਹੁੰਦੇ ਨੇ ਕਤਨ ਮੇਰੇ ਅਰਮਾਨ ਹਾਏ ਹਾਏ !

ਲਾਸ਼ਾਂ ਦੇ ਕੋਲ ਬਹਿ ਕੇ ਰੋਏ ਯਤੀਮ ਬੱਚੇ
ਤਕਦਾ ਰਿਹਾ ਤਮਾਸ਼ਾ ਇਨਸਾਨ ਹਾਏ ਹਾਏ !

ਗੀਤਾ ਗ੍ਰੰਥ ਦੀ ਗਲ ਸੁਣਦਾ ਹੈ ਕੌਣ 'ਉਲਫ਼ਤ'
ਨਫਰਤ ਦਾ ਝਲ ਰਿਹਾ ਹੈ ਤੂਫ਼ਾਨ ਹਾਏ ਹਾਏ !

ਉਲਫ਼ਤ ਬਾਜਵਾ

ਖਾਲਸਾ ਫੂਡਜ਼ ਸੈਂਟਰ ਅਤੇ ਆਲ ਇੰਡੀਆ ਫੂਡਜ਼ ’ਤੇ

ਗਰੈਂਡ ਸੇਲ

KHALSA FOOD CENTRE
Opposite All India Foods
6635 Main St. Vancouver, B.C.
(604) 324-2195

ALL INDIA FOODS
6634 Main St. Vancouver, B.C.
Ph. (604) 324-1686

ਨਬਾਬ ਚਾਹ ਪੱਤੀ Nabob Tea 2.95 100 Packs	ਨਬਾਬ ਚਾਹ ਪੱਤੀ Nabob Tea 5.99 1 lb. pkt.	ਕਰਿਸਕੋ ਤੇਲ 5.69 3 lit.	ਕਰਿਸਕੋ ਸ਼ੌਰਟਨਿੰਗ 3.49 can.
ਬੀ. ਸੀ. ਸ਼ੂਗਰ B.C. Granulated Sugar ਲਿਮਟਿਡ ਔਫਰ 4.99 White 10 kg. Bag.	ਪੈਸਿਫਿਕ ਮਿਲਕ Pacific Milk 69¢ can	ਮੈਦਾ ਰੌਬਿਨਹੁੱਡ Robinhood Maida 4.99 10 K.G.	ਵੈਜੀਟੇਬਲ ਤੇਲ Vegetable Oil 2.99 3 lit.
ਕੌਮਿੱਟ ਭਾਂਡੇ ਧੋਣ ਵਾਲਾ Comet 99¢ large can 600 GMS.	ਵੇਸਣ Channa Flour 2.69 2 kg.	ਐਪਲ ਜੂਸ Apple Juice ਵਾਈਟ ਲੇਬਲ white lable 69¢ 1 lit	ਹਰੀਆਂ ਲੈਚੀਆਂ Green Ilachi 9.99 lb.
ਵੈਜੀਟੇਬਲ ਤੇਲ Vegetable Oil 11.99 16 lit.	ਅਦਰਕ Ginger 89¢ lb.	ਐਪਲ ਜੂਸ ; ਬਲੂ ਲੇਬਲ Apple Juice Blue Label 99¢	ਅਮਰੀਕਾ ਤੋਂ ਵਧੀਆ ਗੰਢੇ Onions 7.99 50 lb.
ਬਾਸਮਤੀ ਚੌਲ Basmati Rice 69 ¢ lb.	ਸੇਵੀਆਂ Sewian. 2/99¢	ਟਾਈਡ ਕੱਪੜੇ ਧੋਣ ਵਾਲਾ ਸਾਬਣ 9.69 12 lit.	ਚੀਅਰ ਕੱਪੜੇ ਧੋਣ ਵਾਲਾ ਸਾਬਣ 8.88
ਪੇਪਸੀ ਜਾਂ ਸੈਵਨ ਅੱਪ Pepsi Or Seven Up 2/99 bottle. 750 ml. Plus Deposit	ਹਲਦੀ ਮਿਰਚਾਂ Chilli or Haldi 99¢ ea. lb.	ਦੁੱਧ ਡੇਰੀਲੈਂਡ Milk Only Saturday - Sunday ਸਪੈਸ਼ਲ	ਪਾਪੜ Papad 99¢ pkt.

100 ਡਾਲਰ ਗਰੌਸਰੀ ਰੈਗੂਲਰ ਕੀਮਤ ਤੇ ਖਰੀਦਣ ਵਾਲੇ ਨੂੰ ਭਾਰੇ ਥੱਲੇ ਵਾਲੇ ਪਤੀਲੇ ਖਰੀਦਣ ’ਤੇ 10 ਡਾਲਰ ਦੀ ਛੋਟ ਦਿਤੀ ਜਾਵੇਗੀ ।

ਸਿਖਿਜ਼ਮ ਦੀ ਗਲਤ ਵਿਆਖਿਆ

ਤਬਾਹੀ ਬ੍ਰਬਾਦੀ ਦਾ ਰਾਹ

(ਟਾਈਮਜ਼ ਆਫ ਇੰਡੀਆ (ਜੂਨ 6, 1986) ਵਿਚ ਡਾ: ਗੁਪਾਲ ਸਿੰਘ ਦੀ ਚਿਠੀ ਦਾ ਅਨੁਵਾਦ)

ਰਾਮ ਸਿੰਘ ਢਿੱਲੋਂ (ਗੋਰਾਇਆ)

ਬੀਤੇ ਚਾਰ ਸਾਲ ਤੋਂ ਪੰਜਾਬ ਦੀਆਂ ਕੁਝ ਕੁ ਵਖਵਾਦੀ ਖੁਦਗਰਜ਼ ਪਾਰਟੀਆਂ ਦੇ ਅੰਦੋਲਨ ਕਾਰਨ, ਸਿਖ, ਦੇਸ਼ ਅਤੇ ਪ੍ਰਦੇਸ਼ ਨੀਊਜ਼ ਮੀਡੀਆ ਦੀ ਇਕ ਉਘੀ ਨੀਊਜ਼ ਬਣ ਚੁਕੇ ਹਨ; ਭਾਵੇਂ ਇਸਦੇ ਅਸਲ ਕਾਰਨ ਪੁਲਿਟੀਕਲ ਅਤੇ ਆਰਥਿਕ ਹਨ ਪਰ ਇਨ੍ਹਾਂ ਨੂੰ ਸਿਖੀ ਅਸੂਲਾਂ ਅਤੇ ਰਹੁ-ਰੀਤੀਆਂ ਨਾਲ ਜੋੜਿਆ ਗਿਆ ਹੈ। ਇਕ ਦਮ ਹੀ ਖੁੰਬਾਂ ਵਾਂਗ ਸਿਖ ਅਸੂਲਾਂ ਦੇ ਮਾਹਿਰ, ਸਿਖਿਜ਼ਮ ਬਾਰੇ ਕਈ ਪ੍ਰਕਾਰ ਦੀ ਵਿਆਖਿਆ ਇਹਦੇ ਸਿਧਾਤਾਂ, ਆਸ਼ਰਮਾਂ ਅਤੇ ਤਵਾਰੀਖੀ ਪ੍ਰਮਾਣਾਂ ਬਾਰੇ ਪਰਚਾਰ ਕਰਨ ਲਈ ਉਤਪੰਨ ਹੋ ਚੁਕੇ ਹਨ। ਉਨ੍ਹਾਂ ਵਿਚੋਂ ਕਿਉਂਕਿ ਗਲਤ ਹਨ, ਮੈਂ ਇਕ ਗਿਣਤਕਾਰ ਉਘੇ ਹਿਸਟੋਰੀਅਨ ਅਤੇ ਧਰਮ-ਸ਼ਾਸ਼ਤਰੀ ਹੋਣ ਦੇ ਨਾਤੇ ਇਨ੍ਹਾਂ ਦੀ ਸੋਧ ਕਰਨ ਦਾ ਇੱਛਕ ਹਾਂ :—

ਪਹਿਲਾਂ — ਅਕਾਲ ਤਖਤ :— ਇਹਦੀ ਸਥਾਪਨਾ ਸਿਖਾਂ ਦੇ ਛੇਵੇਂ ਗੁਰੂ ਹਰ ਗੋਬਿੰਦ ਜੀ ਨੇ 1606 ਵਿਚ ਕੀਤੀ ਅਤੇ ਇਸਦਾ ਨਾਮ ਅਕਾਲ ਬੁੰਗਾ ਰਖਿਆ ਗਿਆ। "ਤਖਤ" ਸ਼ਬਦ ਗੁਰੂ ਜੀ ਦੇ ਸਮੇਂ ਤੋਂ ਪਿਛੋਂ ਆਖਿਆ ਜਾਣ ਲਗਾ ਬਲਕਿ ਦਸਵੇਂ ਗੁਰੂ ਜੀ (ਗੁਰੂ ਹਰ ਗੋਬਿੰਦ ਦੇ ਪੋਤਰੇ) ਜਿਨ੍ਹਾਂ ਆਪ ਕਦੀ ਏਸ ਅਸਥਾਨ ਤੇ ਚਰਨ ਨਾ ਪਾਏ, ਦੇ ਸਮੇਂ ਤੋਂ ਵੀ ਪਿਛੋਂ। ਇਸਤੋਂ ਵੀ ਵਧੇਰੇ ਇਹ ਅਸਥਾਨ ਛੇਵੇਂ ਗੁਰੂ ਜੀ ਦਾ ਵੀ ਕਦੀ ਵਿਸ਼ਰਾਮ-ਘਰ ਨਾ ਬਣਿਆ ਕਿਉਂ ਜੋ ਉਹ 6-7 ਮੀਲ ਦੂਰ ਛੇਹਰਟਾ ਸਾਹਿਬ ਵਿਖੇ ਟਿਕਦੇ ਰਹੇ ਅਤੇ ਉਨ੍ਹਾਂ ਮੁਸਲਮਾਨ ਰਾਜੇ, ਸ਼ਾਹਜਹਾਨ ਨਾਲ ਇਕ ਕੱਚੇ ਕਿਲ੍ਹੇ ਲੋਹਗੜ੍ਹ ਵਿਚੋਂ; ਜੇਹੜਾ ਉਨ੍ਹਾਂ ਤਿੰਨ ਮੀਲ ਦੂਰ ਆਪ ਬਣਾਇਆ ਸੀ, ਲੜਾਈਆਂ ਲੜੀਆਂ। ਸਿਖਾਂ ਦੇ ਨਾਂ ਤੇ ਕਿਸੇ ਗੁਰੂ ਜੀ ਨੇ ਤੇ ਨਾ ਹੀ ਬੰਦਾ ਬਹਾਦਰ, ਰਣਜੀਤ ਸਿੰਘ ਜਾਂ ਕਿਸੇ ਮਿਸਲ ਦੇ ਸਰਦਾਰ ਨੇ ਪਵਿਤਰ ਅਕਾਲ ਤਖਤ ਨੂੰ ਲੜਾਈ ਦੀ ਗੜ੍ਹੀ ਬਣਾਇਆ। 1920 ਦੀ ਅਕਾਲੀ ਲਹਿਰ ਸਮੇਂ ਵੀ ਬੇਸ਼ੱਕ ਸ਼ਾਂਤਮਈ ਜਥੇ ਅਕਾਲ ਤਖਤ ਤੋਂ ਤਿਆਰ ਹੋ ਕੇ ਚਾਲੇ ਪਾਉਂਦੇ ਰਹੇ ਪਰ ਨਾ ਤਾਂ ਉਸ ਪਵਿਤਰ ਅਸਥਾਨ ਵਿਚ ਕਿਸੇ ਨੂੰ ਹਥਿਆਰਾਂ ਦੇ ਭੰਡਾਰ ਜਮ੍ਹਾਂ ਕਰਨ ਦੀ ਆਗਿਆ ਸੀ ਅਤੇ ਨਾ ਹੀ ਕੋਈ ਅਪਰਾਧੀ, ਬਾਹਰ ਅਪਰਾਧ ਕਰਕੇ ਉਸ ਅਸਥਾਨ ਵਿਚ ਲੁਕ-ਛਿਪ ਸ਼ਰਨ ਲੈ ਸਕਦਾ ਸੀ।

1920ਵੇਂ ਦੀ ਅਕਾਲੀ ਲਹਿਰ ਸਮੇਂ ਦੀ ਹੀ ਅਕਾਲ ਤਖਤ ਅਤੇ ਬਾਕੀ ਪੰਜਾਬ ਦੇ ਦੋ ਤਖਤਾਂ ਦੇ ਤਨਖਾਹਦਾਰ ਜਥੇਦਾਰਾਂ ਦੀ ਕਾਢ ਹੈ। 1925 ਦੇ ਗੁਰਦੁਆਰਾ ਐਕਟ ਵਿਚ ਵੀ ਚੁਣੀ ਹੋਈ ਸ਼੍ਰੋ: ਗੁ: ਪ੍ਰੰ: ਕਮੇਟੀ ਦੇ ਤਿੰਨਾਂ ਤਖਤਾਂ ਦੇ ਕਰਤਾ ਧਰਤਾ ਬਣਨ ਦਾ ਵੀ ਪਹਿਲੀ ਵਾਰ ਹੀ ਜ਼ਿਕਰ ਹੈ। ਪੰਜਾਬੋਂ ਬਾਹਰ ਪਟਨਾ ਸਾ: ਅਤੇ ਨਾਦੇੜ ਸਾ: ਦੋਵਾਂ ਤਖਤਾਂ ਦੇ ਜਥੇਦਾਰਾਂ ਦੀ ਚੋਣ ਉਥੋਂ ਦੀਆਂ ਸੰਗਤਾਂ ਕਰਦੀਆਂ ਸਨ। ਉਸ ਐਕਟ ਵਿਚ ਉਨ੍ਹਾਂ ਨੂੰ ਵਧੇਰੇ ਧਾਰਮਿਕ ਅਧਿਕਾਰ ਦਾ ਕਿਤੇ ਜ਼ਿਕਰ ਨਹੀਂ ਹੈ। ਸ਼੍ਰੋ: ਗੁ: ਪ੍ਰੰ: ਕਮੇਟੀ ਅਤੇ ਸ਼੍ਰੋ: ਅਕਾਲੀ ਦਲ ਦੇ ਪ੍ਰਬੰਧਕ ਜੇ ਕਿਸੇ ਪ੍ਰਕਾਰ ਦੀ ਧਾਰਮਿਕ ਜਾਂ ਰਾਜਸੀ ਨਾਲਿਸ਼ ਜਾਂ ਨਬੇੜੇ ਲਈ ਕੋਈ ਸ਼ਿਕਾਇਤ ਉਪਰੋਕਤ ਜਥੇਦਾਰਾਂ ਪਾਸ ਲਜਾਂਦੇ ਹਨ, ਇਸਦਾ ਨਾਂ ਤੇ ਸਿਖ ਤਵਾਰੀਖ ਜਾਂ ਗੁਰਬਾਣੀ ਵਿਚ, ਉਨ੍ਹਾਂ ਦੇ ਅਧਿਕਾਰ ਬਾਰੇ ਲਿਖਿਆ ਹੈ। ਇਹ ਗੁਰਦੁਆਰਾ ਐਕਟ, ਜਥੇਦਾਰਾਂ ਦੀਆਂ ਕੇਵਲ ਧਾਰਮਿਕ ਡੀਊਟੀਆਂ ਬਾਰੇ ਹੀ ਦੱਸਦਾ ਹੈ ਉਨ੍ਹਾਂ ਦੇ ਹੋਰ ਰਾਜਸੀ ਅਧਿਕਾਰਾਂ ਬਾਰੇ ਬਿਲਕੁਲ ਕੋਈ ਘੋਸ਼ਣਾ ਨਹੀਂ ਕਰਦਾ। ਇਨ੍ਹਾਂ ਨੂੰ ਸਿਖ ਹਾਈ ਪ੍ਰੀਸਟ (ਉਚਯ ਗ੍ਰੰਥੀ) ਆਖਣਾ ਵੀ ਕੂਨਾਂ ਹੀ ਹੈ। ਸਿਖਾਂ ਵਿਚ ਜੱਦੀ-ਪੁਸ਼ਤੀ ਕੋਈ ਗ੍ਰੰਥੀ-ਪ੍ਰਨਾਲੀ ਨਹੀਂ ਹੈ। ਕੋਈ ਵੀ ਟੱਬਰਦਾਰ, ਔਰਤ ਜਾਂ ਮਰਦ, ਗ੍ਰੰਥੀ ਬਣ ਸਕਦਾ ਹੈ ਅਤੇ ਓਹ ਆਪਦਾ ਗ੍ਰੰਥਪੁਣਾਂ ਜਦ ਚਾਹੇ ਛੱਡ ਵੀ ਸਕਦਾ ਹੈ ਅਤੇ ਓਹ ਗਰੰਥੀ ਹੁੰਦਾ ਹੋਇਆ ਕੋਈ ਹੋਰ ਕਾਰ-ਵਿਹਾਰ ਵੀ ਕਰ ਸਕਦਾ ਹੈ, ਗੁਰਦੁਆਰੇ ਜਾ ਕੇ ਕੀਰਤਨ ਵੀ ਕਰ ਸਕਦਾ ਹੈ ਅਤੇ ਓਸ ਪਵਿੱਤਰ ਪੁਸਤਕ ਦਾ ਰਖਵਾਲਾ ਸੇਵਾਦਾਰ ਵੀ ਬਣ ਸਕਦਾ ਹੈ। ਤਨਖਾਹਦਾਰ ਮੁਲਾਜ਼ਮ, ਬਹੁਤੇ ਉਘੇ ਗੁਰਦੁਆਰਿਆਂ ਲਈ ਅਜ ਕਲ ਰਖੇ ਜਾਂਦੇ ਹਨ ਪਰ ਉਨ੍ਹਾਂ ਨੂੰ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦੀ ਵਿਆਖਿਆ ਕਰਨ ਤੋਂ ਬਗੈਰ ਹੋਰ ਕਿਸੇ ਸਵਾਲ (ਵਾਦ-ਵਿਸ਼ਾ) ਦੇ ਨਿਪਟਾਰਾ ਜਾਂ ਫੈਸਲਾ ਕਰਨ ਦਾ ਕੋਈ ਅਧਿਕਾਰ ਨਹੀਂ ਹੈ।

ਦੁਸ਼ਮਣੀ ਸੰਬੰਧ :— ਇਹ ਬੜੇ ਧਿਆਨ ਦੇਣ ਅਤੇ ਨੋਟ ਕਰਨ ਵਾਲੀ ਗੱਲ ਹੈ ਕਿ ਛੇਵੇਂ ਗੁਰੂ ਹਰਗੋਬਿੰਦ ਜੀ ਤੋਂ ਪਿਛੋਂ, ਸੱਤਵੇਂ, ਅਠਵੇਂ, ਨੌਵੇਂ ਤੇ ਦਸਵੇਂ ਚੌਹਾਂ ਵਿਚੋਂ ਕਿਸੇ ਵੀ ਗੁਰੂ ਜੀ ਨੇ ਨਾਂ ਤੇ ਸ੍ਰੀ ਅਕਾਲ ਤਖਤ ਅਤੇ ਨਾ ਹੀ ਸ੍ਰੀ ਹਰਿਮੰਦਰ ਸਾਹਿਬ ਚਰਨ ਪਾਏ ਅਤੇ ਇਹ ਦੋਵੇਂ ਪਵਿਤਰ ਅਸਥਾਨ, ਛੇਵੇਂ ਗੁਰੂ ਜੀ ਦੇ ਦੁਸ਼ਮਣ ਅਤੇ ਧੱਕੇ-ਸੰਤਾਪੇ ਹੋਏ ਸਰੀਕਾਂ(ਰਿਸ਼ਤੇਦਾਰਾਂ) ਦੇ ਕਬਜ਼ੇ ਹੇਠ ਰਹੇ। ਇਨ੍ਹਾਂ ਕਾਬਜ਼ ਸਰੀਕਾਂ ਨੇ ਨੌਵੇਂ ਗੁਰੂ ਤੇਗ ਬਹਾਦਰ ਜੀ ਨੂੰ ਗੋਲਡਨ ਟੈਂਪਲ ਅੰਦਰ ਦਾਖਲ ਵੀ ਨਾ ਹੋਣ ਦਿਤਾ, ਏਸ ਡਰੋਂ ਮਤੇ ਉਨ੍ਹਾਂ ਦੀ ਚੜ੍ਹਾਵਾ-ਕਮਾਈ ਨਾ ਜਾਂਦੀ ਲੱਗੇ।

ਗੁਰੂ ਗੋਬਿੰਦ ਸਿੰਘ ਜੀ ਪਿਛੋਂ (1666-1708) ਮਾਤਾ ਸੁੰਦਰੀ (ਗੁਰੂ ਗੋਬਿੰਦ ਸਿੰਘ ਜੀ ਦੇ ਵਿਧਵਾ) ਜੀ ਨੇ ਭਾਈ ਮਨੀ ਸਿੰਘ ਜੀ ਨੂੰ ਗੋਲਡਨ ਟੈਂਪਲ ਅਤੇ ਅਕਾਲ ਤਖਤ ਦਾ ਸ੍ਰਬਰਾਹ (ਕਸਟੋਡੀਅਨ) ਬਣਾ ਦਿਤਾ ਸੀ ਅਤੇ ਭਾਈ ਮਨੀ ਸਿੰਘ ਜੀ ਏਸ ਪਦਵੀ ਤੇ 70 ਵਰ੍ਹੇ ਕਾਇਮ ਰਹੇ। ਭਾ: ਮਨੀ ਸਿੰਘ ਜੀ ਦੇ ਪਿਛੋਂ ਅਟੇ ਸਟੇ 75 ਸਾਲ ਇਹ ਪਵਿਤਰ ਅਸਥਾਨ ਉਦਾਸੀ ਸਾਧਾਂ (ਦੇਖਣ ਨੂੰ ਹਿੰਦੂ ਪਰ ਗੁਰਬਾਣੀ ਦੇ ਵਿਸ਼ਵਾਸ਼ੀ) ਦੇ ਕਬਜ਼ੇ ਹੇਠ ਰਹੇ। ਬਦਕਿਸਮਤੀ ਨੂੰ ਇਹ ਸਾਧਾਂ ਦਾ ਕਰਜ਼ਾ ਜੱਦੀ-ਪੁਸ਼ਤੀ ਬਣ ਗਿਆ। ਸ਼ਰਧਾ ਪਖੋਂ ਵੀ ਅਤੇ ਅਤਿ ਵਿਪਤ ਸਮੇਂ ਵੀ ਸਾਰਾ ਸਿਖ-ਪੰਥ ਉਨ੍ਹਾਂ ਉਦਾਸੀਆਂ ਨੂੰ ਮਾਨਤਾ ਦਿੰਦਾ ਰਿਹਾ।

ਮਹਾਰਾਜਾ ਰਣਜੀਤ ਸਿੰਘ ਸਮੇਂ (1799-1839) ਥੋੜੇ ਜੇਹੇ ਸਮੇਂ ਲਈ ਜਰਨੈਲ ਅਕਾਲੀ ਫੂਲਾ ਸਿੰਘ ਅਕਾਲ ਤਖਤ ਦਾ ਜਥੇਦਾਰ ਬਣਿਟਾ। ਓਹ ਨਾ ਤੇ ਸੰਗਤ ਦਾ ਹੀ ਚੁਣਿਆ ਸੀ ਅਤੇ ਨਾ ਹੀ ਓਹਨੂੰ ਕਿਸੇ ਰਾਜ, ਸੰਸਥਾ ਜਾਂ ਕਮੇਟੀ ਨੇ ਅਸਥਾਪਨ ਕੀਤਾ ਸੀ। ਫੂਲਾ ਸਿੰਘ ਚੂੰਕਿ ਰਣਜੀਤ ਸਿੰਘ ਹੇਠ ਪੰਜਾਬ ਰਾਜ ਦੇ ਵਾਧੇ ਅਤੇ ਸੰਗਠਨ ਲਈ ਲੜਿਆ ਸੀ ਅਤੇ ਓਹਨੇ ਰਾਜ ਤੋਂ ਕੋਈ ਤਨਖਾਹ ਵੀ ਨਹੀਂ ਸੀ ਲਈ, ਓਹਨੂੰ ਪੰਥ ਨੇ ਅਕਾਲ ਤਖਤ ਦਾ ਸ੍ਰਬਰਾਹ ਪ੍ਰਵਾਨ ਕਰ ਲਿਆ ਸੀ ਅਤੇ ਅਕਾਲ ਤਖਤ ਵਲੋਂ ਹੀ ਓਹਦੀ ਅਤੇ ਓਹਦੇ ਖਿਡਰੇ ਪਧਰੇ ਅਕਾਲੀ ਫੌਜੀਆਂ ਦੀ ਹਰ ਪ੍ਰਕਾਰ ਦੀ ਸਾਂਭ-ਸੰਭਾਲ ਦਾ ਪ੍ਰਬੰਧ ਹੁੰਦਾ ਰਿਹਾ ਪਰ ਓਹਨੇ ਕਦੀ ਕੋਈ ਹੁਕਮਨਾਮਾ ਜਾਰੀ ਨਹੀਂ ਸੀ ਕੀਤਾ ਅਤੇ ਨਾ ਹੀ ਸਰਕਾਰੀ ਕੰਮਾਂ ਵਿਚ ਕੋਈ ਦਖਲਅੰਦਾਜ਼ੀ ਕੀਤੀ। ਕਹਿੰਦੇ ਹਨ ਓਹਨੇ ਇਕ ਵਾਰ ਮਹਾਰਾਜਾ ਰਣਜੀਤ ਸਿੰਘ ਨੂੰ ਅਕਾਲ ਤਖਤ ਨੇੜੇ ਪਰਜਾ ਸਾਹਮਣੇ ਸੱਦਕੇ ਫਿਟਕਾਰਿਆ ਵੀ ਸੀ। ਇਹ ਸਜ਼ਾ ਮਹਾਰਾਜੇ ਨੂੰ ਕਿਸੇ ਰਾਜ-ਪ੍ਰਬੰਧ ਦੇ ਸਿਲਸਿਲੇ ਵਿਚ ਨਹੀਂ ਬਲਕਿ ਇਕ ਬਦਚਲਣੀ ਕਾਰਨ (ਓਹਦੇ ਕਿਸੇ ਮੋਰਾਂ ਨਾਮੇਂ ਮੁਸਲਿਮ ਕੰਜਰੀ ਨਾਲ ਸੰਬੰਧਾਂ ਕਾਰਨ) ਸੀ। ਅਕਾਲੀ ਫੂਲਾ ਸਿੰਘ 1823 ਵਿਚ ਨੁਸ਼ੈਹਰਾ ਨੇੜੇ ਪਠਾਣਾਂ ਨਾਲ ਇਕ ਲੜਾਈ ਵਿਚ ਮਾਰਿਆ ਗਿਆ ਸੀ ਤੇ ਕਾਬਲ ਦਰਿਆ ਦੇ ਕੰਢੇ ਓਹਦੀ ਸਮਾਧ ਬਣੀ ਹੋਈ ਹੈ; ਸ੍ਰ: ਗੁਰਬਖਸ਼ ਸਿੰਘ ਨੇ ਪਹਿਲਾਂ ਪ੍ਰਤੀਲੜੀ ਰਸਾਲਾ ਉਥੋਂ ਕੱਢਣਾ ਸ਼ੁਰੂ ਕੀਤਾ ਸੀ।

ਜਨਵਰੀ 1848 ਕੁਝ ਨਿਹੰਗਾਂ ਨੇ ਇਕੱਠੇ ਹੋ ਕੇ, ਬੰਦੂਕਾਂ ਨਾਲ ਗੋਲਡਨ ਟੈਂਪਲ ਤੇ ਕਬਜ਼ਾ ਕਰਨ ਦੀ ਕੋਸ਼ਿਸ਼ ਕੀਤੀ ਸੀ ਪਰ ਲਾਹੌਰ ਦੇ ਮਹਾਰਾਜਾ ਦਲੀਪ ਸਿੰਘ ਦੇ ਖਾਲਸਾ ਦਰਬਾਰ ਨੇ ਜਦ ਇਕ ਫੌਜੀ ਟੁਕੜੀ ਨਿਹੰਗਾਂ ਦੇ ਮੁਕਾਬਲੇ ਲਈ ਭੇਜੀ ਤਾਂ ਉਨ੍ਹਾਂ ਗੋਲੀ ਚਲਾਉਣ ਤੋਂ ਬਗੈਰ ਹੀ ਹਥਿਆਰ ਸੁਟ ਦਿਤੇ ਅਤੇ ਹਰਾਸਤ ਵਿਚ ਲੈ ਲਏ ਗਏ।

ਜਦ 1849 ਵਿਚ ਬ੍ਰਿਟਿਸ਼ ਸਰਕਾਰ ਨੇ ਪੰਜਾਬ ਉਪਰ ਕਬਜ਼ਾ ਕਰ ਲਿਆ ਤਾਂ ਉਨ੍ਹਾਂ ਗੋਲਡਨ ਟੈਂਪਲ ਅਤੇ ਅਕਾਲ ਤਖਤ ਦਾ ਸ੍ਰਬਰਾਹ ਆਪ ਮੁਕੱਰਰ ਕਰ ਦਿਤਾ ਅਤੇ ਇਹ ਸਿਲਸਿਲਾ 1920 ਦੀ ਅਕਾਲੀ ਮੂਵਮੈਂਟ ਤਕ ਜਾਰੀ ਰਿਹਾ ਜਦ ਕਿ ਅਕਾਲੀਆਂ ਨੇ ਗੁਰਦੁਆਰੇ ਆਜ਼ਾਦ ਕਰਵਾਕੇ ਸਰਕਾਰੀ ਸ੍ਰਬਰਾਹਾਂ ਨੂੰ ਬਾਹਰ ਕੱਢ ਮਾਰਿਆ।

ਗੁਰਮਤਾ ਸ਼ਬਦ ਦੇ ਅਰਥ ਹਨ, "ਗੁਰੂ ਦਾ ਇਰਾਦਾ ਜਾਂ ਦ੍ਰਿੜ੍ਹਤਾ। ਜਦ ਸਿੱਖ 12 ਮਿਸਲਾਂ ਵਿਚ ਵੰਡੇ ਹੋਏ ਸਨ, ਜਿੱਦਾਂ ਆਪਸ ਵਿਚ ਲੜਦੇ ਸਨ ਓਦਾਂ ਹੀ ਨਾਦਰ ਸ਼ਾਹ ਅਤੇ ਐਹਮਦ ਸ਼ਾਹ ਅਬਦਾਲੀ ਵਰਗੇ, ਬਾਹਰਲੇ ਧਾੜਵੀਆਂ ਦਾ ਵੀ ਮੁਕਾਬਲਾ ਕਰ ਰਹੇ ਸਨ; ਓਸ ਵੇਲੇ, ਸਾਰੇ ਸਿਖਾਂ, ਇਕ ਸੂਰਮੇਂ ਨਵਾਬ ਕਪੂਰ ਸਿੰਘ ਦੀ ਜਥੇਦਾਰੀ ਹੇਠ ਦੀਵਾਲੀ ਦੇ ਮੌਕੇ ਅੰਮ੍ਰਿਤਸਰ ਅਕਾਲ ਤਖਤ ਇਕੱਠੇ ਹੋਣ ਦਾ ਫੈਸਲਾ ਕੀਤਾ ਅਤੇ 1748 ਦੇ ਓਸ ਇਕੱਠ ਵਿਚ ਇਕ ਗੁਰਮਤਾ, ਸਾਂਝੇ ਦੁਸ਼ਮਣ ਦਾ ਮੁਕਾਬਲਾ ਕਰਨ ਅਤੇ ਦੁਸ਼ਮਣ ਨੂੰ ਹਰਾ ਕੇ ਓਸ ਲੁਟ ਨੂੰ ਸਾਂਝਿਆਂ ਵੰਡਣ ਦਾ ਮਤਾ ਪਾਸ ਹੋਇਆ। ਏਸ ਇਕੱਠ ਨੂੰ "ਦਲ ਖਾਲਸਾ" ਦਾ ਨਾਮ ਦਿਤਾ ਗਿਆ ਅਤੇ ਇਹ ਤਰੁਨਾਂ ਦਲ (ਨੌਜਵਾਨ ਦਲ) ਅਤੇ ਬੁਢਾ ਦਲ ਦੋ ਹਿਸਿਆਂ ਵਿਚ ਵੰਡਿਆ ਗਿਆ।

ਸਿਖ ਭਰਾਵੋ ! ਕਦੀ ਵੀ ਕੋਈ ਗੁਰਮਤਾ, ਸਿਖਾਂ ਦੀ ਇਕ ਜਥੇਬੰਦੀ ਨੇ ਸਿੱਖਾਂ ਦੀ ਦੂਜੀ ਜਥੇਬੰਦੀ ਦੇ ਖਿਲਾਫ ਕਾਰਵਾਈ ਕਰਨ ਲਈ ਨਹੀਂ ਕੀਤਾ, ਇਹ ਹਮੇਸ਼ਾਂ ਇਕ ਸਾਂਝਾ ਦ੍ਰਿੜ੍ਹ ਹੁੰਦਾ ਸੀ ਜਿਹੜਾ ਕਿਸੇ ਸਾਂਝੇ ਨਿਸ਼ਾਨੇ ਜਿਹੜਾ ਹਮੇਸ਼ਾਂ ਬਾਹਰਲਾ ਧਾੜਵੀ ਜਾਂ ਓਹਦਾ ਘਰੇਲੂ ਏਜੰਟ ਹੋਇਆ ਕਰਦਾ ਸੀ, ਦੇ ਮੁਕਾਬਲੇ ਲਈ ਹੁੰਦਾ ਸੀ। ਇਹ ਪ੍ਰਥਾ (ਰੀਤ) ਵੀ ਅਤਯੰਤ ਕਠਨ ਸਮੇਂ ਬੜੇ ਥੋੜੇ ਜੇਹੇ ਚਿਰ ਲਈ ਪ੍ਰਚੱਲਤ ਰਹੀ ਸੀ। ਜਦੋਂ ਮਹਾਰਾਜਾ ਰਣਜੀਤ ਸਿੰਘ ਨੇ ਲਾਹੌਰ ਦਰਬਾਰ ਦੀ ਬਾਗਡੋਰ ਸੰਭਾਲੀ ਓਹਨੇ ਗੁਰਮਤਾ ਪ੍ਰਨਾਲੀ ਨੂੰ ਉਕਾ ਹੀ ਖਤਮ ਕਰਕੇ ਸਰਕਾਰੀ ਹੁਕਮਾਂ ਨੂੰ ਮਾਨਤਾ ਦਿਤੀ। ਓਹਦੀ ਰਾਜ-ਸਭਾ ਮਿਲੀ ਜੁਲੀ ਭਾਵ ਮਿਸ਼ਰਤ ਸੀ, ਓਹਦਾ ਪਰਾਈਮ ਮਨਿਸਟਰ ਡੋਗਰਾ ਹਿੰਦੂ ਸੀ ਅਤੇ ਹੋਮ ਮਨਿਸਟਰ ਇਕ ਮੁਸਲਮਾਨ ਸੀ।

ਗੁਰੂਆਂ ਦੇ ਸਮੇਂ ਵਿਚ ਕਿਸੇ ਗੁਰੂ ਨੇ ਕਿਸੇ ਸਿਖ ਨੂੰ ਧਰਮ ਵਿਚੋਂ ਕਦੀ ਨਾ ਛੇਕਿਆ। ਗੁਰੂ ਦਾ ਕੋਈ ਹੁਕਮਨਾਮਾ ਨਹੀਂ ਮਿਲਦਾ ਜਿਸ ਦੁਆਰਾ ਕਿਸੇ ਸਿੱਖ ਨੂੰ ਧਰਮ 'ਚੋਂ ਖਾਰਜ ਕੀਤਾ ਹੋਵੇ, ਬੇਸ਼ਕ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਏਜੰਟਾ (ਮਸੰਦਾਂ) ਜੇਹੜੇ ਇਕ ਸੰਪ੍ਰਦਾ ਬਣ ਚੁਕੇ ਸਨ ਅਤੇ ਉਨ੍ਹਾਂ ਦੇ ਸੰਗਤ ਤੋਂ ਜੱਬਰੀ ਉਗਰਾਹੀ ਅਤੇ ਜ਼ਾਲਿਮਾਨਾਂ ਵਿਹਾਰ ਕਾਰਨ, ਨੂੰ ਖਤਮ ਕਰ ਦਿਤਾ ਸੀ।

ਆਨੰਦਪੁਰ ਸਾ: ਯੁਧ ਸਮੇਂ ਜਦ ਮਾਝੇ ਦੇ 40 ਸਿੰਘ ਗੁਰੂ ਗੋਬਿੰਦ ਸਿੰਘ ਜੀ ਨੂੰ ਅਲੈਹਦਾ ਹੋ ਛਡ ਗਏ ਅਤੇ ਜਾਂਦੇ ਵਕਤ ਗੁਰੂ ਜੀ ਨੂੰ ਬੇਦਾਵਾ (ਲਿਖਤੀ ਤਿਅੱਗ ਪੱਤਰ) ਦੇ ਗਏ, ਓਦੋਂ ਵੀ ਗੁਰੂ ਜੀ ਨੇ ਉਨ੍ਹਾਂ ਨੂੰ ਪੰਥ 'ਚੋਂ ਖਾਰਜ ਨਹੀਂ ਸੀ ਕੀਤਾ ਬਲਕਿ ਉਹ ਸਿੰਘ ਆਪ ਗੁਰੂ ਜੀ ਅਤੇ ਉਨ੍ਹਾਂ ਦੇ ਆਦੇਸ਼ ਤੋਂ ਮੁੱਕਰੇ ਸਨ (ਨਾ ਤੂੰ ਸਾਡਾ ਗੁਰੂ ਨਾ ਅਸੀਂ ਤੇਰੇ ਸਿਖ) ਆਖਿਆ ਸੀ। ਜਾਣੀਂ ਜਾਣ ਗੁਰੂ ਜੀ ਬੜੀ ਤਸੱਲੀ ਨਾਲ ਆਪਣੇ ਸਿੰਘਾਂ ਦੀ ਉਡੀਕ ਕਰਦੇ ਰਹੇ ਤੇ ਓਹ ਬੜੀ

ਬਾਕੀ ਪੰਨਾ 36 ਉਤੇ

ਕੀ ਤੁਹਾਨੂੰ ਪਤਾ ਹੈ?

ਭੈਣਾਂ ਦੀ ਮੁੱਖ ਪਸੰਦ

ਜੈਸੀ ਫੈਬਰਿਕਸ

ਸਰੀ-ਡੈਲਟਾ ਦੀ ਪੰਜਾਬੀ ਮਾਰਕਿਟ ਵਿਚ ਸਰਤਾਜ ਕੱਪੜਿਆਂ ਦਾ ਸਟੋਰ

ਤੁਸੀਂ ਆਪਣੀ ਭੈਣ ਤੋਂ ਰੱਖੜੀ ਬੰਨਵਾਓ ਤੇ ਬਦਲੇ ਵਿਚ ਸੁਗਾਤ ਵਜੋਂ ਸੂਟ ਸਾੜ੍ਹੀਆਂ ਜੈਸੀ ਫੈਬਰਿਕਸ ਤੋਂ ਖਰੀਦ ਕੇ ਦੇਵੋ



ਰੱਖੜੀਆਂ ਦੇ ਤਿਉਹਾਰ ਦਾ ਆਨੰਦ ਮਾਣੋ

ਭੈਣਾਂ ਦੀ ਪਸੰਦ ਜਾਣੋ —

ਜੈਸੀ ਫੈਬਰਿਕਸ

ਜੇ ਤੁਸੀਂ ਨਵੇਂ ਨਵੇਂ ਡਿਜ਼ਾਈਨਾਂ ਜਾਂ ਰੰਗਾਂ ਦੀ ਚੋਣ ਕਰਨੀ ਹੈ ਤਾਂ ਜੈਸੀ ਫੈਬਰਿਕਸ ਤੇ ਪਹੁੰਚੋ! ਜੈਸੀ ਫੈਬਰਿਕਸ ਜੋ ਚੰਗੀ ਕਵਾਲਿਟੀ ਤੇ ਵਾਜਬ ਕੀਮਤਾਂ ਲਈ ਮਸ਼ਹੂਰ ਹੈ

ਰੱਖੜੀਆਂ ਦੇ ਤੋਹਫ਼ੇ ਵਜੋਂ ਤੁਸੀਂ ਸੂਟ ਖਰੀਦੋ ਜਾਂ ਸਾੜ੍ਹੀ ਅਸੀਂ ਵਿਸ਼ੇਸ਼ ਰਿਆਇਤ ਦੇਵਾਂਗੇ



JESSIE FABRICS

9329, 120th. ST. (Scott Rd.) DELTA-SURREY, B.C.

PH. (604) 585-3656



ਪੰਨਾ 35 ਦੀ ਬਾਕੀ

ਸ਼ਰਮਸਾਰੀ ਅਤੇ ਪਛਤਾਵੇ ਵਿਚ ਵਾਪਸ ਪਰਤੇ ਅਤੇ ਗੁਰੂ ਜੀ ਲਈ ਲੜਦੇ ਲੜਦੇ ਮੁਕਤਸਰ ਦੇ ਯੁਧ ਵਿਚ ਸ਼ਹੀਦ ਹੋਏ।

ਤਨਖਾਹੀਆ ਸ਼ਬਦ, ਗੁਰਸਿਖਾਂ ਪਹਿਲਾਂ ਉਨ੍ਹਾਂ ਲਈ ਵਰਤਿਆ ਜੇਹੜੇ . ਮੁਗਲਾਂ ਤੋਂ ਨੌਕਰੀ ਲੈਂਦੇ ਸਨ ਜਦ ਕਿ ਸਾਰੇ ਸਿਖ ਮੁਗਲਾਂ ਦੇ ਖਿਲਾਫ ਬਗਾਵਤ ਦੀ ਜੰਗ ਲੜ ਰਹੇ ਸਨ। ਉਸ ਤੋਂ ਮਗਰੋਂ ਜਿਹੜਾ ਸਿੰਘ ਪੰਜ ਕਕਾਰਾਂ ਦੀ ਬੇਅਦਬੀ ਕਰਦਾ ਸੀ ਜਾਂ ਪੰਜ ਕੁਰੈਹਤਾਂ ਭਾਵ ਤਮਾਕੂੰ ਆਦਿ ਦੀ ਵਰਤੋਂ ਕਰਦਾ ਸੀ, ਨੂੰ ਤਨਖਾਹੀਆ ਆਖਣ ਲਗ ਪਏ। ਦਸਮੇਂ ਗੁਰੂ ਸਮੇਤ ਕਿਸੇ ਵੀ ਗੁਰੂ ਨੇ ਆਪਣੇ ਸਿਖਾਂ ਲਈ ਕੋਈ ਨਿਯਮਕ ਮਰਯਾਦਾ ਜਾਂ ਰਹਿਤ-ਬਹਿਤ ਅਸਥਾਪਨ ਨਹੀਂ ਸੀ ਕੀਤੀ, ਬਲਕਿ ਕੋਹੋ ਜਿਹਾ ਸਿਖ ? ਦੀ ਵੀ ਵਿਆਖਿਆ ਨਾ ਕੀਤੀ। "ਖਾਲਸਾ" ਦਾ ਮਤਲਬ ਦਿਲ ਦਾ ਸਾਫ ਪਵਿਤਰ, ਦਿਆਲੂ, ਇਕ ਓਸ ਪ੍ਰਮਾਤਮਾ ਦਾ ਸ਼ਰਧਾਲੂ ਵਹਿਮਾਂ ਭਰਮਾਂ ਤੋਂ ਰਹਿਤ, ਮਾਣਸ ਕੀ ਜਾਤ ਨੂੰ ਭਰਾ ਸਮਝਣ ਵਾਲੇ ਤੋਂ ਹੈ (ਸਵੱਯਯੇ 33 - ਗੁਰੂ ਗੋਬਿੰਦ ਸਿੰਘ)।

ਸਿਖ ਰਹਿਤ ਨਾਮੇਂ ਕੁਝ ਸਿੱਖਾਂ ਨੇ ਦਸਵੇਂ ਗੁਰੂ ਜੀ ਤੋਂ ਪਿਛੋਂ ਲਿਖੇ ਅਤੇ ਓਹ ਲਿਖਤਾਂ ਵੀ ਕੁਝ ਕੁ ਮੱਦਾਂ ਛੱਡਕੇ, ਇਕ ਦੂਜੇ ਤੋਂ ਵੱਖ ਵੱਖ ਹਨ; ਏਸੇ ਕਾਰਨ 1925 ਦਾ ਗੁਰਦੁਆਰਾ ਐਕਟ, "ਸਿਖ" ਦੀ ਵਿਆਖਿਆ ਦਸਾਂ ਗੁਰੂਆਂ ਅਤੇ ਸ੍ਰੀ ਗੁਰੂ ਗ੍ਰੰਥ ਸਾ: ਨੂੰ ਮੰਨਣ ਵਾਲਾ ਜਿਹਦਾ ਹੋਰ ਕਿਸੇ ਮਜ਼ਹਬ ਵਿਚ ਵਿਸ਼ਵਾਸ਼ ਨਾ ਹੋਵੇ, ਨੂੰ ਆਖਦੇ ਹਨ। ਏਸ ਲਈ ਸਹਿਜਧਾਰੀ ਸਿਖ ਵੀ ਸਿਖ ਸੰਪਰਦਾ ਦੇ ਭਾਈਵਾਲ ਹਨ। ਹੁਣ ਤਕ ਬਾਵਜੂਦ ਕਈ ਸਿਖ-ਬੁੱਧੀਮਾਨਾਂ ਦੀ ਕੋਸ਼ਿਸ਼ ਦੇ, ਸ਼੍ਰੋ: ਗੁ: ਪ੍ਰੰ: ਕਮੇਟੀ ਵੀ "ਸਿਖ" ਦੀ ਕੋਈ ਨਵੀਂ ਵਿਆਖਿਆ ਕਰ ਸਕਣ ਤੋਂ ਅਸਮਰਥ ਰਹੀ ਹੈ ਕਿਉਂ ਜੋ ਬੁਧੀਵਾਨ ਆਪ ਵੱਖ ਵੱਖ ਧਾਰਨਾਂ ਦੇ ਮਾਲਿਕ ਹਨ। ਏਸ ਲਈ ਜੇ ਅਸੀਂ ਸਿੱਖਾਂ ਬਾਰੇ ਕਿਸੇ ਕੱਟੜਪੁਣੇ ਦੀ ਗੱਲ ਕਰਦੇ ਹਾਂ ਤਾਂ ਅਸੀਂ ਏਸ ਉਤਮ ਸਿਧਾਂਤ ਨਾਲ ਬੜੀ ਬੇਇਨਸਾਫੀ ਕਰਦੇ ਹਾਂ।

ਸੁਫੀਆਨਾਂ ਦਿੱਖ :- ਮਜ਼ਹਬਾਂ ਦੀ ਤਵਾਰੀਖ ਵਿਚ ਸਿਖਿਜ਼ਮ ਇਕ ਪਰਤੱਖ ਦ੍ਰਿਸ਼ ਹੈ। ਸਿਖਿਜ਼ਮ ਦੀ ਉਦਾਰਚਿਤ (ਖੁਲ੍ਹ ਦਿਲਾ) ਦਿਖ ਦੀ ਬੁਨਿਆਦ, ਹਿੰਦੂ ਉਪਨਸ਼ਿਦਾਂ ਦੇ ਅਧਿਆਤਮਿਕਤਾ ਹੈ, ਇਹ ਸਰਵ-ਸਿਖ ਰਵਾਇਤਾਂ ਦਾ ਨਚੋੜ ਹੈ ਕਿ ਕੋਈ ਕਿਸੇ ਮੰਤਵ ਲਈ ਸਰਬੱਤ ਖਾਲਸਾ ਸੰਮੇਲਨ ਬੁਲਾਵੇ। ਬੇਸ਼ਕ ਵਸਾਖੀ ਜਾਂ ਦੀਵਾਲੀ ਵੇਲੇ ਗੁਰੂ ਜੀ ਦੇ ਦਰਸ਼ਨਾਂ ਲਈ ਤੇ ਪਿਛੋਂ ਗੋਲਡਨ ਟੈਂਪਲ ਦੀ ਯਾਤਰਾ ਲਈ ਸਿਖ ਇਕੱਤਰ ਹੁੰਦੇ ਰਹੇ ਹਨ, ਪਰ ਇਹ ਇਕ ਗੁਰੂ ਜੀ ਹੀ ਸਨ (ਜੇਹਨੂੰ ਉਸਤੋਂ ਪਹਿਲੇ ਗੁਰੂ ਨੇ ਅਸਥਾਪਨ ਕੀਤਾ ਹੋਵੇ) ਜੋ ਲੋਕਾਂ ਵਲੋਂ ਕੋਈ ਫੈਸਲਾ ਦੇ ਸਕਦਾ ਸੀ ਜਾਂ ਸਿਧਾਂਤ ਬਣਾਂਦਾ ਸੀ। ਇਸਤੋਂ ਪਿਛੋਂ ਸਾਰੇ ਮਿਸਲਾਂ ਦੇ ਸਰਦਾਰ ਇਕੱਠੇ ਹੁੰਦੇ ਰਹੇ ਪਰ ਕੇਵਲ ਕਿਸੇ ਸਾਂਝੇ ਦੁਸ਼ਮਣ ਦੇ ਟਾਕਰੇ ਲਈ ਨਾ ਕਿ ਆਪਸੀ ਲੜਾਈ ਲਈ। ਇਹ ਸਿਖ-ਰਵਾਇਤ ਵੀ ਛੇਤੀ ਹੀ ਮਹਾਰਾਜਾ ਰਣਜੀਤ ਸਿੰਘ ਨੇ ਖਤਮ ਕਰ ਦਿਤੀ, ਉਸ ਤੋਂ ਪਿਛੋਂ ਕਦੀ ਵੀ ਸਰਬੱਤ ਖਾਲਸੇ ਦਾ ਇਕੱਠ ਨਾ ਬੁਲਾਇਆ ਗਿਆ। ਕਿਸੇ ਵਲੋਂ ਸਿਖਾਂ ਦਾ ਇਕੱਠ ਬੁਲਾਕੇ ਓਹਨੂੰ ਸਰਬੱਤ ਖਾਲਸੇ ਦਾ ਨਾਮ ਦੇਣਾ ਸਿਖੀ ਸਿਧਾਂਤਾਂ ਦੇ ਉਲਟ ਹੈ। ਸ਼੍ਰੋ: ਗੁ: ਪ੍ਰੰ: ਕਮੇਟੀ ਜਿਹੜੀ ਸਿਖਾਂ ਦੀ ਚੁਣੀ ਹੋਈ ਹੈ, ਸਿਖ ਰਹਿਤ ਮਰਯਾਦਾ ਬਾਰੇ ਆਪਣਾ ਫੈਸਲਾ ਦੇ ਸਕਦੀ ਹੈ, ਭਾਵੇਂ ਇਹ ਕੇਵਲ ਪੰਜਾਬੀ ਸਿੱਖਾਂ ਦੀ ਹੀ ਚੁਣੀ ਹੋਈ ਹੈ; ਇਹਦੇ ਕੋਲ ਵੀ ਕੋਈ ਕਾਨੂੰਨੀ ਜਾਂ ਇਖਲਾਕੀ ਅਧਿਕਾਰ ਨਹੀਂ ਹਨ ਕਿ ਇਹ ਕਿਸੇ ਪ੍ਰਕਾਰ ਦਾ ਰਾਜਸੀ ਜਾਂ ਭਾਈਚਾਰਕ ਆਰਥਿਕ ਫੈਸਲਾ ਪੰਜਾਬ ਵਿਚਲੇ ਜਾਂ ਬਾਹਰ ਵਸਦੇ ਸਿਖਾਂ ਉਪਰ ਠੋਸ ਸਕੇ।

ਮੀਰੀ-ਪੀਰੀ ਜਾਂ ਰਾਜ ਕਰੇਗਾ ਖਾਲਸਾ, ਸ਼ਬਦਾਂ ਨੇ ਵੀ ਕਈ ਪ੍ਰਕਾਰ ਦੀਆਂ ਗੁੰਝਲਾਂ ਪੈਦਾ ਕਰ ਦਿਤੀਆਂ ਹਨ। ਗੁਰੂ ਹਰਗੋਬਿੰਦ ਜੀ ਨੇ ਜ਼ਰੂਰ ਇਕ ਮੀਰੀ ਤੇ ਦੂਜੀ ਪੀਰੀ ਦੀਆਂ ਦੋ ਤਲਵਾਰਾਂ ਪਹਿਨੀਆਂ ਪਰ ਉਸਤੋਂ ਪਿਛੋਂ ਕਿਸੇ ਗੁਰੂ ਜੀ ਨੇ ਇੰਜ ਨਹੀਂ ਕੀਤਾ। ਗੁਰੂ ਹਰਗੋਬਿੰਦ ਜਾਂ ਪਿਛੋਂ ਕਿਸੇ ਗੁਰੂ ਨੇ ਵੀ ਧਾਰਮਿਕ ਜਾਂ ਰਾਜਸੀ ਸੱਤਾ ਕਾਇਮ ਕਰਨ ਦੀ ਕੋਸ਼ਿਸ਼ ਨਹੀਂ ਕੀਤੀ ਤੇ ਨਾ ਹੀ ਕਾਇਮ ਕਰਨ ਲਈ ਕੋਈ ਯੁਧ ਲੜਿਆ। ਗੁਰੂ ਗੋਬਿੰਦ ਸਿੰਘ ਜੀ ਨੇ ਜੋ ਰੋਸ ਪੱਤਰ (ਜ਼ਫਰਨਾਮਾ) ਔਰੰਗਜ਼ੇਬ ਨੂੰ ਲਿਖਿਆ, ਓਹ ਵੀ ਸਾਰੇ ਮਜ਼ਹਬਾਂ ਦੀ ਆਜ਼ਾਦੀ ਅਗ ਮਜ਼ਹਬਾਂ ਦੇ ਖਿਲਾਫ ਰਾਜ ਦਾ ਇਨਸਾਨੀਅਤ-ਹੀਨ ਅਤੇ ਗੈਰ ਮੁਸਲਮਾਨੀ ਰਵਾਇਤਾਂ ਅਤੇ ਢੰਗਾਂ ਦਾ ਪਰਤੀਕ ਹੈ। ਜਦ ਕਿ ਰਣਜੀਤ ਸਿੰਘ ਆਪ ਸਿਖ ਹੁੰਦਾ ਹੋਇਆ ਨੇ ਪੰਜਾਬ ਵਿਚ ਧਰਮ ਨਿਰਪੱਖ ਸ਼੍ਰੇਸ਼ਟ ਰਾਜ ਕਾਇਮ ਕੀਤਾ।

"ਰਾਜ ਕਰੇਗਾ ਖਾਲਸਾ, ਜਾਂ ਰਾਜ ਬਿਨਾਂ ਨਹੀਂ ਧਰਮ ਚਲੇ ਹੈਂ" ਵੀ 18ਵੀਂ ਸਦੀ ਦੇ ਸਿਖਾਂ ਦੇ ਕਿਸੇ ਖਾਸ ਸਮੇਂ ਦੇ ਨਾਹਰੇ ਹਨ। ਇਹ ਦਸਵੇਂ ਗੁਰੂ ਦੇ ਫੁਰਮਾਨ ਨਹੀਂ ਹਨ, ਜਿਵੇਂ ਕਿ ਆਖਿਆ ਜਾਂ ਵਿਸ਼ਵਾਸ਼ ਕੀਤਾ ਜਾਂਦਾ ਹੈ।

ਜਿਥੋਂ ਤਕ ਹਿੰਸਾ ਜਾਂ ਤਸ਼ੱਦਦ ਦਾ ਤੁਅੱਲਕ ਹੈ ਕਿ ਇਹ ਸਿੱਖਾਂ ਦੀ ਮਜ਼ਹਬੀ ਰਵਾਇਤ ਹੈ, ਇਹਦੇ ਵਿਚ ਭੋਰਾ ਮਾਤਰ ਵੀ ਸਚਾਈ ਨਹੀਂ ਹੈ। ਜੇ ਇਹ ਜ਼ਰੂਰੀ ਹੁੰਦਾ ਤਾਂ ਗੁਰੂ ਗੋਬਿੰਦ ਸਿੰਘ ਜੀ, ਸ੍ਰੀ ਗੁਰੂ ਗ੍ਰੰਥ ਸਾਹਿਬ (ਆਦਿ ਗਰੰਥ) ਨੂੰ ਗੁਰ-ਗੱਦੀ ਸੌਂਪਣ ਦੀ ਬਜਾਏ, ਦਸਮ ਗਰੰਥ (ਜਿਸ ਵਿਚ ਬਹੁਤੀ ਬੀਰ-ਰਸ ਯੁਧ ਕਵਿਤਾ ਲਿਖੀ ਹੈ) ਨੂੰ ਗੁਰ-ਗੱਦੀ ਸੌਂਪਦੇ। ਗੁਰੂ ਗਰੰਥ ਵਿਚ (ਸਿਖਾਂ ਦਾ ਸਦੀਵੀ ਗੁਰੂ) ਆਦਿ ਤੋਂ ਅੰਤ ਤੱਕ ਇਕ ਇਕ ਅੱਖਰ, ਅਮਨ-ਸ਼ਾਂਤੀ, ਹਉਮੈਂ-ਤਿਆਗ, ਕੁਰਬਾਨੀ, ਦਿਆਲਤਾ, ਖਿਮਾਂ, ਅਕਾਲ ਪੁਰਖ ਦਾ ਨਾਮ ਸਿਮਰਨ, ਭਰਾਤਰੀ ਪਿਆਰ ਦੀ ਸੁਗੰਧੀ ਛਡਦਾ ਹੈ। ਕੌਮੀ ਦੁਸ਼ਮਣ ਦੇ ਖਿਲਾਫ ਹਥਿਆਰਾਂ ਨਾਲ ਲੜਨਾ ਅਤੇ ਕੌਮ ਦੀ ਬੇਹਤਰੀ ਖਾਤਰ ਵੱਡੀ ਤੋਂ ਵੱਡੀ ਕੁਰਬਾਨੀ ਦੇਣਾ ਜਿਵੇਂ ਸਿਖ ਹੁਣ ਤੱਕ ਦਿੰਦੇ ਆਏ ਹਨ ਅਤੇ ਤਵਾਰੀਖੀ ਮਿਸਾਲ ਬਣ ਚੁਕੇ ਹਨ, ਅਤੇ ਜੋ ਕੁਝ ਅੱਜ ਦੇ ਕੁਝ ਕੁ ਸਿਖ ਕਰ ਰਹੇ ਹਨ, ਉਪਰੋਕਤ ਸਿਖ ਰਵਾਇਤਾਂ ਦੇ ਬਿਲਕੁਲ ਹੀ ਉਲਟ ਹੈ।

ਡਾ: ਗੁਪਾਲ ਸਿੰਘ ਕਹਿੰਦਾ, "ਜੋ ਕੁਝ ਮੈਂ ਉਪਰ ਆਖ ਚੁਕਾ ਹਾਂ ਉਸਦੇ ਨਜ਼ਰੀਏ ਨਾਲ ਕੀ ਮੈਂ ਬੜੀ ਨਿਮਰਤਾ ਸਹਿਤ ਆਖ ਸਕਦਾ ਹਾਂ ਕਿ "ਐ ਸਿਖ ਲੀਡਰੋ ਅਤੇ ਨਾਹਰੇ-ਬਾਜ਼ੋ ! ਸਿਖਿਜ਼ਮ ਤੇ ਇਸਦੀਆਂ ਸ਼ਾਨਦਾਰ ਸੰਸਥਾਵਾਂ ਨੂੰ ਆਪਣੇ ਧਾਰਮਿਕ ਏਹਤਕਾਦਾਂ ਦੀ, ਆਪਣੇ ਸੌੜੇ ਖਿਆਲਾਂ ਮੁਜਬ ਗਲਤ ਤਰਜਮਾਨੀ ਕਰਕੇ ਤਬਾਹ ਨਾ ਕਰੋ। ਤੁਹਾਡਾ ਸਿਖੀ-ਸੁਨੇਹਾ ਤਾਂ ਸਾਰੀ ਮਨੁੱਖਤਾ ਲਈ ਹੈ ਇਹਨੂੰ ਇਕ ਛੋਟੀ ਜੇਹੀ ਜੁੰਡਲੀ ਲਈ, ਇਹਦੀਆਂ ਹੱਦਾਂ ਸੀਮਤ ਨਾ ਕਰੋ ਅਤੇ ਨਾ ਹੀ ਏਸ ਪਵਿੱਤਰ ਸੁਨੇਹੇ ਨੂੰ ਛੋਟੇ ਅਤੇ ਡੰਗਟਪਾਊ ਰਾਜਸੀ ਲਾਭਾਂ ਖਾਤਰ ਤਰੋੜ-ਮਰੋੜ ਕੇ ਗਲਤ ਵਰਤੋ। ਸਾਡੀਆਂ ਮਾਣ-ਸੋਭਾ ਦੀਆਂ ਕੇਡੀਆਂ ਚਕ੍ਰਿਤ ਕਰਨ ਵਾਲੀਆਂ ਉਚਾਈਆਂ ਤੇ ਅਸਮਾਨ-ਛੋਂਹਦੀਆਂ ਪ੍ਰਸਿਧੀਆਂ ਨੂੰ, ਤੁਸਾਂ ਹੇਠਾਂ ਖਿਚ-ਘਟਾ ਸਾਨੂੰ ਇਕ ਤੁੱਛ ਜੇਹੀ ਘੱਟ ਗਿਣਤੀ ਬਣਾਂ ਦਿਤਾ ਹੈ, ਸਾਨੂੰ ਆਚਾਰ-ਭ੍ਰਿਸ਼ਟ ਕਰ ਦਿਤਾ ਹੈ, ਆਪਣੇ ਬਚਾਓ ਲਈ ਸਾਨੂੰ ਹਰ ਵੇਲੇ ਸ਼ਰਮਸਾਰੀ ਉਠਾਣੀ ਪੈ ਰਹੀ ਹੈ ਅਤੇ ਸਾਨੂੰ ਸਾਡੇ ਵਰਤਮਾਨ ਅਤੇ ਭਵਿਖ ਦਾ ਵੀ ਕੋਈ ਇਲਮ ਨਹੀਂ ਰਹਿਣ ਦਿਤਾ। ਓਸ ਗੁਰੂ ਤੇ ਰੱਬ ਦਾ ਭੌ ਖਾਉ, ਜੇ ਤੁਸਾਂ ਆਪਣੀ ਰੌਹ-ਰੀਤੀ ਨਾ ਬਦਲੀ ਤਾਂ ਓਹ ਜ਼ਰੂਰ ਤੁਹਾਡੇ ਕੁਕਰਮਾਂ ਦਾ ਦੰਡ ਤੁਹਾਨੂੰ ਦੇਵੇਗਾ। ਸਾਡੇ ਗੁਰਦੁਆਰੇ ਜਿਨ੍ਹਾਂ ਦੀ ਹਿੰਦੂ ਅਤੇ ਸਿਖ ਹਜ਼ਾਰਾਂ ਦੀ ਗਿਣਤੀ ਵਿਚ ਰੋਜ਼ ਸ਼ਰਨ ਵਿਚ ਰਹਿੰਦੇ ਸਨ, ਓਹ ਅਜ ਵੀਰਾਨ ਦਿਸ ਰਹੇ ਹਨ . ਪੰਜਾਬ ਦੀਆਂ ਆਰਥਿਕਤਾ ਅਤੇ ਰਾਜ ਪ੍ਰਬੰਧ ਖੇਰੂੰ ਖੇਰੂੰ ਹੋਇਆ ਪਿਆ ਹੈ ਅਤੇ ਸਾਡੀ ਧਾਰਮਿਕ ਪਛਾਣ ਪਹਿਲਾਂ ਵਾਲੀ ਸੂਰਬੀਰਤਾ ਅਤੇ ਦੇਸ਼-ਪ੍ਰੇਮ ਦੀ ਬਜਾਏ ਡਰਾਉਣੀ ਅਤੇ ਤਬਾਹ ਹੋ ਚੁਕੀ ਹੈ। ਤੁਸੀਂ ਕਹਿੰਦੇ ਹੋ ਕਿ ਤੁਸੀਂ ਸਿਖੀ-ਸਰੂਪ ਦੀ ਕਾਇਮੀ ਲਈ ਲੜ ਰਹੇ ਹੋ, ਪਰ ਜੇਹੜਾ ਰਾਹ ਤੁਸਾਂ ਅਪਣਾਇਆ ਹੈ ਇਸ ਨੂੰ ਤਬਾਹੋ-ਬਰਬਾਦ ਕਰ ਦੇਵੇਗਾ।

(ਡਾਕਟਰ ਗੋਪਾਲ ਸਿੰਘ ਓਹ ਪਹਿਲਾ ਸਿੰਘ ਹੈ ਜਿਸਨੇ ਸ੍ਰੀ ਗੁਰੂ ਗਰੰਥ ਸਾਹਿਬ ਦਾ ਇੰਗਲਿਸ਼ ਵਿਚ ਟਰਾਂਸਲੇਸ਼ਨ ਕੀਤਾ ਅਤੇ ਓਹ ਸਿਖੀ ਬਾਰੇ, "ਏ ਹਿਸਟਰੀ ਆਫ ਦੀ ਸਿਖ ਪੀਉਪਲ" ਅਤੇ "ਦਾ ਰਿਲਿਜਨ ਆਫ ਦਾ ਸਿਖਸ" ਆਦਿ ਕਈ ਕਿਤਾਬਾਂ ਦਾ ਆਥਰ ਹੈ ਅਤੇ ਇੰਟਰਨੈਸ਼ਨਲ ਮਜ਼ਹਬ ਸੰਮੇਲਨ ਵਿਖੇ ਸਿਖਾਂ ਦਾ ਪੱਖ ਬੜੇ ਅਸਰ ਭਰਪੂਰ ਢੰਗ ਨਾਲ ਪੇਸ਼ ਕਰ ਚੁਕਾ ਹੈ। ਕਿਸੇ ਨੂੰ ਦਲੀਲ ਨਾਲ ਕਾਇਲ ਕਰਨਾ ਅਕਲਮੰਦੀ ਹੈ ਪਰ ਕਿਉਂਕਿ ਓਹ ਪੜ੍ਹਿਆ ਲਿਖਿਆ ਸਿੰਘ ਹੈ ਓਹ ਜ਼ਰੂਰ ਕਾਂਗਰਸੀ ਜਾਂ ਗੌਰਮਿੰਟ-ਪੱਖੀ ਏ, ਆਖ ਓਹਨੂੰ ਬਲੈਕ ਲਿਸਟਿਡ ਕਰਾਰ ਦੇ ਦੇਣਾ ਸਿਆਣਪ ਨਹੀਂ ਆਖੀ ਜਾ ਸਕਦੀ।)

ਪੰਥ ਦੀ ਸੇਵਾ ਕਰਦਾ ਰਹਾਂਗਾ ਅਤੇ ਸਿਆਸਤ ਨਹੀਂ ਛੱਡਾਂਗਾ — ਟੌਹੜਾ

ਅੰਮ੍ਰਿਤਸਰ — ਸ਼ਰੋਮਣੀ ਗੁ: ਪ੍ਰੰ: ਕਮੇਟੀ ਦੇ ਸਾਬਕਾ ਪ੍ਰਧਾਨ ਸ੍ਰੀ ਗੁਰਚਰਨ ਸਿੰਘ ਟੌਹੜਾ ਨੇ ਕਿਹਾ ਹੈ ਕਿ ਉਨ੍ਹਾਂ ਨੇ ਕੌਮ ਨੂੰ ਭਰਾ ਮਾਰੂ ਲੜਾਈ ਤੋਂ ਬਚਾਉਣ ਲਈ ਪ੍ਰਧਾਨਗੀ ਛੱਡੀ ਸੀ। ਅਕਾਲੀ ਨੇਤਾਵਾਂ, ਸਿਖ ਬੁੱਧੀਜੀਵੀਆਂ ਅਤੇ ਪੱਤਰਕਾਰਾਂ ਨੇ ਭੇਜੇ ਗਏ ਪੰਜ ਸਫਿਆਂ ਦੇ ਪੱਤਰ ਵਿਚ ਉਨ੍ਹਾਂ ਕਿਹਾ ਕਿ ਅਕਾਲੀ ਮੋਰਚੇ ਦੀ ਸਫਲਤਾ ਤੋਂ ਕੇਂਦਰੀ ਸਰਕਾਰ ਘਬਰਾ ਗਈ ਸੀ ਅਤੇ ਮੋਰਚੇ ਨੂੰ ਖਤਮ ਕਰਨ ਲਈ ਅਪਰੇਸ਼ਨ ਬਲਿਊ ਸਟਾਰ ਕੀਤਾ ਗਿਆ। ਦਰਬਾਰ ਸਾਹਿਬ ਵਿਚ ਫੌਜ ਭੇਜੀ ਗਈ ਅਤੇ ਸ੍ਰੀ ਅਕਾਲ ਤਖਤ ਸਾਹਿਕ ਨੂੰ ਨਸ਼ਟ ਕੀਤਾ ਗਿਆ। ਉਨ੍ਹਾਂ ਕਿਹਾ ਕਿ ਅਪਰੇਸ਼ਨ ਬਲਿਊ ਸਟਾਰ ਪਿਛੋਂ ਫੌਜੀ ਦੇਖ-ਰੇਖ ਹੇਠ ਸਰਕਾਰ ਵਲੋਂ ਸ੍ਰੀ ਅਕਾਲ ਤਖਤ ਸਾਹਿਬ ਦੀ ਕਰਵਾਈ ਗਈ ਮੁਰੰਮਤ ਵਾਦ-ਵਿਵਾਦ ਦਾ ਵਿਸ਼ਾ ਬਣ ਗਈ ਸੀ। ਇਸ ਮਾਮਲੇ ਨੂੰ ਨਿਪਟਾਉਣ ਲਈ ਇਕ ਸਮਝੌਤਾ ਵੀ ਹੋ ਗਿਆ ਸੀ ਪਰ ਦਮਦਮੀ ਟਕਸਾਲ ਅਤੇ ਆਲ ਇੰਡੀਆ ਸਿਖ ਸਟੂਡੈਂਟਸ ਫੈਡਰੇਸ਼ਨ ਦੇ ਕੁਝ ਲੋਕਾਂ ਨੇ "ਪੰਥਕ ਸਮਝੌਤੇ" ਦੀ ਉਲੰਘਣਾ ਕੀਤੀ ਅਤੇ ਇਸ ਤਰ੍ਹਾਂ ਪੰਥ ਵਿਚ ਫੁੱਟ ਪਾ ਦਿੱਤੀ।

ਸ੍ਰੀ ਟੌਹੜਾ ਨੇ ਕਿਹਾ "ਮੈਂ ਦਰਬਾਰ ਸਾਹਿਬ ਕੰਪਲੈਕਸ ਵਿਚ ਹਿੰਸਕ ਵਾਰਦਾਤਾਂ ਦੇ ਵਿਰੁਧ ਸਾਂ ਪਰ ਦਿੱਲੀ ਸਰਕਾਰ ਨੇ ਅਪਰੇਸ਼ਨ ਬਲਿਊ ਸਟਾਰ ਨੂੰ ਜਾਇਜ਼ ਠਹਿਰਾਉਣ ਲਈ ਸਾਜ਼ਿਸ਼ ਤਿਆਰ ਕਰ ਲਈ ਸੀ।" ਉਨ੍ਹਾਂ ਕਿਹਾ ਕਿ ਮੈਂ ਪੰਥ ਦੀ ਖਾਤਰ ਸਰਗਰਮ ਸਿਆਸਤ ਵਿਚ ਹਿਸਾ ਲੈਂਦਾ ਰਹਾਂਗਾ। ਉਨ੍ਹਾਂ ਨੇ 14 ਸਾਲਾਂ ਵਿਚ ਕੀਤੀਆਂ ਗਈਆਂ ਪ੍ਰਾਪਤੀਆਂ ਦਾ ਵੀ ਵਰਨਣ ਕੀਤਾ ਹੈ ਅਤੇ ਉਨ੍ਹਾਂ ਨੇ ਮਿਲੇ ਸਮਰਥਨ ਲਈ ਸਿਖ ਸੰਤਾਂ, ਸੰਪਰਦਾਵਾਂ ਅਤੇ ਜਥੇਬੰਦੀਆਂ ਦਾ ਧੰਨਵਾਦ ਕੀਤਾ ਹੈ। ਉਨ੍ਹਾਂ ਦੱਸਿਆ ਕਿ ਇਸ ਸਮੇਂ ਦੌਰਾਨ ਕਈ ਗੁਰਦੁਆਰਿਆਂ ਦੀਆਂ ਇਮਾਰਤਾਂ ਉਸਾਰੀਆਂ ਗਈਆਂ ਅਤੇ ਕਈ ਸ਼ਤਾਬਦੀ ਸਮਾਰੋਹ ਕੀਤੇ ਗਏ। ਉਨ੍ਹਾਂ ਨੇ ਧਰਮ ਯੁੱਧ ਮੋਰਚੇ ਸਮੇਂ ਕੀਤੀ ਗਈ ਅਗਵਾਈ ਲਈ ਸੰਤ ਹਰਚੰਦ ਸਿੰਘ ਲੌਂਗੋਵਾਲ ਦੀ ਸਰਾਹਨਾ ਕੀਤੀ। ਸੰਤ ਜਰਨੈਲ ਸਿੰਘ ਭਿੰਡਰਾਂਵਾਲਾ ਦਾ ਜ਼ਿਕਰ ਕਰਦਿਆਂ ਉਨ੍ਹਾਂ ਕਿਹਾ ਕਿ ਸੰਤ ਭਿੰਡਰਾਂਵਾਲਾ ਨੇ ਨੌਜਵਾਨਾਂ ਨੂੰ ਮੁੜ ਸਿੱਖੀ ਦੇ ਲੜ ਲਾਇਆ ਅਤੇ ਉਨ੍ਹਾਂ ਪੱਛਮੀ ਸਭਿਅਤਾ ਅਤੇ ਨਸ਼ਿਆਂ ਵਲੋਂ ਮੋੜ ਕੇ ਨਵੀਂ ਜੀਵਨ ਸੇਧ ਦਿੱਤੀ।

ਜਥੇਦਾਰ ਟੌਹੜਾ ਨੇ ਕਿਹਾ ਕਿ ਉਨ੍ਹਾਂ ਨੇ ਦੋਵਾਂ ਸੰਤਾਂ ਵਿਚਕਾਰ ਪੈਦਾ ਹੋਏ ਮਤਭੇਦਾਂ ਨੂੰ ਨਿਪਟਾਉਣ ਦੀ ਭਰਪੂਰ ਕੋਸ਼ਿਸ਼ ਕੀਤੀ ਪਰ ਦੋਵਾਂ ਸੰਤਾਂ ਦੇ ਦੁਆਲੇ ਇਕੱਠੇ ਹੋ ਚੁਕੇ ਕੇਂਦਰੀ ਪਿੱਠੂਆਂ ਨੇ ਉਨ੍ਹਾਂ ਦੇ ਯਤਨ ਸਫਲ ਨਾ ਹੋਣ ਦਿਤੇ। ਜਥੇਦਾਰ ਟੌਹੜਾ ਨੇ ਇਸ ਪੱਤਰ ਵਿਚ ਪੰਜਾਬ ਸਮਝੌਤਾ, ਸ੍ਰੀ ਲੌਂਗੋਵਾਲ ਦੀ ਹੱਤਿਆ, ਪੰਜਾਬ ਵਿਚ ਚੋਣਾਂ ਪਿਛੋਂ ਅਕਾਲੀ ਸਰਕਾਰ ਦੇ ਬਣਨ, ਅਕਾਲੀ ਦਲ ਵਿਚ ਫੁੱਟ ਪੈਣ ਦੇ ਨਾਲ ਨਾਲ 29 ਅਪਰੈਲ ਨੂੰ ਖਾਲਿਸਤਾਨ ਦਾ ਐਲਾਨ ਕੀਤੇ ਜਾਣ ਅਤੇ ਉਸ ਪਿਛੋਂ ਸ੍ਰੀ ਦਰਬਾਰ ਸਾਹਿਬ ਵਿਚ ਪੁਲੀਸ ਐਕਸ਼ਨ ਕੀਤੇ ਜਾਣ ਦਾ ਕੋਈ ਜ਼ਿਕਰ ਨਹੀਂ ਕੀਤਾ। ਇਸ ਲੰਮੀ ਚਿੱਠੀ ਵਿਚ ਦਹਿਸ਼ਤਪਸੰਦਾਂ ਦੀਆਂ ਸਰਗਰਮੀਆਂ, ਝੂਠੇ ਪੁਲੀਸ ਮੁਕਾਬਲਿਆਂ ਅਤੇ ਪੰਜਾਬ ਵਿਚੋਂ ਹਿੰਦੂਆਂ ਦੀ ਹਿਜਰਤ ਦਾ ਵੀ ਕੋਈ ਜ਼ਿਕਰ ਨਹੀਂ ਕੀਤਾ ਗਿਆ। ਅਖੀਰ ਵਿਚ ਉਨ੍ਹਾਂ ਕਿਹਾ ਕਿ ਜੇਕਰ ਪ੍ਰਧਾਨਗੀ ਸਮੇਂ ਉਨ੍ਹਾਂ ਤੋਂ ਕੋਈ ਗਲਤੀ ਹੋ ਗਈ ਹੋਵੇ ਤਾਂ ਉਸ ਲਈ ਮੁਆਫ ਕਰ ਦਿੱਤਾ ਜਾਵੇ।

ਕਵੀ-ਓ-ਵਾਚ



ਕ੍ਰਿਤ ਕਵੀ ਧਿਆਨਪੁਰੀ

ਕਸਮ ਕੁਰਸੀ ਦੀ

ਇਹੋ ਸਾਡਾ 'ਸਮਝੌਤਾ' ਸੀ ਨਾਲ ਤੇਰੇ,
ਸਿਰੇ ਅਸਾਂ ਸਮਝੌਤਾ ਨਹੀਂ ਚੜ੍ਹਨ ਦੇਣਾ।
ਬਿਨਾਂ ਡਿਗਰੀਓਂ ਪਦਵੀਆਂ ਸਾਂਭੀਆਂ ਨੇ,
ਪੜ੍ਹੇ ਆਪ ਨਾ ਕਿਸੇ ਨੂੰ ਪੜ੍ਹਨ ਦੇਣਾ।
ਜਿਨ੍ਹਾਂ ਯੋਧਿਆਂ ਨੇ ਸਾਡਾ ਸਾਥ ਦਿੱਤਾ,
ਸਾਡਾ ਫਰਜ਼ ਹੈ ਉਨ੍ਹਾਂ ਨੂੰ ਸ਼ਰਨ ਦੇਣਾ।
ਕਸਮ ਕੁਰਸੀ ਦੀ ਰਵ੍ਹਾਂਗੇ ਨਾਲ ਤੇਰੇ,
ਐਪਰ ਤੈਨੂੰ ਕੋਈ ਕੰਮ ਨਹੀਂ ਕਰਨ ਦੇਣਾ।

---

1) ਆਉ ਵੀਰੋ ਬੈਠ ਕੇ ਮਤਾ ਪਕਾ ਲਈਏ।
ਭਾਰਤ ਮੇਂ ਝੰਡਾ ਆਪਣਾ ਚੜ੍ਹਾ ਲਈਏ।
ਮੁਰਦਿਆਂ ਦਿਲਾਂ ਨੂੰ ਪਾਨ ਲਈਏ ਚਾੜ੍ਹ ਜੀ
ਧਾਰ ਲੋ ਇਰਾਦਾ ਝੰਡਾ ਦੇਣਾ ਚਾੜ੍ਹ ਜੀ।
2) ਧਾਰ ਲੋ ਇਰਾਦਾ ਜੰਗ ਦੇ ਮਚੌਣ ਦਾ,
ਨਹੀਂ ਵੇਲਾ ਵੀਰੋ ਅਜੇ ਸੁਖੀ ਸੌਣ ਦਾ।
ਮਾਰ ਮਾਰ ਪਾਮਰਾਂ ਨੂੰ ਸਿਟੋ ਪਾੜ ਜੀ।
ਧਾਰ ਲੋ ਇਰਾਦਾ ਝੰਡਾ ਦੇਣਾ ਚਾੜ੍ਹ ਜੀ।

'ਕੈਨੇਡਾ ਦਰਪਣ' ਦੇ ਚੰਦੇ ਦਾ ਫ਼ਾਰਮ

SUBSCRIPTION FORM

To
The Canada Darpan
P.O.BOX 265
Surrey, B.C.
Canada, V3T 4W8
Ph. 581-4473

I am enclosing a ☐ cheque ☐ M.O. ☐ Draft as my Subscription for the year(s)....... I may be sent the newspaper at the following address :

Name...................
Address...................
City...................
Province...................
Postal code...................
PHONE.

One Year	25 dollars
Two Year	45 dollars
Three year	65 dollars
Life membership................	300 dollars
ASIA................	100 dollars[a year]
U.S.A.	30 dollars [a year]
Europe	100 dollars[a year]
Africa	100 dollars [a year]

ਆਪਣੇ ਲੋਕ

ਅਜਮੇਰ ਰੋਡੇ

ਕਾਮਿਆਂ ਨਾਲ ਤੂੜੀ ਟਰੱਕੀ ਫਾਰਮ ਵੱਲ ਜਾ ਰਹੀ ਸੀ। ਗੱਲਾਂ ਕਰਦਿਆਂ ਇਕ ਦੂਜੇ ਦੇ ਹਵਾੜ੍ਹ ਮੂੰਹ ਤੇ ਪੈਂਦੀ ਸੀ ਪਰ ਗੱਲਾਂ ਫੇਰ ਵੀ ਹੋਈ ਜਾ ਰਹੀਆਂ ਸਨ। ਗੁਰਮੀਤ ਨੇ ਨਾਲ ਬੈਠੇ ਆਪਣੇ ਦੋਸਤ ਹਰਨਾਮ ਨੂੰ ਪੁਛਿਆ।

"ਗਿੰਦਰ ਨੀ ਆਇਆ ਅੱਜ ?"

"ਉਹ ਤਾਂ ਯਾਰ ਰਾਤ ਮੰਜੇ ਤੇ ਪਿਆ ਈ ਮਰ ਗਿਆ", ਹਰਨਾਮ ਨੇ ਹੌਲੀ ਜਿਹੀ ਜਵਾਬ ਦਿੱਤਾ।

—"ਜਗਾ ਲਿਔਣਾ ਸੀ ਧੱਕੇ ਧੁੱਕੇ ਮਾਰ ਕੇ ਮਸਾਂ ਦਿਹਾੜੀਆਂ ਲੱਗਣ ਲੱਗੀਆਂ ਐ"—

—"ਮੈਂ ਕਹੀ ਜਾਨੈ ਉਹ ਮੰਜੇ ਤੇ ਮਰਿਆ ਪਿਐ — ਅਖੇ ਜਗਾ ਲਿਔਣਾ ਸੀ ਧੱਕੇ ਮਾਰ ਕੇ" ਹਰਨਾਮ ਨੇ ਥੋੜ੍ਹਾ ਜਿਹਾ ਖਿਝ ਕੇ ਕਿਹਾ।

"ਸੱਚੀਂ ਮਰ ਗਿਆ ਕਿ ਐਵੇਂ ਭਕਾਈ ਕਰਦੈਂ ?"

"ਆਪ ਵੇਖ ਲੈ ਜਾ ਕੇ ਮੇਰੀ ਗੱਲ ਤੇ ਯਕੀਨ ਨੀ ਔਂਦਾ ਤਾਂ।"

ਗੁਰਮੀਤ ਇਸ ਵਾਰ .... ਫਿਕਰਮੰਦ ਹੋ ਕੇ ਬੋਲਿਆ। "ਬੜਾ ਸਿਆਪਾ ਪਿਆ ਫੇਰ ਤਾਂ, ਮੰਜੇ ਤੇ ਈ ਪਿਐ ਅਜੇ ?"

"ਹਾਂ" ਹਰਨਾਮ ਨੇ ਮਸਾਂ ਏਨਾ ਹੀ ਉਤਰ ਦਿਤਾ।

"ਪੁਲਸ ਨੂੰ ਫੂਨ ਮਾਰ ਦੇਣਾ ਸੀ ਜਾਂ ਕੁਸ਼ ਹੋਰ ਕਰਨਾ ਸੀ—ਐ ਤਾਂ ਫਸ ਜਾਂਗੇ ਕੰਜਰ ਦਿਆ। ਚਲ ਹੁਣੇ ਚੱਲੀਏ ਵਾਪਸ, ਤੂੰ ਅੱਜ ਆਉਣਾ ਈ ਨੀ ਸੀ ਕੰਮ ਤੇ" ਗੁਰਮੀਤ ਨੇ ਕਾਹਲੀ ਕਾਹਲੀ ਕਿਹਾ।

"ਚਿੱਤ ਤਾਂ ਨਹੀਂ ਸੀ ਕਰਦਾ ਔਣ ਨੂੰ ਪਰ ਐਵੇਂ ਸੋਚਿਆ ਕੰਮ ਕਿਹੜਾ ਆਪਾਂ ਨੂੰ ਰੋਜ਼ ਰੋਜ਼ ਧਰੇ ਪਏ ਐ। ਜੇ ਅੱਜ ਨਾ ਆਇਆ ਤਾਂ ਇਹ ਵੀ ਜਵਾਬ ਨਾ ਦੇ ਦੇਣ।"

ਉਹਨਾਂ ਦੇ ਨਾਲ ਬੈਠੇ ਕੁਝ ਹੋਰਾਂ ਨੇ ਵੀ ਇਹ ਗੱਲ ਬਾਤ ਸੁਣ ਲਈ। ਸ਼ਾਇਦ ਇਕ ਦੋ ਗਿੰਦਰ ਨੂੰ ਜਾਣਦੇ ਵੀ ਸਨ। ਉਹਨਾਂ ਨੇ ਮਿੰਦਰ ਦੇ ਮਰਨ ਬਾਰੇ ਕੁਝ ਬੇਲੋੜਾ ਜਿਹਾ ਪੁਛਣਾ ਵੀ ਚਾਹਿਆ ਪਰ ਗੁਰਮੀਤ ਨੇ ਛੇਤੀ ਦੇਣੇ ਡਰਾਈਵਰ ਤੋਂ ਟਰੱਕੀ ਰੁਕਵਾਈ ਤੇ ਇਹ ਦੋਵੇਂ ਜਣੇ "ਬਹੁਤ ਜ਼ਰੂਰੀ" ਕੰਮ ਕਹਿ ਕੇ ਉਤਰ ਗਏ। ਬੱਸ ਵਿਚ ਵਾਪਸ ਆਉਂਦਿਆਂ ਗੁਰਮੀਤ ਨੇ ਹਰਨਾਮ ਤੋਂ ਪੁਛਿਆ।

"ਕੀ ਗੱਲ ਗਿੰਦਰ ਬਹੁਤੀ ਪੀ ਗਿਆ ਸੀ ਰਾਤ ?"

"ਥੋੜ੍ਹੀ ਪੀਂਦਾ ਕਦੋਂ ਹੁੰਦਾ ਸੀ ਉਹ। ਬੋਤਲ ਤਾਂ ਪਹਿਲਾਂ ਈ ਚਾੜ੍ਹੀ ਫਿਰਦਾ ਸੀ ਉਤੋਂ ਜੈਲਾ ਆ ਗਿਆ ਸਾਲੇ ਮੇਰੇ ਦਾ ਬੌਰੀਆ ਜ੍ਹਿਆ — ਬੱਸ ਫੇਰ ਅੱਧੀ ਰਾਤ ਤੱਕ ਇਕ ਵੀ ਖਾਲੀ ਕਰ ਦੋ ਵੀ ...... ਹਟਣ ਈ ਨਾ। ਮੈਂ ਕਿਹਾ ਮਰਜੋਂ ਗੇ ਕੰਜਰ ਦਿਓ ਕਿਸੇ ਦਿਨ ਐਂ ਈ ਭੰਗ ਦੇ ਭਾੜੇ, ਅਲੱਦੀ ਜਾਨੇ ਐਂ ਅੰਦਰ ਹੁਣ ਫ਼ਿੜੇ ਤਿੜੇ !

ਗਿੰਦਰ ਅੱਗੋਂ ਕਹਿੰਦਾ ਸਰਦਾਰਾਂ ਦੇ ਪੁੱਤ ਐਂ ਬਾਈ ਦਰਾਮ ਨੀ ਪੀਣਾ ਤਾਂ ਹੋਰ ਕੱਸੀ ਦਾ ਪਾਣੀ ਪੀਣੈ, ... ਖਾਂਦੇ ਪੀਂਦੇ ਮਰਦੇ ਐਂ ਤਾਂ ਮਰ ਜਾਣ ਦੇ ਤੂੰ। ਜੈਲਾ ਤਾਂ ਰਾਤ ਨੂੰ ਘਰੇ ਚਲਾ ਗਿਆ। — ਸਵੇਰੇ ਜਦੋਂ ਗਿੰਦਰ ਦੇ ਮੂੰਹ ਤੋਂ ਲੀੜਾ ਲਾਹਿਆ ਜਗੌਣ ਵਾਸਤੇ ਤਾਂ ਸੱਚੀ ਮਰਿਆ ਪਿਆ, ਕੰਜਰ ਦਾ। ਮੇਰਾ ਤਾਂ ਯਾਰ ਦਿਲ ਜਿਆ ਦੈਲ੍ਹ ਗਿਆ ਵੇਖਕੇ — ਪੀਤੀ ਤਾਂ ਰਾਤ ਅਸੀਂ ਵੀ ਬਥੇਰੀ ਸੀ ਪਰ ਐਂ ਦਰਾਮ ਨਾਲ ਬੰਦਾ ਮਰਦੈ ਕਦੇ ?"

"ਲੈ ਤੈਨੂੰ ਨੀ ਪਤਾ ਮੌੜਾਂ ਆਲਾ ਸ਼ਾਮਾਂ.... ਦਰਾਮ ਨਾਲ ਈ ਮਰਿਆ ਸੀ। ਉਹ ਤਾਂ ਉਂ ਭੈਣ ਦੇਣਾ ਪੀਂਦਾ ਵੀ ਬਾਹਲੀ ਸੀ। .... ਦੋ ਦੋ ਵੀਕਾਂ ਗੁੱਟ ਰਹਿੰਦਾ ਸੀ। ਇਕ ਦਿਨ ਐਂ ਈ ਬੇਸਮੇਂਟ 'ਚ ਪਏ ਪਏ ਨੂੰ ਰਾਤ ਨੂੰ ਹੱਥੂ ਆ ਗਿਆ। ਬੱਸ ਸਾਹ ਬੰਦ ਹੋ ਗਿਆ ਤੇ ਪਾਰ ਬੋਲਿਆ। ਉਠਣ ਦੀ ਸੁਰਤ ਤਾਂ ਹੈ ਈ ਨੀ ਸੀ।"

"ਹੱਛਿਆ" ਹਰਨਾਮ ਥੋੜ੍ਹੀ ਜਿਹੀ ਹੈਰਾਨੀ ਨਾਲ ਬੋਲਿਆ। "ਮੈਂ ਤਾਂ ਕਦੇ ਨੀ ਸੋਚਿਆ ਸੀ ਬਈ ਦਰਾਮ ਨਾਲ ਵੀ ਬੰਦਾ ਮਰ ਸਕਦੈ। ਬਾਹਲਾ ਦਰਾਮ ਚੀਜ਼ ਭੈੜੀ ਐ ਉਂ ਪੀਣ ਨੂੰ ਤਾਂ .... ਬਾਈ ਆਪਾਂ ਵੀ ਲੱਗੇ ਰਹਿਨੇ ਐਂ ਪਸ਼ੂਆਂ ਆਂਙੂ ਵੀਕ ਐਂਡ ਤੇ।" ਥੋੜ੍ਹੀ ਜਿਹੀ ਦੇਰ ਪਿਛੋਂ ਗੁਰਮੀਤ ਤੇ ਹਰਨਾਮ ਦਾ ਬੱਸ ਸਟੇਂਡ ਆ ਗਿਆ। ਉਹ ਬੱਸ ਤੋਂ ਉਤਰੇ ਤੇ ਗੁਰਮੀਤ ਦੇ ਘਰ ਨੂੰ ਤੁਰ ਪਏ। ਗੁਰਮੀਤ ਦਾ ਘਰ ਏਥੋਂ ਮਸਾਂ ਦੋ ਕੁ ਬਲਾਕਾਂ ਦੀ ਵਿੱਥ ਤੇ ਸੀ। (ਓਥੋਂ ਕਾਰ ਲੈ ਕੇ ਉਹਨਾਂ ਨੇ ਹਰਨਾਮ ਦੇ ਘਰ ਮਰੇ ਪਏ ਗਿੰਦਰ ਕੋਲ ਪਹੁੰਚਣਾ ਸੀ) ਇਕ ਬਲਾਕ ਤੁਰ ਕੇ ਜਦੋਂ ਉਹ ਲਿੱਕਰ ਸਟੋਰ ਦੇ ਸਾਹਮਣੇ ਪਹੁੰਚੇ ਤਾਂ ਦੋਹਾਂ ਨੇ ਇਕ ਦੂਜੇ ਦੀਆਂ ਅੱਖਾਂ ਵਿਚ ਵੇਖਿਆ। ਦੋਹਾਂ ਦੇ ਪੈਰ ਮੱਲੋਜ਼ੋਰੀ ਉਹਨਾਂ ਨੂੰ ਸਟੋਰ ਦੇ ਅੰਦਰ ਵੱਲ ਨੂੰ ਲੈ ਤੁਰੇ। ਸ਼ਰਾਬ ਲੈ ਕੇ ਉਹ ਗੁਰਮੀਤ ਦੇ ਘਰ ਪਹੁੰਚੇ। ਗਲਾਸ ਪੌਣੇ ਪੌਣੇ ਜਿਹੇ ਕਰਕੇ ਉਹ ਬੈੱਡ ਤੇ ਈ ਬੈਠ ਗਏ। ਗੁਰਮੀਤ ਓਵੇਂ ਦੀ ਸ਼ਰਾਬ ਦੀਆਂ ਗੱਲਾਂ ਕਰੀ ਜਾ ਰਿਹਾ ਸੀ।

"ਤੈਨੂੰ ਤਾਂ ਆਏ ਨੂੰ ਅਜੇ ਬਾਹਲਾ ਚਿਰ ਨੀ ਹੋਇਆ। ਏਥੇ ਤਾਂ ਬਹੁਤ ਸਟੋਰੀਆਂ ਹੁੰਦੀਆਂ ਰਹਿੰਦੀਆਂ। ਪਹਿਲਾਂ ਪਹਿਲ ਬਾਹਰ ਮਿਲਾਂ 'ਚ ਕੰਮ ਕਰਨ ਜਾਣਾ ਤਾਂ ਓਥੇ ਬੰਕ ਹੌਂਸਾਂ 'ਚ ਰਹਿਣਾ ਪੈਣਾ। ਹੋਰ ਤਾਂ ਓਥੇ ਕੁਸ਼ ਹੁੰਦਾ ਵੀ ਨੀ ਸੀ ਜਾਂ ਕੰਮ ਤੇ ਜਾਂ ਫੇਰ ਪਿਛੋਂ ਜੂਲਾ ਤੇ ਦਰਾਮ। ਮੈਂ ਵੀ ਲਾਇਆ ਸੀ ਬਾਹਰ ਸਾਲ ਕੁ ਇਕ ਮਿਲ 'ਚ। ਉਥੇ ਬੰਕ ਹੌਸ 'ਚ ਬੜੇ ਨਜ਼ਾਰੇ ਵੇਖੇ। ਇਕ ਮੁੰਡਾ ਗੇਬਾ ਹੁੰਦਾ ਸੀ — ਜੁਆਨ ਵੀ ਤੱਕੜਾ ਸੀ ਸਾਲੇ ਮੇਰੇ ਦਾ ਕੰਮ ਤੋਂ ਔਂਦੇ ਨੇ ਈ ਬੋਤਲ ਪੀ ਲੈਣੀ ਤੇ ਹੱਥ 'ਚ ਰੋਟੀ ਖਾਣ ਆਲੀ ਛੁਰੀ ਚੱਕੀ ਤੋਰੇ ਫਿਰਨਾ ਬਈ ਆਓ ਜੀਹਨੇ ਲੜਨੈ ਮੇਰੇ ਨਾਲ। ਹਰੇਕ ਨੇ ਹੱਸ ਕੇ ਗੱਲ ਟਾਲ ਜਾਣੀ — ਐਂ ਢਿੱਡ ਕੇਹੜਾ ਪੜਵਾਏ ਹੁਣ ਕੰਜਰ ਦੇ ਕਮਲੇ ਤੋਂ। ਇਕ ਦਿਨ ਐਵੇਂ ਕਿਸੇ ਨੇ ਕੈਹਤਾ ਤੈਨੂੰ ਲੜਨ ਦਾ ਬਾਹਲਾ ਸ਼ੌਕ ਐ। ਗੇਬੇ ਭੈਣ ਦੇਣੇ ਨੇ ਨਾ ਅੱਗਾ ਵੇਖਿਆ ਨਾ ਪਿਛਾ ਗਿੱਠ ਗੱਡ ਤੀ ਉਹਦੇ ਢਿਡ 'ਚ।"

"ਫੇਰ" ਹਰਨਾਮ ਨੇ ਗੁਰਮੀਤ ਦੇ ਰੁਕਣ ਤੇ ਪੁਛਿਆ।

"ਫੇਰ ਕੀ ਇਕ ਹਸਪਤਾਲ ਗਿਆ ਹੋਊ ਇਕ ਜੇਲ੍ਹ 'ਚ — ਅਸੀਂ ਤਾਂ ਓਦੂੰ ਪਿਛੋਂ ਵੇਖਿਆ ਨੀ ਉਹਨਾਂ ਨੂੰ।"

"ਆਹ ਤਾਂ ਤੱਦ ਲਹਿ ਗੀ ਯਾਰ, ਆਪਣੇ ਬੰਦਿਆਂ ਨੂੰ ਇਕ ਤਾਂ ਗੁੱਸਾ ਵੀ ਬਾਹਲਾ ਔਂਦਾ ਐ।"

"ਗੁੱਸਾ ਆਵੇ ਨਾ ਤਾਂ ਹੋਰ ਕੀ ਕਰੇ ਕੰਮੋਂ ਔਂਦਿਆਂ ਈ ਤਾਂ ਬੋਤਲਾਂ ਦੇ ਡੱਟ ਖੁਲ੍ਹ ਜਾਂਦੇ ਸੀ — ਵੀਕ ਐਂਡ ਤੇ ਤਾਂ ਫਿਰ ਰੱਬ ਦਾ ਨਾਂ। ਮੈਨੂੰ ਐਨੀ ਪੀਣ ਦੀ ਹੋਰ ਆਦਤ ਕਿਥੋਂ ਪਈ ਐ।"

"ਗੋਰੇ ਵੀ ਓਥੇ ਐਂ ਈ ਪੀਂਦੇ ਸੀ ?" ਹਰਨਾਮ ਨੇ ਪੁਛਿਆ।

"ਗੋਰੇ ਤਾਂ ਓਥੇ ਸੀ ਈ ਥੋੜ੍ਹੇ — ਨਾਲੇ ਪੀਂਦੇ ਪੂੰਦੇ ਵੀ ਉਹ ਕਾਹਦੀ ਐ। ਐਵੇਂ ਇਕ ਇਕ ਦੋ ਦੋ ਦਰਾਮ ਲਾ ਕੇ ਕੋਈ ਬੈਠਾ ਆਵਦੀ ਗਟ੍ਹਾਰ ਜੀ ਵਜਾਈ ਜਾਇਆ ਕਰੇ ਕੋਈ ਕਤਾਬ ਪੜ੍ਹੀ ਜਾਇਆ ਕਰੇ ਕੋਈ ਬੈਠਾ ਚਿੱਠੀਆਂ ਲਿਖੀ ਜਾਇਆ ਕਰੇ। ਇਕ ਦੋ ਚੰਗੀ ਪੀਣ ਆਲੇ ਵੀ ਸੀ ਪਰ ਆਪਣੇ ਲੋਕਾਂ ਦੇ ਮੁਕਾਬਲੇ 'ਚ ਨੀ। ਲੈ ਤੂੰ ਹੋਰ ਸੁਣ ਓਥੇ ਵੀ ਇਕ ਸੰਤਾ ਡਰੱਮ ਹੁੰਦਾ ਸੀ। ਓਹਨੇ ਸਾਲੇ ਨੇ ਨਾਲੇ ਤਾਂ ਆਪ ਰੱਜੇ ਰਹਿਣਾ ਨਾਲੇ ਲੋਕਾਂ ਨੂੰ ਪਿਔਂਦੇ ਫਿਰਨਾ ਆਪਦੇ ਪੱਲਿਓਂ। ਓਹਦਾ ਨਾਂ ਵੀ ਡਰੱਮ ਤਾਂਹੀ ਪਿਆ ਸੀ। ਕਈ ਮੁੰਡੇ ਜਵਾਂ ਸ਼ਰਾਬੀ ਬਣਾ ਤੇ ਓਹਨੇ। ਇਕ ਦਿਨ ਬੰਕ ਹੌਸ ਨੂੰ ਅੱਗ ਲੱਗ ਗੀ। ਵੀਕ ਐਂਡ ਤੇ। ਸਾਰੇ ਭੱਜ ਕੇ ਬਾਹਰ ਨਿਕਲਗੇ। ਬੱਸ ਆਪਣੇ ਦੋ ਮੁੰਡੇ ਰਹਿ ਗੇ ਅੰਦਰ — ਵਈ ਤੂੰ ਮੰਨਣਾ ਨੀ ਕਮਰੇ ਨੂੰ ਅੱਗ ਲੱਗੀ ਵੀ ਤੇ ਓਹਨਾਂ ਨੂੰ ਅੰਦਰ ਪਿਆਂ ਨੂੰ ਕੋਈ ਸੁਰਤ ਨੀ — ਸ਼ਰਾਬ ਨਾਲ ਐਨੇ ਰੱਜੇ ਵੇ ਸੀ। ਤੇ ਸੰਤਾ ਬਾਹਰ ਖੜਾ ਕਹੀ ਜਾਵੇ ਮੱਚਣ ਦੇ ਭੈਣ ਦੇ ਖਸਮਾਂ ਨੂੰ ਅੰਦਰੇ ਈ ਨਿੱਤ ਗਿੱਝੇ ਸੀ ਮੁਖਤ ਦੀ ਪੀਣ।"

'ਫੇਰ' ਹਰਨਾਮ ਨੇ ਮਸਾਂ ਏਨਾ ਈ ਪੁਛਿਆ।

"ਫੇਰ ਕੀ, ਅੰਦਰੋਂ ਕੱਢ ਤਾਂ ਲਏ ਪਰ ਹਸਪਤਾਲ ਜਾਂਦੇ ਈ ਮਰਗੇ।"

ਬੋਤਲ ਖਾਲੀ ਕਰਕੇ ਉਹ ਕਾਰ ਵਿਚ ਆ ਬੈਠੇ ਤੇ ਹਰਨਾਮ ਦੇ ਮਕਾਨ ਵੱਲ ਨੂੰ ਤੁਰ ਪਏ। ਹਰਨਾਮ ਨੂੰ ਵੀ ਪਿਛਲੇ ਸਾਲ ਦੀ ਗੱਲ ਯਾਦ ਆ ਗਈ "ਪਿਛਲੇ ਸਾਲ ਸਮਰ 'ਚ ਤਾਂ ਯਾਰ ਮੈਂ ਵੀ ਐਵੇਂ ਈ ਰੱਬ ਸਬੱਬੀ ਬਚ ਗਿਆ। ਡੂੰਕਨੋਂ ਔਂਦੇ ਸੀ ਵਿਕਟੋਰੀਆ ਨੂੰ ਮੈਂ ਤੇ ਕੈਲੋ। ਪੀਤੀ ਦੋਹਾਂ ਦੀ ਚੰਗੀ ਸੀ। ਕੈਲੋ ਦਾ ਤਾਂ ਤੈਨੂੰ ਪਤਾ ਈ ਐ ਜਦੋਂ ਸਾਲਾ ਪੀਣ ਬਹਿ ਜੇ ਫੇਰ ਤਾਂ ਖਾਲੀ ਬੋਤਲਾਂ ਗਿਣਨੀਆਂ ਔਖੀਆਂ ਹੋ ਜਾਂਦੀਐਂ। ਕਾਰ ਵੀ ਓਹੀ ਚਲੌਂਦਾ ਸੀ। ਜਦੋਂ ਮਾਲਾਹਾਟ ਦੇ ਮੋੜ ਤੇ ਆਏ ਤਾਂ ਗੱਡੀ ਸਿੱਧੀ ਪਹਾੜੀ 'ਚ ਜਾ ਮਾਰੀ ਕੰਜਰ ਦੇ ਨੇ। ਕਹਿੰਦਾ 'ੜਾ ਦੂੰ ਪਰਚਾਂਡੇ, ਪਹਾੜ ਕੀ ਚੀਜ਼ ਐ ਜੱਟ ਦੇ ਸਾਹਮਣੇ। ਏਦੀ ਮਾਂ ...। ਮੈਂ ਤਾਂ ਕਿਹਾ ਲੈ ਬਈ ਪੈ ਗੀ ਬੱਲ੍ਹੋ ਆਪਣੇ ਆਲੀ ਅੱਜ ਤਾਂ। ਪਰ ਕਿਸਮਤ ਚੰਗੀ ਸੀ ਬਚਗੇ ਗੱਡੀ ਦਾ ਬਚਿਆ ਕੱਖ ਨੀ।"

ਹਰਨਾਮ ਦੇ ਮਕਾਨ ਤੇ ਪਹੁੰਚ ਕੇ ਉਹ ਝੱਟ ਕੁ ਲਈ ਕਿਚਨ ਵਿਚ ਬੈਠ ਗਏ। ਹਰਨਾਮ ਨੇ ਦੂਜੀ ਬੋਤਲ ਚੋਂ ਇਕ ਇਕ ਪੈੱਗ ਪਾ ਲਿਆ। ਗੁਰਮੀਤ ਨੇ ਗੱਲ ਫੇਰ ਤੋਰ ਲਈ "ਤੂੰ ਕਲੈ ਗ਼ ਕਹਿਨੈਂ ਗੱਲ ਕਰ ਤੂੰ ਦਿਆਲੇ ਕਾਣੇ ਦੀ। ਚੰਗਾ ਭਲਾ ਕੰਮ ਕਰਦਾ ਸੀ ਫੇਰੇ ਦੇਣਾ — ਘਰ ਵੀ ਕੋਲੋ ਸੀ। ਬੱਸ ਪੀਂਦਾ ਪੀਂਦਾ ਐਸੀ ਪੀਣ ਲੱਗਿਆ ਤੂੰ ਸਮਝ ਲਾ ਰਕਾਟ ਤੋੜ ਤੇ ਅਗਲੇ ਪਿਛਲੇ — ਤਿੰਨ ਤਿੰਨ ਵੀਕਾਂ ਰੱਜ ਕੇ ਪਿਆ ਰਿਆ ਕਰੇ ਜਦੋਂ ਸੁਰਤ ਆਵੇ ਸਰਾਣ੍ਹਿਓਂ ਚੱਕ ਕੇ ਫੇਰ ਪੀ ਲਵੇ — ਬੱਸ ਫੇਰ ਤੀਵੀਂ ਤੇ ਜੁਆਕ ਕਿਧਰੇ ਤੇ ਆਪ ਕਿਧਰੇ। ਹੁਣ ਤਾਂ ਕਹਿੰਦੇ ਦੋਂਹ ਚੌਂਹ ਵੀਕਾਂ ਪਿਛੋਂ ਪੁਲਸ ਆਲੇ ਚੱਕ ਕੇ ਲੈ ਜਾਂਦੇ ਐ ਕਿਤੇ ਨ ਕਿਤੇ ਲੀਕਰ ਸਟੋਰ ਕੋਲ ਡਿੱਗੇ ਪਏ ਨੂੰ। ਜਦੋਂ ਸੁਰਤ ਔਂਦੀ ਐ ਉਹਨੂੰ ਖੁਆ ਪਿਆ ਕੇ ਫੇਰ ਬਾਹਰ ਛੱਡ ਜਾਂਦੇ ਐ। ਬੱਸ ਐਂ ਈ ਮਰ ਜੂ ਕਿਸੇ ਦਿਨ ਭੈਣ ਦੇਣਾ ਢੀਂਗਰ ਦਿਆ ਕਿਤੇ ਪਿਆ ਪਿਆ।

"ਕੋਈ ਬੰਦਿਆਂ ਆਲੀ ਜੂਨ ਤਾਂ ਨੀ ਏਹ ਫਿਰ" ਹਰਨਾਮ ਨੇ ਕਿਹਾ।

"ਬੰਦਿਆਂ ਆਲੀ ਜੂਨ ਏਹਨੂੰ ਕੇਹੜਾ ਕੰਜਰ ਕਹਿੰਦੈ" ਗੁਰਮੀਤ ਨੇ ਹਾਂ 'ਚ ਹਾਂ ਮਿਲਾਈ। ਦੂਜੀ ਬੋਤਲ ਵੀ ਅੱਧ ਤੋਂ ਥੱਲੇ ਜਾ ਚੁੱਕੀ ਸੀ। ਉਹ ਗਲਾਸ ਖਾਲੀ ਕਰਕੇ ਉਠੇ ਤੇ ਮਰੇ ਗਿੰਦਰ ਕੋਲ ਆ ਗਏ। ਹੁਣ ਓਹ ਓਹਦੀ ਮੌਤ ਬਾਰੇ ਫੋਨ ਕਰਨ ਦੀਆਂ ਸਕੀਮਾਂ ਸੋਚਣ ਲਗ ਪਏ।

ਉਪਰੋਕਤ ਘਟਨਾਵਾਂ ਬਹੁਤੇ ਦੋਸਤਾਂ ਨੂੰ ਸ਼ਾਇਦ ਕਲਪਤ ਲੱਗਣਗੀਆਂ — ਦੁਖ ਦੀ ਗੱਲ ਇਹ ਹੈ ਕਿ ਏਹਨਾ ਵਿਚਲੇ ਪਾਤਰਾਂ ਦੇ ਨਾਂ ਹੀ ਕਲਪਤ ਹਨ ਘਟਨਾਵਾਂ ਨਹੀਂ। ਸਾਡੇ ਕਿੰਨੇ ਹੀ ਲੋਕ ਸ਼ਰਾਬ ਪੀ ਪੀ ਕੇ ਮਰ ਗਏ ਹਨ ਤੇ ਮਰ ਰਹੇ ਹਨ। ਇਹੋ ਜਿਹੀ ਮੌਤ ਤੇ ਬੰਦਾ ਕੀ ਕਰੇ — ਹਮਦਰਦੀ ਕਰੇ ਕਿ ਗੁੱਸੇ ਹੋਵੇ ਕਿ ਇਸ ਤੋਂ ਬੇਲਾਗ ਈ ਹੋ ਰਹੇ। ਪਰ ਆਖਰਕਾਰ ਤਾਂ ਬੰਦੇ ਮਰ ਰਹੇ ਹਨ — ਸਾਡੇ ਆਪਣੇ ਲੋਕ ਜੋ ਸ਼ਾਇਦ ਕਦੀ ਚੰਗੇ ਭਲੇ ਇਨਸਾਨ ਸਨ — ਸ਼ਾਇਦ ਚੰਗੇ ਇਨਸਾਨ ਬਣ ਸਕਦੇ ਸਨ।

ਦੁਨੀਆਂ ਦੇ ਸਾਰੇ ਦੇਸ਼ਾਂ, ਸਾਰੀਆਂ ਕੌਮਾਂ ਦੇ ਲੋਕ ਪੀਂਦੇ ਹਨ — ਫਰਕ ਸਿਰਫ ਪੀਣ ਪੀਣ ਵਿਚ ਹੈ — ਦੋਸਤਾਂ ਮਿੱਤਰਾਂ 'ਚ ਬੈਠ ਕੇ ਦੋ ਚਾਰ ਦਰਾਮ ਲਾ ਲੈਣੇ, ਹੱਸ ਖੇਡ ਲੈਣਾ, ਘੜੀ ਪਲ ਸੋਚਾਂ ਚਿੰਤਾਵਾਂ ਤੋਂ ਮੁਕਤ ਹੋ ਲੈਣਾਂ — ਇਹਦੇ ਵਿਚ ਕੀ ਬੁਰਾ ਹੋ ਸਕਦਾ ਹੈ ?

ਪੀਣ ਨਾਲ ਪੁੰਨ ਪਾਪ ਦਾ ਕੋਈ ਸਬੰਧ ਨਹੀਂ ਨਾ ਹੀ ਕੋਈ ਆਚਰਣਕ ਬੁਰਾਈ ਹੀ ਹੈ ਪਰ ਚੌਵੀ ਘੰਟੇ ਨਸ਼ੇ ਨਾਲ ਨੀਮ ਪਾਗਲ ਹੋਏ ਰਹਿਣਾ ਪੀਣ ਵਿਚ ਸ਼ਾਮਲ ਨਹੀਂ — ਸਹਿਜੇ ਸਹਿਜੇ ਖੁਦਕਸ਼ੀ ਵੱਲ ਵਧ ਰਹੇ ਕਦਮੇ ਹਨ।


ਫ਼ਿਲਮ-ਲੋਰ

ਅਤਿਵਾਦੀਆਂ ਤੇ ਬਣੀ ਫਿਲਮ ਦਹਿਲੀਜ਼

ਫਿਲਮ ਇੰਡਸਟਰੀ ਵਿਚ 37 ਵਰ੍ਹੇ ਦਾ ਸਮਾਂ ਗੁਜ਼ਰ ਜਾਣ ਦੇ ਬਾਵਜੂਦ ਬੀ ਆਰ ਚੋਪੜਾ ਅਜੇ ਪੁਰਾਣਾ ਜਾਂ ਬੇਹਾ ਨਹੀਂ ਹੋਇਆ। ਉਸ ਦੇ ਨਾਲ ਦੇ ਫਿਲਮਸਾਜ਼ ਆਨੰਦ ਸਾਗਰ, ਨਾਸਿਰ ਹੁਸਨ ਅਤੇ ਸ਼ਕਤੀ ਸਾਮੰਤ ਕਦੋਂ ਦੇ ਪੁਰਾਣੇ ਹੋ ਚੁਕੇ ਹਨ। ਘੱਟੋ ਘੱਟ ਹੁਣ ਉਹ ਹਿੱਟ ਫਿਲਮਾਂ ਦਾ ਨਿਰਮਾਣ ਨਹੀਂ ਕਰ ਰਹੇ। ਅਸਲ ਵਿਚ ਇਨਾਂ ਪੁਰਾਣੇ ਹੋ ਚੁਕੇ ਫਿਲਮਸਾਜ਼ਾਂ ਦੀ ਤੁਲਣਾ ਵਿਚ ਬੀ. ਆਰ. ਚੋਪੜਾ ਸਦਾ ਪਰਿਵਰਤਨਸ਼ੀਲ ਰਿਹਾ ਹੈ। ਹਰ ਵਾਰ ਉਸ ਨੇ ਆਪਣੀ ਫਿਲਮ ਦੇ ਨਿਰਮਾਣ ਲਈ ਬਿਲਕੁਲ ਅਛੂਤਾ ਅਤੇ ਤਤਕਾਲੀ ਵਿਸ਼ਾ ਚੁਣਿਆ ਹੈ।

'ਦਹਿਲੀਜ਼' ਫਿਲਮ ਦਾ ਵਿਸ਼ਾ ਉਸ ਨੇ ਆਤੰਕਵਾਦੀਆਂ ਦੀਆਂ ਕਾਰਵਾਈਆਂ ਤੋਂ ਪ੍ਰਭਾਵਿਤ ਹੋ ਕੇ ਚੁਣਿਆ ਹੈ। ਇਕ ਚਰਚਾ ਅਨੁਸਾਰ ਬੀ. ਆਰ. ਚੋਪੜਾ ਨੂੰ ਇਕ ਸੀ. ਆਈ. ਡੀ. ਦੇ ਆਦਮੀ ਨੇ ਗੁਆਂਢੀ ਦੇਸ਼ ਵਿਚ ਲੱਗੇ ਹੋਏ ਇਕ ਆਤੰਕਵਾਦੀ ਸਿਖਲਾਈ ਸਕੂਲ ਦੀ ਸਕੀਮ ਦੀ ਕਾਪੀ ਦਿਤੀ। ਇਸ ਕਾਪੀ ਦੇ ਆਧਾਰ ਤੇ ਉਸ ਨੇ ਆਪਣੀ ਇਸ ਨਵੀਂ ਫਿਲਮ ਦੀ ਪਟਕਥਾ ਤਿਆਰ ਕੀਤੀ ਹੈ। ਫਿਲਮ ਦਾ ਨਿਰਦੇਸ਼ਨ ਉਸ ਦਾ ਬੇਟਾ ਰਵੀ ਚੋਪੜਾ ਕਰ ਰਿਹਾ ਹੈ।

ਇਸ ਫਿਲਮ ਦੀ ਕਹਾਣੀ ਕਾਲਜ ਸਮੇਂ ਦੇ ਦੋ ਦਸਤਾਂ ਜੈਕੀ ਸ਼ਰਾਫ ਅਤੇ ਦਲੀਪ ਤਾਹਿਲ ਦੇ ਆਲੇ ਦੁਆਲੇ ਘੁੰਮਦੀ ਹੈ। ਉਨ੍ਹਾਂ ਦੀ ਇਕ ਜਮਾਤਣ ਮੀਨਾਕਸ਼ੀ ਸ਼ੇਸ਼ਾਧਾਰੀ ਜੈਕੀ ਸ਼ਰਾਫ ਨੂੰ ਪਿਆਰ ਕਰਦੀ ਹੈ। ਦਲੀਪ ਤਾਹਿਲ ਵੀ



ਫ਼ਿਲਮ 'ਦਹਿਲੀਜ਼' ਦੇ ਇਕ ਦ੍ਰਿਸ਼ 'ਚ ਰਾਜ ਬੱਬਰ ਤੇ ਮੀਨਾਕਸ਼ੀ ਸ਼ੇਸ਼ਾਧਰੀ

ਉਸ ਨੂੰ ਪਸੰਦ ਕਰਦਾ ਹੈ ਅਤੇ ਆਪਣੇ ਵਲ ਆਕ੍ਰਸ਼ਿਤ ਕਰਨ ਦੀ ਕੋਸ਼ਿਸ਼ ਕਰਦਾ ਹੈ ਪਰ ਉਹ ਆਪਣੇ ਇਰਾਦਿਆਂ ਵਿਚ ਸਫਲ ਨਹੀਂ ਹੁੰਦਾ। ਬਹੁਤ ਵਰ੍ਹੇ ਬਾਂਅਦ ਕਾਲਜ ਦੇ ਜ਼ਮਾਨੇ ਗੁਜ਼ਰਨ ਪਿਛੋਂ ਜੈਕੀ ਵਾਯੂ ਸੈਨਾ ਵਿਚ ਚਲਾ ਜਾਂਦਾ ਹੈ। ਮੀਨਾਕਸ਼ੀ ਦਾ ਵਿਆਹ ਇਕ ਕਰਨਲ ਰਾਜ ਬੱਬਰ ਨਾਲ ਹੋ ਜਾਂਦਾ ਹੈ

ਇਸ ਸਮੇਂ ਤੱਕ ਦੇਸ਼ ਵਿਚ ਅਰਾਜਕਤਾ ਫੈਲ ਜਾਂਦੀ ਹੈ। ਰਾਜਸੀ ਨੇਤਾਵਾਂ ਦੇ ਕਤਲ ਹੋਣ ਲਗਦੇ ਹਨ ਅਤੇ ਮਾਸੂਮ ਸ਼ਹਿਰੀਆਂ ਦੀ ਦਿਨ ਦਿਹਾੜੇ ਹੱਤਿਆ ਹੋਣ ਲਗਦੀ ਹੈ। ਇਹ ਸਭ ਇਕ ਦੁਸ਼ਮਣ ਦੇਸ਼ ਦੀ ਸਾਜ਼ਿਸ਼ ਹੁੰਦੀ ਹੈ। ਭਾਵੇਂ ਇਹ ਦੁਸ਼ਮਣ ਦੇਸ਼ ਆਪਣੇ ਘਿਨੌਣੇ ਇਰਾਦਿਆਂ ਵਿਚ ਪੂਰੀ ਤਰ੍ਹਾਂ ਸਫਲ ਤਾਂ ਨਹੀਂ ਹੁੰਦਾ ਪਰ ਤਾਂ ਵੀ ਦੇਸ਼ ਵਿਚ ਇਕ ਆਤੰਕ ਦੀ ਲਹਿਰ ਜ਼ਰੂਰ ਫੈਲ ਜਾਂਦੀ ਹੈ। ਸਰਕਾਰ ਨੂੰ ਗੁਆਂਢੀ ਦੁਸ਼ਮਣ ਦੇਸ਼ ਵਿਚ ਹੋ ਰਹੀਆਂ ਆਤਕੰਵਾਦੀਆਂ ਦੀਆਂ ਕਾਰਵਾਈਆਂ ਦਾ ਪਤਾ ਚਲ ਜਾਂਦਾ ਹੈ। ਦਸ ਸੈਨਾਨੀਆਂ ਦਾ ਇਕ ਕਮਾਂਡੋ ਯੂਨਿਟ ਗੁਆਂਢੀ ਦੇਸ਼ ਵਿਚ ਲੱਗੇ ਹੋਏ ਕੈਂਪ ਨੂੰ ਤਹਿਸ ਨਹਿਸ ਕਰਨ ਲਈ ਭੇਜਿਆ ਜਾਂਦਾ ਹੈ। ਇਸ ਯੂਨਿਟ ਵਿਚ ਰਾਜ ਬੱਬਰ ਅਤੇ ਜੈਕੀ ਸ਼ਰਾਫ ਵੀ ਚੁਣ ਲਏ ਜਾਂਦੇ ਹਨ। ਇਸ ਚੋਣ ਕਾਰਨ ਇਹ ਦੋਵੇਂ ਵਿਅਕਤੀ, ਰਾਜ ਬੱਬਰ ਅਤੇ ਜੈਕੀ ਸ਼[illegible] ਇਕ ਦੂਜੇ ਦੇ ਨੇੜੇ ਆ ਜਾਂਦੇ ਹਨ। ਇਸੇ ਨੇੜਤਾ ਕਾਰਣ ਜੈਕੀ ਅਤੇ ਮੀਨ[illegible]ਸ਼ੀ ਵੀ ਇਕ ਦੂਜੇ ਨੂੰ ਮਿਲਦੇ ਹਨ। ਪੁਰਾਣੀਆਂ ਯਾਦਾਂ ਤਾਜ਼ਾ ਹੋ ਜਾਂਦੀਆਂ ਹਨ। ਉਨ੍ਹਾਂ ਨੂੰ ਇਹ ਅਹਿਸਾਸ ਹੋ ਜਾਂਦਾ ਹੈ ਕਿ ਉਹ ਦੋਵੇਂ ਅਜੇ ਵੀ ਇਕ ਦੂਜੇ ਨੂੰ ਪਿਆਰ ਕਰਦੇ ਹਨ। ਇਸ ਤਰ੍ਹਾਂ ਇਸ ਫਿਲਮ ਵਿਚ ਇਹ ਪ੍ਰਸੰਗ ਜੋੜ ਕੇ ਬੀ. ਆਰ. ਚੋਪੜਾ ਨੇ ਆਪਣੀ ਇਸ ਫਿਲਮ ਦੇ ਦੋ ਧਰਾਤਲ ਬਣਾ ਦਿਤੇ ਹਨ। ਪਹਿਲਾ ਧਰਾਤਲ ਦੇਸ਼ ਦੀ ਦਹਿਲੀਜ਼ ਉਪਰ ਹੋ ਰਹੀਆਂ ਆਤੰਕਵਾਦੀਆਂ ਦੀਆਂ ਕਾਰਵਾਈਆਂ ਨਾਲ ਜੁੜਿਆ ਹੋਇਆ ਹੈ ਅਤੇ ਦੂਜਾ ਧਰਾਤਲ ਇਕ ਘਰ-ਪਰਿਵਾਰ ਦੀ ਦਹਿਲੀਜ਼ ਤੇ ਖੜੇ ਇਕ ਭਿਆਨਕ ਤੂਫਾਨ ਦੀ ਸੂਚਨਾ ਦਿੰਦਾ ਹੈ।

ਪਰ ਫਿਲਮ ਦੇ ਅੰਤ ਵਿਚ ਇਹ ਦੋਵੇਂ ਤੂਫਾਨ ਸ਼ਾਂਤ ਹੋ ਜਾਂਦੇ ਹਨ। ਕਮਾਂਡੋ ਯੂਨਿਟ ਆਤੰਕਵਾਦੀਆਂ ਦੇ ਕੈਂਪ ਨੂੰ ਨਸ਼ਟ ਕਰ ਦਿੰਦਾ ਹੈ ਅਤੇ ਮੀਨਾਕਸ਼ੀ ਸ਼ੇਸ਼ਾਧਾਰੀ ਦਾ ਘਰ ਪਰਿਵਾਰ ਵੀ ਸਲਾਮਤ ਰਹਿੰਦਾ ਹੈ। ਇਸ ਤਰ੍ਹਾ ਬੀ ਆਰ ਚੋਪੜਾ ਦੀਆਂ ਹੋਰ ਫਿਲਮਾਂ ਵਾਂਗ ਇਹ ਫਿਲਮ ਵੀ 'ਇਨਸਾਫ ਕਾ ਤਰਾਜੂ' 'ਨਿਕਾਹ' ਅਤੇ 'ਆਜ ਕੀ ਆਵਾਜ਼' ਵਾਂਗ ਦਹਿਲੀਜ਼ ਵੀ ਬਾਕਸ ਆਫਿਸ ਤੇ ਸਫਲ ਸਿੱਧ ਹੋਵੇਗੀ।

ਪ੍ਰੋ: ਰਾਜਬੀਰ ਕੌਰ



ਅਨਿਲ ਕਪੂਰ, ਨਸੀਰੂਦੀਨ ਸ਼ਾਹ, ਜੈਕੀ ਸ਼ਰੋਫ ਤੇ ਦਲੀਪ ਕੁਮਾਰ

'ਬਾਈ ਤੁਸੀਂ ਭਾਵੇਂ ਲੱਖ ਆਖੋ ਕਿ ਨਸੀਰ ਸ਼ਰਾਬੀ ਹੋ ਕੇ ਗੱਲਾਂ ਮਾਰਦੈ, ਪਰ ਹੈ ਇਹ ਗੱਲ ਸੋਲਆਨੇ ਸੱਚੀ ਕਿ ਆਵਦੇ ਜਾਮੇ 'ਚ ਤੁਸੀਂ ਲੱਖ 'ਸੁਪਰ ਸਟਾਰ' ਬਣੇ ਫਿਰੋ ਤੇ ਟੋਪੀਆਂ ਨਾਲ ਕੱਦ ਉਚੇ ਕਰੋ ਪਰ ਬਾਬੇ ਦਲੀਪ ਕੋਲ ਖੜਕੇ ਤਾਂ ਬੌਣੇ ਹੀ ਲੱਗੋਂਗੇ।'


'ਜਾ ਵੇ ਪਰ੍ਹਾਂ ਦਿਲ ਦਿਆਂ ਥੋੜਿਆ, ਐਨੀ ਕੁ ਗੱਲ ਤੋਂ ਈ ਉਠ ਕੇ ਤੁਰ ਚੱਲਿਐਂ। ਤੂੰ ਐਵੇਂ ਉਦਾਸ ਨਾ ਹੋ। ਹੁਣ ਤਾਂ ਮੈਂ ਵੀ ਚਾਹੁੰਦੀ ਸਾਂ ਕੋਈ ਲਵਾ ਜਾ ਹਾਣੀ ਮਿਲਜੇ ਤੇ ਉਸ ਨਾਲ ਹੀ ਲਾਵਾਂ ਵੀ ਪੜ੍ਹਾ ਲਾਂ, ਵਾਹਵਾ ਤੂੰ....



ਫ਼ਿਲਮ 'ਬੇਟੀ ਹਿੰਦੋਸਤਾਨ ਕੀ' ਦੇ ਕੁਝ ਦ੍ਰਿਸ਼ਾਂ ਵਿਚ ਪੂਨਮ ਢਿਲੋਂ ਤੇ ਸੁਮੀਤ ਸਹਿਗਲ

BOMBAY SWEETS

MANUFACTURER INC.



NARESH SHUKLA

PH. (604) 321-1414 or 874-5722

CONTACT: NARESH SHUKLA & BROS.

ਹਰ ਸਾਲ ਦੀ ਤਰ੍ਹਾਂ ਬੰਬੇ ਸਵੀਟਸ ਤੇ ਇਸ ਸਾਲ ਵੀ ਰੱਖੜੀ ਦੇ
ਤਿਉਹਾਰ ਤੇ ਮਠਿਆਈ ਦਾ ਬਾਜ਼ਾਰ ਸਜੇਗਾ

ਰੱਖੜੀ 19 ਅਗਸਤ 1986 ਨੂੰ ਹੈ

ਰੱਖੜੀ ਵਾਸਤੇ ਧੜਾ ਧੜ ਮਠਿਆਈਆਂ ਬਣ ਰਹੀਆਂ ਹਨ!
ਰੱਖੜੀ ਦੇ ਤਿਉਹਾਰ ਤੇ ਫੈਣੀਆਂ ਤੇ ਅਮਰਤੀਆਂ ਦਾ ਖਾਸ ਪ੍ਰਬੰਧ ਕੀਤਾ
ਹੈ, ਇਸ ਵਾਰੀ ਬੰਬੇ ਸਵੀਟਸ ਤੇ ਆਪਣੀਆਂ ਮਨਪਸੰਦ ਮਠਿਆਈਆਂ
ਲਈ ਜ਼ਰੂਰ ਗੇੜਾ ਮਾਰਨਾ

BOMBAY SWEETS MFG. INC.
NARESH SHUKLA & BROS.

ਮਠਿਆਈਆਂ ਦੀ ਸਭ ਤੋਂ ਵੱਡੀ ਦੁਕਾਨ

$2.50 ਪੌਂਡ ਵਾਲੇ
ਲੱਡੂ
$1.75 LB.

ਦੁਕਾਨ 9 ਵਜੇ ਸਵੇਰ ਤੋਂ
ਸ਼ਾਮ ਦੇ 9 ਵਜੇ ਤੱਕ
ਖੁਲ੍ਹੀ ਰਹਿੰਦੀ ਹੈ

$2.50 ਪੌਂਡ ਵਾਲੀਆਂ
ਜਲੇਬੀਆਂ
$1.49 LB.

6556-6560 MAIN STREET, VANCOUVER, B.C.
(BETWEEN 49th. & 50th. AVE.)


ਬੰਬੇ ਸਵੀਟਸ ਹਫ਼ਤੇ ਦੇ ਸੱਤੇ ਦਿਨ ਖੁਲ੍ਹਾ


NARESH SHUKLA and BROS CANADA INC.

HEAD OFFICE:
6556 MAIN ST., VANCOUVER
PH. 321-1414

MAILING ADDRESS
P.O. BOX 24401 STN. 'C'
VANCOUVER, B.C. V5T 4M5

ਦੁਕਾਨਦਾਰ ਵੀਰ ਹੋਲਸੇਲ ਤੇ ਸਮਾਨ ਲੈਣ ਲਈ
ਨਰੇਸ਼ ਸ਼ੁਕਲਾ ਐਂਡ ਬ੍ਰਦਰਜ਼ ਨੂੰ ਫੋਨ ਕਰਨ ਜਾਂ ਆਪ ਆ ਕੇ ਮਿਲਣ










BLUELABEL APPLE JUICE 1 LITRE





ਤੁਸੀਂ ਰੱਖੜੀ ਦੇ ਤਿਉਹਾਰ ਤੇ ਸਪੈਸ਼ਲ ਹੇਠ ਲਿਖੀਆਂ ਥਾਵਾਂ ਤੋਂ ਖਰੀਦ ਸਕਦੇ ਹੋ

ALL INDIA FOODS
6634 MAIN STREET, VANCOUVER, B.C.
PHONE (604) 324-1686

KHALSA MAIN FOOD
6635 MAIN STREET, VANCOUVER, B.C.
PH. (604) 324-2195

SINGH FOODS
6684 MAIN STREET, VANCOUVER, B.C.
PH. (604) 327-4911

TOOR SPICES & FOODS
6669 FRASER STREET, VANCOUVER, B.C.
PH. (604) 324-3432

PREMDIP FOODS
6594 MAIN STREET, VANCOUVER, B.C.
PH. (604) 321-0662

WALIA GROCERY
5105 VICTORIA DR., VANCOUVER, B.C.
PH. (604) 321-7262

MANGAT BROTHERS
13474, 104th. AVE. SURREY. B.C.
PH. (604) 584-8821